Listing and Selling Homes
From San Jose to Sacramento

JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



Covered California | Certified Insurance Agent
Global Green Insurance Agency



ਹੈਲਥ ਇੰਸ਼ੋਰੈਂਸ ਕਰਵਾਉਣ ਲਈ
ਸੰਪਰਕ ਕਰੋ
ਫੋਨ:510-487-1000
MANN@GGIABA.COM



Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
I can help you every step of the way.
No Pressure, No Obligation.



DRE#02021283
Fluent in Punjabi and Hindi.



Twentieth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 20, Issue 15, April 13, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਬਾਦਲਾਂ ਖਿਲਾਫ ਸ਼ਿਕੰਜਾ ਫਿਰ ਢਿੱਲਾ ਪਿਆ

## ਜਾਂਚ ਲਈ ਤਿੱਖੀ ਸਰਗਰਮੀ ਕਰ ਰਹੇ ਪੁਲਿਸ ਅਫਸਰ ਦਾ ਤਬਾਦਲਾ

**ਚੰਡੀਗੜ੍ਹ:** ਕੈਪਟਨ ਸਰਕਾਰ ਵੱਲੋਂ ਬਰਗਾੜੀ (ਫਰੀਦਕੋਟ) ਵਿਚ ਹੋਈ ਬੇਅਦਬੀ ਦੀ ਘਟਨਾ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਅਹਿਮ ਮੈਂਬਰ ਅਤੇ ਆਈ.ਪੀ.ਐਸ. ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਇਹ ਤਬਾਦਲਾ ਅਕਾਲੀ ਦਲ ਬਾਦਲ ਵੱਲੋਂ ਕੀਤੀ ਸ਼ਿਕਾਇਤ ਉਤੇ ਚੋਣ ਕਮਿਸ਼ਨ ਵੱਲੋਂ ਕੀਤਾ ਗਿਆ ਹੈ। ਚੋਣਾਂ ਤੋਂ ਪਹਿਲਾਂ ਇਹ ਤਬਾਦਲਾ ਬਾਦਲਾਂ ਲਈ ਵੱਡੀ ਰਾਹਤ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ ਸਿੱਖ ਜਥੇਬੰਦੀਆਂ ਤੇ ਵਿਰੋਧੀ ਧਿਰਾਂ ਨੇ ਇਸ ਨੂੰ ਕੈਪਟਨ ਤੇ ਬਾਦਲਾਂ ਦੀ ਮਿਲੀਭੁਗਤ ਦੱਸਿਆ ਹੈ।

ਸਿੱਖ ਜਥੇਬੰਦੀਆਂ ਨੇ ਇਸ ਅਫਸਰ ਨੂੰ ਵਾਪਸ ਲਿਆਉਣ ਲਈ ਸੰਘਰਸ਼ ਦਾ ਐਲਾਨ ਵੀ ਕਰ ਦਿੱਤਾ ਹੈ। ਦੱਸ ਦਈਏ ਕਿ ਇਹ ਉਹੀ ਅਫਸਰ ਹੈ ਜਿਸ ਨੇ 5-6 ਮਹੀਨਿਆਂ ਵਿਚ ਬੇਅਦਬੀ ਤੇ ਗੋਲੀਕਾਂਡ ਮਾਮਲੇ ਵਿਚ ਉਹ ਕੰਮ ਕਰ ਦਿਖਾਇਆ ਜੋ ਬਾਦਲ ਤੇ ਫਿਰ ਕੈਪਟਨ ਸਰਕਾਰ ਵੱਲੋਂ ਬਣਾਏ ਕਮਿਸ਼ਨ ਨਾ ਕਰ ਸਕੇ। ਇਸੇ ਅਫਸਰ ਕਾਰਨ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਅਤੇ ਆਈ.ਜੀ. ਰੈਂਕ ਦੇ ਪੁਲਿਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਜੇਲ੍ਹ ਦੀ ਹਵਾ ਖਾਣੀ ਪਈ।

ਮੰਨਿਆ ਜਾ ਰਿਹਾ ਸੀ ਕਿ ਉਮਰਾਨੰਗਲ ਤੋਂ ਬਾਅਦ ਹੁਣ ਬਾਦਲਾਂ ਨੂੰ ਸ਼ਿਕੰਜੇ ਵਿਚ ਲੈਣ ਦੀ ਤਿਆਰੀ ਸੀ ਪਰ ਇਸ ਤੋਂ ਪਹਿਲਾਂ ਹੀ ਭੱਜ-ਨੱਠ ਕਰ ਕੇ ਇਸ ਅਫਸਰ ਨੂੰ ਜਾਂਚ ਤੋਂ ਲਾਂਭੇ ਕਰ ਦਿੱਤਾ ਗਿਆ।



ਆਈ.ਪੀ.ਐਸ. ਅਫਸਰ ਕੁੰਵਰ ਵਿਜੈ ਪ੍ਰਤਾਪ ਸਿੰਘ

ਪਿਛਲੇ ਦਿਨੀਂ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ, ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਸਮੇਤ ਕੁਝ ਕੇਂਦਰੀ ਮੰਤਰੀਆਂ ਨੂੰ ਮਿਲੇ ਸਨ। ਇਨ੍ਹਾਂ ਮੁਲਾਕਾਤਾਂ ਨੂੰ ਵੀ ਇਸ ਅਧਿਕਾਰੀ ਦੀ ਬਦਲੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਚਰਚਾ ਹੈ ਕਿ ਆਈ.ਪੀ.ਐਸ. ਅਧਿਕਾਰੀ ਦੇ ਤਬਾਦਲੇ ਮਗਰੋਂ ਬੇਅਦਬੀ ਤੇ ਗੋਲੀ ਕਾਂਡ ਦੀ ਤਫਤੀਸ਼ ਲੀਹੋਂ ਲਹਿ ਜਾਣ ਦਾ ਖਦਸ਼ਾ ਹੈ ਕਿਉਂਕਿ ਸਿਟ ਦੇ ਹੋਰਨਾਂ ਮੈਂਬਰਾਂ ਵੱਲੋਂ ਸਰਗਰਮ ਭੂਮਿਕਾ ਨਿਭਾਏ ਜਾਣ ਸਬੰਧੀ ਕੋਈ ਅਹਿਮ ਗਤੀਵਿਧੀ ਨਹੀਂ ਕੀਤੀ ਗਈ। ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਵਿਚ ਕੁੰਵਰ ਵਿਜੈ ਪ੍ਰਤਾਪ ਹੀ ਸਭ ਤੋਂ ਵੱਧ ਸਰਗਰਮ ਸੀ। ਉਹ ਇਸ ਮਾਮਲੇ ਵਿਚ ਹਰਿਆਣਾ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਡੇਰਾ ਸਿਰਸਾ ਮੁਖੀ ਰਾਮ ਰਹੀਮ ਤੋਂ ਪੁੱਛਗਿੱਛ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਸਿੱਟ ਦੀ ਟੀਮ ਦੋ ਅਪਰੈਲ ਨੂੰ ਜੇਲ੍ਹ ਪਹੁੰਚੀ ਸੀ ਪਰ ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ ਪੁੱਛਗਿੱਛ ਦੀ ਇਜਾਜ਼ਤ ਨਹੀਂ ਦਿੱਤੀ ਸੀ। ਹੁਣ ਕੁੰਵਰ ਵਿਜੈ ਪ੍ਰਤਾਪ ਪੁੱਛਗਿੱਛ ਦੀ ਇਜਾਜ਼ਤ ਲਈ ਮੁੜ ਕੋਸ਼ਿਸ਼ ਕਰ ਰਿਹਾ ਸੀ।

ਸੂਤਰਾਂ ਮੁਤਾਬਕ ਰਾਮ ਰਹੀਮ ਤੋਂ ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਣਾ ਸੀ ਕਿ ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੁਆਫੀ ਦਿਵਾਉਣ ਵਿਚ ਕਿਸ ਦੀ ਭੂਮਿਕਾ ਸੀ। ਇਹ ਸੱਚ ਸਾਹਮਣੇ ਆਉਣ ਨਾਲ ਅਕਾਲੀ ਦਲ ਦੀ ਮੁਸ਼ਕਲ ਵਧ ਸਕਦੀ ਸੀ ਕਿਉਂਕਿ ਹੁਣ ਤੱਕ ਹੋਏ ਖੁਲਾਸਿਆਂ ਵਿਚ ਇਹੀ ਸਾਹਮਣੇ ਆਇਆ ਹੈ ਕਿ ਅਕਾਲੀ ਲੀਡਰਾਂ ਨੇ ਹੀ ਡੇਰਾ ਮੁਖੀ ਨੂੰ ਮੁਆਫੀ ਦਿਵਾਈ ਸੀ। ਇਸ ਬਾਰੇ ਕੁਝ ਸਾਬਕਾ ਜਥੇਦਾਰ ਵੀ ਬੋਲ ਚੁੱਕੇ ਹਨ। ਬਾਦਲ ਸਰਕਾਰ ਵੇਲੇ ਬਣੇ ਜਸਟਿਸ ਜ਼ੋਰਾ ਸਿੰਘ ਦੀ ਅਗਵਾਈ ਵਾਲੇ ਕਮਿਸ਼ਨ ਤੇ ਕੈਪਟਨ ਸਰਕਾਰ ਵੱਲੋਂ ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਬੇਅਦਬੀ ਤੇ ਗੋਲੀਕਾਂਡ ਲਈ ਬਾਦਲਾਂ ਵੱਲ ਉਂਗਲ ਚੁੱਕੀ ਸੀ। ਜਸਟਿਸ ਜ਼ੋਰਾ ਸਿੰਘ ਨੇ ਪਿਛਲੇ ਦਿਨੀਂ ਦਾਅਵਾ ਕੀਤਾ ਸੀ ਕਿ ਉਸ ਦੀ ਰਿਪੋਰਟ ਵਿਚ ਬਾਦਲਾਂ ਨੂੰ ਜੇਲ੍ਹ ਭੇਜਣ ਦੇ ਸਾਰੇ ਸਬੂਤ ਸਨ। ਉਨ੍ਹਾਂ ਨੇ ਇਥੋਂ ਤੱਕ ਆਖ ਦਿੱਤਾ ਕਿ ਜੇਕਰ ਕੈਪਟਨ ਸਰਕਾਰ ਅੱਜ ਵੀ ਉਨ੍ਹਾਂ ਵੱਲੋਂ ਪੇਸ਼ ਕੀਤੀ ਰਿਪੋਰਟ ਲਾਗੂ ਕਰ ਦਿੰਦੀ ਹੈ ਤਾਂ ਦੋਵਾਂ ਬਾਦਲਾਂ ਨੂੰ ਜੇਲ੍ਹ ਜਾਣ ਤੋਂ ਕੋਈ ਨਹੀਂ ਬਚਾ ਸਕਦਾ ਹੈ। ਇਹੀ ਦਾਅਵਾ ਕੈਪਟਨ ਸਰਕਾਰ ਵੱਲੋਂ ਬਣਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਕੀਤਾ ਸੀ, ਪਰ ਕੈਪਟਨ ਸਰਕਾਰ ਨੇ ਇਸ ਕਮਿਸ਼ਨ

(ਬਾਕੀ ਸਫਾ 6 ਉਤੇ)

## ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣੇਗਾ ਰੇਲਵੇ ਸਟੇਸ਼ਨ

**ਇਸਲਾਮਾਬਾਦ:** ਪਾਕਿਸਤਾਨ ਦੀ ਕੈਬਨਿਟ ਨੇ ਪੰਜਾਬ ਵਿਚ ਸਿੱਖਾਂ ਦੇ ਪਵਿੱਤਰ ਸ਼ਹਿਰ ਨਨਕਾਣਾ ਸਾਹਿਬ ਵਿਚ ਰੇਲਵੇ ਸਟੇਸ਼ਨ ਬਣਾਉਣ ਲਈ ਮਨਜ਼ੂਰੀ ਦੇ ਦਿੱਤੀ ਹੈ। ਕੈਬਨਿਟ ਨੇ ਸਟੇਸ਼ਨ ਦਾ ਨਾਂ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਰੱਖਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਨਨਕਾਣਾ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਜਨਮ ਸਥਾਨ ਹੈ। ਇਸ ਸ਼ਹਿਰ ਦੀ ਇਤਿਹਾਸਕ ਅਤੇ ਧਾਰਮਿਕ ਅਹਿਮੀਅਤ ਹੈ।

ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੈਬਨਿਟ

(ਬਾਕੀ ਸਫਾ 6 ਉਤੇ)

## ਮੁੜ ਸੱਤਾ ਪ੍ਰਾਪਤੀ ਲਈ ਭਾਜਪਾ ਨੇ ਚੁੱਕੇ ਹਿੰਦੂਤਵੀ ਹਥਿਆਰ


**ਨਵੀਂ ਦਿੱਲੀ:** ਭਾਜਪਾ ਨੇ ਮੁੜ ਸੱਤਾ ਵਿਚ ਆਉਣ ਲਈ ਹਿੰਦੂਤਵੀ ਅਤੇ ਰਾਸ਼ਟਰਵਾਦ ਦੇ ਏਜੰਡੇ ਨੂੰ ਅੱਗੇ ਕੀਤਾ ਹੈ। ਇਸ ਭਗਵਾ ਧਿਰ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਵਿਕਾਸ ਤੇ ਹੋਰ ਲੋਕ ਮੁੱਦਿਆਂ ਦੀ ਥਾਂ ਰਾਮ ਮੰਦਰ ਦੀ ਉਸਾਰੀ, ਰਾਸ਼ਟਰਵਾਦ ਦੀ ਭਾਵਨਾ ਤਹਿਤ ਕੌਮੀ ਸੁਰੱਖਿਆ ਨੂੰ ਮਜ਼ਬੂਤ ਕਰਨ, ਜੰਮੂ ਕਸ਼ਮੀਰ ਨੂੰ ਸੰਵਿਧਾਨ ਦੀ ਧਾਰਾ 370 ਤਹਿਤ ਮਿਲੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨ, ਸੰਵਿਧਾਨ ਦੀ ਧਾਰਾ 35 ਏ ਨੂੰ ਮਨਸੂਖ ਕਰਨ ਤੇ ਨਾਗਰਿਕਾਂ ਬਾਰੇ ਕੌਮੀ ਰਜਿਸਟਰ (ਐਨ.ਆਰ.ਸੀ.) ਨੂੰ ਪੜਾਅਵਾਰ ਪੂਰੇ ਮੁਲਕ ਵਿਚ ਲਾਗੂ ਕਰਨ ਦੇ ਵਾਅਦੇ ਕੀਤੇ ਹਨ।

ਇਹ ਉਹੀ ਮੁੱਦੇ ਹਨ ਜਿਨ੍ਹਾਂ ਰਾਹੀਂ ਮੋਦੀ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿਚ ਰਾਸ਼ਟਰਵਾਦ ਦੀ ਭਾਵਨਾ ਨੂੰ ਉਭਾਰਿਆ ਹੈ। ਹੁਣ ਇਨ੍ਹਾਂ ਮੁੱਦਿਆਂ ਨੂੰ ਹੋਰ ਅੱਗੇ ਲੈ ਕੇ ਜਾਣ ਦਾ ਭਰੋਸਾ ਦਿੰਦਿਆਂ ਭਾਜਪਾ ਨੇ ਇਕ ਹੋਰ ਮੌਕਾ ਮੰਗਿਆ ਹੈ। ਦਿਲਚਸਪ ਗੱਲ ਹੈ ਕਿ ਭਾਜਪਾ ਨੇ ਇਸ ਵਾਰ ਭ੍ਰਿਸ਼ਟਾਚਾਰ, ਮਹਿੰਗਾਈ ਤੇ ਰੁਜ਼ਗਾਰ ਦੇ ਮੁੱਦਿਆਂ 'ਤੇ ਕੋਈ ਬਹੁਤਾ ਜ਼ੋਰ ਨਹੀਂ ਦਿੱਤਾ। ਇਹ ਉਹੀ ਮੁੱਦੇ ਹਨ ਜਿਨ੍ਹਾਂ ਦੇ ਸਹਾਰੇ ਭਾਜਪਾ ਨੇ 2014 ਵਿਚ ਸੱਤਾ ਹਾਸਲ ਕੀਤੀ ਸੀ। ਦੂਜੇ ਪਾਸੇ ਨੈਸ਼ਨਲ ਕਾਨਫਰੰਸ ਦੇ ਮੁਖੀ ਫਾਰੂਕ ਅਬਦੁੱਲਾ ਨੇ ਕਿਹਾ ਕਿ ਸੰਵਿਧਾਨ ਦੀਆਂ ਧਾਰਾਵਾਂ (370 ਤੇ 35 ਏ) ਨਾਲ ਕਿਸੇ ਤਰ੍ਹਾਂ ਦੀ ਛੇੜਛਾੜ ਜੰਮੂ ਕਸ਼ਮੀਰ ਦੇ ਲੋਕਾਂ ਲਈ 'ਆਜ਼ਾਦੀ' ਦਾ ਰਾਹ ਪੱਧਰਾ ਕਰੇਗੀ। ਉਨ੍ਹਾਂ ਕਿਹਾ ਕਿ ਭਾਜਪਾ ਦਿਲਾਂ ਨੂੰ ਤੋੜਨ ਦੀ ਥਾਂ ਜੋੜਨ ਦੀ ਕੋਸ਼ਿਸ਼ ਕਰੇ।

## ਪਾਠਕਾਂ ਨੂੰ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀ ਲੱਖ ਲੱਖ ਵਧਾਈ


Ad Space Available
Please Call
Ph: 847-359-0746

Raja Sweets & Catering
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
Services Include
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜੇ (ਕੈਲੀਫੋਰਨੀਆ)

3636 Gurdwara Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org or facebook "San Jose Gurdwara"

# ਖਾਲਸਾ ਸਾਜਨਾ ਦਿਵਸ (ਵਿਸਾਖੀ) ਸਮਾਗਮ



## 14 ਅਪਰੈਲ 2019

14 ਅਪਰੈਲ, ਐਤਵਾਰ ਨੂੰ ਖਾਲਸਾ ਸਾਜਨਾ ਦਿਵਸ (ਵਿਸਾਖੀ) ਮਨਾਉਂਦਿਆਂ ਸਾਰਾ ਦਿਨ ਕੀਰਤਨ ਦਰਬਾਰ ਹੋਵੇਗਾ ਅਤੇ ਕਥਾ ਦਾ ਪ੍ਰਵਾਹ ਚੱਲੇਗਾ।

## ਕਥਾ ਵਿਆਖਿਆ ਪ੍ਰਵਾਹ

ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਲੁਧਿਆਣੇ ਵਾਲੇ **10 ਅਪਰੈਲ ਤੋਂ 21 ਅਪਰੈਲ 2019 ਤੱਕ** ਹਰ ਰੋਜ਼ ਹੇਠ ਲਿਖੇ ਸਮੇਂ ਅਨੁਸਾਰ ਕਥਾ ਕਰਨਗੇ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਹਰ ਰੋਜ਼ ਗੁਰੂ ਘਰ ਆ ਕੇ ਸਿੱਖ ਪੰਥ ਦੇ ਮਹਾਨ ਕਥਾਵਾਚਕ ਦੀ ਕਥਾ ਵਿਆਖਿਆ ਅਤੇ ਕੀਰਤਨ ਦਾ ਲਾਹਾ ਲੈ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸਵੇਰ ਵੇਲਾ:** ਸੋਮਵਾਰ ਤੋਂ ਸ਼ੁੱਕਰਵਾਰ 8:30 ਤੋਂ 9 ਵਜੇ ਤੱਕ
ਸਨਿਚਰਵਾਰ 9 ਤੋਂ 9:30 ਵਜੇ ਤੱਕ
ਐਤਵਾਰ 9 ਤੋਂ 9:30 ਅਤੇ ਦੁਪਹਿਰ 12 ਤੋਂ ਇਕ ਵਜੇ ਤੱਕ

**ਸ਼ਾਮ ਵੇਲਾ:** ਸੋਮਵਾਰ ਤੋਂ ਸਨਿਚਰਵਾਰ 7:30 ਤੋਂ 8:45 ਵਜੇ ਤੱਕ



## ਢਾਡੀ ਵਾਰਾਂ

**15 ਅਪਰੈਲ ਤੋਂ 21 ਅਪਰੈਲ ਤੱਕ**

ਢਾਡੀ ਜਥਾ ਭਾਈ ਕੁਲਵੰਤ ਸਿੰਘ ਪੰਡੋਰੀ



*ਢਾਡੀ ਜਥਾ ਭਾਈ ਕੁਲਵੰਤ ਸਿੰਘ ਪੰਡੋਰੀ*

## ਅੰਮ੍ਰਿਤ ਸੰਚਾਰ: 20 ਅਪਰੈਲ 2019

ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਅੰਮ੍ਰਿਤ ਦੀ ਦਾਤ ਲੈਣੀ ਹੈ, ਕਿਰਪਾ ਕਰਕੇ ਮੁੱਖ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ (ਫੋਨ: 408-274-9373) ਨਾਲ ਸੰਪਰਕ ਕਰੋ ਜੀ।

*ਵਿਸਾਖੀ ਪੁਰਬ ਨੂੰ ਮੁੱਖ ਰੱਖਦਿਆਂ ਨਸੀਬ ਸਿੰਘ ਮਾਵੀ ਅਤੇ ਪਰਿਵਾਰ ਵਲੋਂ ਹਰ ਸਾਲ ਦੀ ਤਰ੍ਹਾਂ ਵਿਸ਼ੇਸ਼ ਲੰਗਰਾਂ ਦੀ ਸੇਵਾ ਹੋਵੇਗੀ*

### ਬੇਨਤੀ

ਗੁਰੂ ਪਿਆਰੀ ਸਾਧ ਸੰਗਤ ਜੀਓ, ਤੁਸੀਂ ਗੁਰੂ ਘਰ ਆ ਕੇ ਚੈਕ, ਕੈਸ਼ ਜਾਂ ਕਰੈਡਿਟ ਕਾਰਡ ਰਾਹੀਂ ਮਾਇਆ ਭੇਟ ਕਰ ਸਕਦੇ ਹੋ ਜਾਂ ਗੁਰਦੁਆਰਾ ਸਾਹਿਬ ਦੀ ਵੈਬਸਾਈਟ (www.sanjosegurdwara.org) 'ਤੇ ਜਾ ਕੇ ਡੋਨੇਸ਼ਨ ਬਟਨ ਉਤੇ ਕਲਿਕ ਕਰਕੇ ਕਰੈਡਿਟ ਕਾਰਡ ਜਾਂ ਪੇ ਪੈਲ ਦੁਆਰਾ ਮਾਇਆ ਭੇਟ ਕਰ ਸਕਦੇ ਹੋ ਅਤੇ ਨਾਲ ਹੀ ਅਰਦਾਸ ਕਰਵਾਉਣ ਲਈ ਸੁਨੇਹਾ ਲਿਖ ਸਕਦੇ ਹੋ। ਆਪ ਜੀ ਵਲੋਂ ਦਰਸਾਈ ਹੋਈ ਅਰਦਾਸ ਸ਼ਾਮ ਨੂੰ ਰਹਿਰਾਸ ਸਾਹਿਬ ਪਾਠ ਉਪਰੰਤ 6 ਵਜੇ ਕੀਤੀ ਜਾਵੇਗੀ ਜਿਸ ਨੂੰ ਆਪ ਗੁਰਦੁਆਰਾ ਸਾਹਿਬ ਦੀ ਵੈਬਸਾਈਟ 'ਤੇ ਚਲ ਰਹੇ ਰੇਡੀਓ 'ਤੇ ਸਰਵਣ ਕਰ ਸਕਦੇ ਹੋ।

## ਵਲੋਂ: ਪ੍ਰਬੰਧਕ ਕਮੇਟੀ ਸਿੱਖ ਗੁਰਦੁਆਰਾ ਸੈਨ ਹੋਜੇ


ਨਿਰਵਿਘਨ ਪ੍ਰਕਾਸ਼ਨ ਦੇ 20ਵੇਂ ਸਾਲ 'ਚ (ਪਹਿਲੀ ਜਨਵਰੀ 2000-2019)
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ
19ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ
'ਪੰਜਾਬ ਟਾਈਮਜ਼ ਨਾਈਟ'
4 ਮਈ 2019 ਸਨਿਚਰਵਾਰ ਸ਼ਾਮੀ 6:30 ਵਜੇ
Atlantis Banquets
1273 N. Rand Road,
Arlington Heights, IL 60004
ਮੁੱਖ ਮਹਿਮਾਨ
ਪਹੁੰਚ ਰਹੇ ਕਲਾਕਾਰ
ਅੰਮ੍ਰਿਤਪਾਲ ਸਿੰਘ ਗਿੱਲ
ਜਸਪਿੰਦਰ ਰੈਣਾ
ਰਾਜਨ ਸੰਧੂ
ਤਾਰਾ ਮੁਲਤਾਨੀ
ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਡਾ. ਨਵਦੀਪ ਕੌਰ ਸੰਧੂ
ਬਲਵਿੰਦਰ ਕੌਰ (ਨਿੱਕੀ) ਸੇਖੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਦਿਆਲ ਸਿੰਘ ਦਿਓਲ
ਹਰਜੀਤ ਸਿੰਘ ਸਾਹੀ
ਬਲਵਿੰਦਰ ਸਿੰਘ ਸੰਧੂ
ਜਗਦੀਸ਼ਰ ਸਿੰਘ ਕਲੇਰ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਦਰਸ਼ਨ ਸਿੰਘ ਗਰੇਵਾਲ
ਜੈਦੇਵ ਸਿੰਘ ਭੱਠਲ
ਜੱਸੀ ਗਿੱਲ
ਸਰਵਣ ਸਿੰਘ ਟਿਵਾਣਾ
ਮਨਦੀਪ ਸਿੰਘ ਭੂਰਾ
ਅਯੁਧਿਆ ਸਲਵਾਨ
ਰਘਬੀਰ ਸਿੰਘ ਘੁੰਨ
ਅਵਤਾਰ ਸਿੰਘ ਸਪਰਿੰਗਫੀਲਡ
ਗੁਲਜ਼ਾਰ ਸਿੰਘ ਮੁਲਤਾਨੀ
ਸਾਡੇ ਸਥਾਈ ਲੇਖਕ ਤੇ ਕਾਲਮਨਵੀਸ
ਗੁਲਜ਼ਾਰ ਸਿੰਘ ਸੰਧੂ
ਗੁਰਬਚਨ ਸਿੰਘ ਭੁੱਲਰ
ਤਰਲੋਚਨ ਸਿੰਘ ਦੁਪਾਲਪੁਰ
ਡਾ. ਗੁਰਨਾਮ ਕੌਰ
ਬੀਬੀ ਸੁਰਜੀਤ ਕੌਰ
ਡਾ. ਗੁਰਬਖਸ਼ ਸਿੰਘ ਭੰਡਾਲ
ਬਲਜੀਤ ਬਾਸੀ
ਹਰਪਾਲ ਸਿੰਘ ਪੰਨੂ
ਜਤਿੰਦਰ ਪਨੂੰ
ਬੂਟਾ ਸਿੰਘ
ਇਕਬਾਲ ਜੱਬੋਵਾਲ
ਐਸ. ਅਸ਼ੋਕ ਭੌਰਾ
ਪੰਜਾਬ ਟਾਈਮਜ਼
Ph: 847-359-0746
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
e-mail: punjabtimes1@sbcglobal.net, website: www.punjabtimesusa.com

# ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੀਫੋਰਨੀਆ)

**300 Gurdwara Road, Fremont, CA 94536**




ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

## ਸਮੂਹ ਸੰਗਤਾਂ ਨੂੰ ਖਾਲਸਾ ਸਾਜਨਾ ਦਿਹਾੜੇ ਦੀ

# ਲੱਖ ਲੱਖ ਵਧਾਈ

ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਵਲੋਂ ਖਾਲਸਾ ਸਾਜਨਾ ਦਿਵਸ ਵਿਸਾਖੀ ਦਿਹਾੜੇ ਸਬੰਧੀ ਗੁਰੂ ਘਰ ਵਿਖੇ ਇਕ ਵਿਸ਼ੇਸ਼ ਸਮਾਗਮ ਐਤਵਾਰ 14 ਅਪਰੈਲ 2019 ਨੂੰ ਕਰਵਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

## ਪ੍ਰੋਗਰਾਮ ਦਾ ਵੇਰਵਾ

12 ਅਪਰੈਲ 2019 (ਸ਼ੁੱਕਰਵਾਰ) ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
14 ਅਪਰੈਲ 2019 (ਐਤਵਾਰ) ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

ਨਿਸ਼ਾਨ ਸਾਹਿਬ ਦੀ ਸੇਵਾ
ਸਵੇਰੇ 8 ਤੋਂ 9 ਵਜੇ ਤੱਕ ਹੋਵੇਗੀ
ਉਪਰੰਤ ਵਿਸ਼ੇਸ਼ ਦੀਵਾਨ ਸਜਣਗੇ

## ਪਹੁੰਚ ਰਹੇ ਜਥੇ

ਹਜ਼ੂਰੀ ਰਾਗੀ ਜਥਾ ਭਾਈ ਦਿਲਬਾਗ ਸਿੰਘ
ਹਜ਼ੂਰੀ ਰਾਗੀ ਜਥਾ ਭਾਈ ਗੁਰਪ੍ਰੀਤ ਸਿੰਘ
ਕਥਾਵਾਚਕ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਦਮਦਮੀ ਟਕਸਾਲ ਵਾਲੇ
ਢਾਡੀ ਜਥਾ ਬੀਬੀ ਜਸਵਿੰਦਰ ਕੌਰ ਰਾਮਾ ਮੰਡੀ, ਜਲੰਧਰ ਵਾਲੇ

## ਬੇਨਤੀ ਕਰਤਾ:

## ਸਮੂਹ ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਫਰੀਮਾਂਟ

ਹੋਰ ਜਾਣਕਾਰੀ ਲਈ ਸੰਪਰਕ ਕਰੋ: 510-790-0177

# ਪਰਮਿੰਦਰ ਢੀਂਡਸਾ ਨੂੰ ਮਹਿੰਗੀ ਪੈ ਸਕਦੀ ਹੈ ਪਿਤਾ ਦੀ ਹੁਕਮ ਅਦੂਲੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸੰਗਰੂਰ ਲੋਕ ਸਭਾ ਹਲਕੇ ਤੋਂ ਐਲਾਨੇ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਨੂੰ ਆਪਣੇ ਪਿਤਾ ਸੁਖਦੇਵ ਸਿੰਘ ਢੀਂਡਸਾ ਦੀ ਸਲਾਹ ਨਾ ਮੰਨਣੀ ਮਹਿੰਗੀ ਪੈ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦੇ ਤਿਆਗ ਚੁੱਕੇ ਸੁਖਦੇਵ ਸਿੰਘ ਢੀਂਡਸਾ ਨੇ ਪਰਮਿੰਦਰ ਨੂੰ ਸਲਾਹ ਦਿੱਤੀ ਸੀ ਕਿ ਉਹ ਲੋਕ ਸਭਾ ਚੋਣ ਨਾ ਲੜੇ। ਹੁਣ ਬੇਸ਼ੱਕ ਵੱਡੇ ਢੀਂਡਸਾ ਨੇ ਪਰਮਿੰਦਰ ਨੂੰ ਅਸ਼ੀਰਵਾਦ ਦਿੱਤਾ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਐਲਾਨ ਕੀਤਾ ਹੈ ਕਿ ਉਹ ਪਰਮਿੰਦਰ ਲਈ ਚੋਣ ਪ੍ਰਚਾਰ ਨਹੀਂ ਕਰਨਗੇ।



ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਖਿਲਾਫ ਤੇਵਰਾਂ ਤੋਂ ਵੋਟਰਾਂ ਵਿਚ ਸੰਕੇਤ ਜਾ ਰਿਹਾ ਹੈ ਕਿ ਪਰਮਿੰਦਰ ਢੀਂਡਸਾ ਨੇ ਪਿਤਾ ਤੋਂ ਬਾਹਰ ਹੋ ਕੇ ਸੁਖਬੀਰ ਬਾਦਲ ਦਾ ਹੁਕਮ ਮੰਨਿਆ ਹੈ। ਢੀਂਡਸਾ ਕਾਫੀ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ 'ਤੇ ਬਾਦਲ ਪਰਿਵਾਰ ਦੇ ਕਬਜ਼ੇ ਖਿਲਾਫ ਬੋਲ ਚੁੱਕੇ ਹਨ। ਉਨ੍ਹਾਂ ਨੇ ਕਈ ਮੰਚਾਂ ਤੋਂ ਅਕਾਲੀ ਦਲ ਤੇ ਪੰਥਕ ਸੰਕਟ ਲਈ ਵੀ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਅਜਿਹੇ ਵਿਚ ਪੰਥਕ ਵੋਟਰਾਂ ਅੰਦਰ ਸੁਖਦੇਵ ਸਿੰਘ ਢੀਂਡਸਾ ਦਾ ਸਤਿਕਾਰ ਵਧਿਆ ਹੈ ਪਰ ਹੁਣ ਦੂਜੇ ਪਾਸੇ ਪਿਤਾ ਦੀ ਸਲਾਹ ਨਾ ਮੰਨ ਕੇ ਮੈਦਾਨ ਵਿਚ ਡਟੇ ਪਰਮਿੰਦਰ ਢੀਂਡਸਾ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ। ਪਿੰਡਾਂ ਦੇ ਵੋਟਰਾਂ ਵਿਚ ਚਰਚਾ ਹੈ ਕਿ ਪਿਤਾ ਵੱਲੋਂ ਲੋਕ ਸਭਾ ਚੋਣ ਨਾ ਲੜਨ ਦੀ ਦਿੱਤੀ ਸਲਾਹ ਨਾਲੋਂ ਪਰਮਿੰਦਰ ਨੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੇ ਫੈਸਲੇ ਨੂੰ ਤਰਜੀਹ ਦਿੱਤੀ ਹੈ। ਵਿਰੋਧੀ ਧਿਰਾਂ ਵੀ ਜ਼ੋਰ ਸ਼ੋਰ ਨਾਲ ਪ੍ਰਚਾਰ ਕਰ ਰਹੀਆਂ ਹਨ ਕਿ ਬਾਦਲਾਂ ਨੇ ਢੀਂਡਸਾ ਪਰਿਵਾਰ ਵਿਚ ਪਾੜਾ ਪਾ ਦਿੱਤਾ ਹੈ। ਬੇਸ਼ੱਕ ਸੁਖਦੇਵ ਸਿੰਘ ਢੀਂਡਸਾ ਸਪਸ਼ਟ ਕਰ ਚੁੱਕੇ ਹਨ ਕਿ ਚੋਣ ਲੜਨ ਜਾਂ ਨਾ ਲੜਨ ਦਾ ਉਨ੍ਹਾਂ ਦੇ ਰਿਸ਼ਤੇ 'ਤੇ ਕੋਈ ਅਸਰ ਨਹੀਂ ਪਾਏਗਾ ਪਰ ਲੋਕਾਂ ਵਿਚ ਪਿਉ-ਪੁੱਤ 'ਚ ਤਰੇੜਾਂ ਦੀ ਚਰਚਾ ਹੈ। ਇਸ ਕਰਕੇ ਵੋਟਰ ਵੀ ਪਰਮਿੰਦਰ ਢੀਂਡਸਾ ਤੋਂ ਦੂਰੀ ਬਣਾ ਸਕਦੇ ਹਨ। ਯਾਦ ਰਹੇ ਢੀਂਡਸਾ ਪਰਿਵਾਰ ਦੇ ਹੁਣ ਤੱਕ ਦੇ ਸਿਆਸੀ ਸਫਰ ਦੌਰਾਨ ਇਹ ਪਹਿਲਾ ਮੌਕਾ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਵਿਚ ਹੋਣ ਦੇ ਬਾਵਜੂਦ ਪਿਤਾ-ਪੁੱਤਰ ਦੇ ਸਿਆਸੀ ਫੈਸਲਿਆਂ ਵਿਚ ਵਖਰੇਵੇਂ ਖੜ੍ਹੇ ਹੋਏ ਹਨ। ਦਿਲਚਸਪ ਹੈ ਕਿ ਪਿਤਾ ਦੀ ਸਲਾਹ ਨੂੰ ਥੋੜ੍ਹਾ ਗੰਭੀਰਤਾ ਨਾਲ ਲੈਂਦਿਆਂ ਭਾਵੇਂ ਪਰਮਿੰਦਰ ਢੀਂਡਸਾ ਵੱਲੋਂ ਪਹਿਲਾਂ ਚੋਣ ਲੜਨ ਤੋਂ ਨਾਂਹ-ਨੁੱਕਰ ਵੀ ਕੀਤੀ ਪਰ ਬਾਅਦ ਵਿਚ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੇ ਕਹਿਣ 'ਤੇ ਉਹ ਚੋਣ ਲੜਨ ਲਈ ਤਿਆਰ ਹੋ ਗਏ।

ਦਰਅਸਲ, ਢੀਂਡਸਾ ਦੀ ਬਗਾਵਤ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਮਜਬੂਰੀ ਬਣ ਗਈ ਸੀ ਕਿ ਇਥੋਂ ਪਰਮਿੰਦਰ ਨੂੰ ਹੀ ਉਮੀਦਵਾਰ ਬਣਾਇਆ ਜਾਵੇ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਸੰਗਰੂਰ ਲੋਕ ਸਭਾ ਹਲਕੇ ਅਧੀਨ ਪੈਂਦੇ ਵਿਧਾਨ ਸਭਾ ਹਲਕਿਆਂ ਵਿਚ ਮੀਟਿੰਗਾਂ ਕਰਕੇ ਵਰਕਰਾਂ ਦੀ ਨਬਜ਼ ਟੋਹੀ ਸੀ। ਕੁਝ ਦਿਨ ਪਹਿਲਾਂ ਹੀ ਯੂਥ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਵੱਲੋਂ ਵੀ ਸੰਗਰੂਰ 'ਚ ਯੂਥ ਰੈਲੀ ਦੌਰਾਨ ਬੋਲਦਿਆਂ ਪਾਰਟੀ ਵਰਕਰਾਂ ਤੋਂ ਪੁੱਛਿਆ ਸੀ ਕਿ ਲੋਕ ਸਭਾ ਚੋਣ ਲਈ ਤੁਹਾਨੂੰ 'ਵੱਡੇ ਢੀਂਡਸਾ ਸਾਹਿਬ ਜਾਂ ਛੋਟੇ ਢੀਂਡਸਾ ਸਾਹਿਬ' 'ਚੋਂ ਕਿਹੜਾ ਉਮੀਦਵਾਰ ਚਾਹੀਦਾ ਹੈ ਪਰ ਨੌਜਵਾਨ ਵਰਕਰਾਂ ਨੇ ਹੱਥ ਖੜ੍ਹੇ ਕਰਕੇ ਪਰਮਿੰਦਰ ਢੀਂਡਸਾ ਦੇ ਹੱਕ 'ਚ ਨਾਅਰਾ ਮਾਰਿਆ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸੁਖਬੀਰ ਬਾਦਲ ਵੱਲੋਂ ਸੰਗਰੂਰ ਹਲਕੇ ਦੀ ਅਕਾਲੀ ਸਿਆਸਤ ਨੂੰ ਭਾਂਪ ਲਿਆ ਸੀ ਕਿ ਹੁਣ ਪਰਮਿੰਦਰ ਢੀਂਡਸਾ ਦੀ ਉਮੀਦਵਾਰੀ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਵੋਟਰਾਂ ਵਿਚ ਸੰਕੇਤ ਗਿਆ ਹੈ ਕਿ ਪਰਮਿੰਦਰ ਨੇ ਪਿਤਾ ਨਾਲ ਬਗਾਵਤ ਕਰਕੇ ਸੁਖਬੀਰ ਬਾਦਲ ਦੀ ਗੱਲ ਮੰਨੀ ਹੈ। ਇਸ ਲਈ ਵੋਟਰਾਂ ਦੀ ਹਮਦਰਦੀ ਸੁਖਦੇਵ ਸਿੰਘ ਢੀਂਡਸਾ ਨਾਲ ਹੋਰ ਵਧੀ ਤੇ ਪਰਮਿੰਦਰ ਨਾਲ ਨਾਰਾਜ਼ਗੀ। ਸੁਖਦੇਵ ਸਿੰਘ ਢੀਂਡਸਾ ਵੱਲੋਂ ਚੋਣ ਪ੍ਰਚਾਰ ਤੋਂ ਪਿੱਛੇ ਹਟਣ ਕਰਕੇ ਉਨ੍ਹਾਂ ਦੀ ਹਮਦਰਦ ਵੋਟ ਵੀ ਅਕਾਲੀ ਦਲ ਨੂੰ ਨਹੀਂ ਪਏਗੀ।

# 1989 ਵਿਚ ਗਰਮਦਲੀਆਂ ਦੇ ਸਾਂਝੇ ਮੰਚ ਨੇ ਬਦਲਿਆ ਸੀ ਪੰਜਾਬ ਦੀ ਸਿਆਸਤ ਦਾ ਮੁਹਾਣ

**ਪਟਿਆਲਾ:** 1989 ਦੀਆਂ ਲੋਕ ਸਭਾ ਚੋਣਾਂ ਦੇ ਹੈਰਾਨੀਜਨਕ ਨਤੀਜੇ ਪੰਜਾਬ ਦੇ ਲੋਕਾਂ ਦੇ ਚੇਤਿਆਂ ਵਿਚ ਹਾਲੇ ਵੀ ਵਸੇ ਹੋਏ ਹਨ। ਉਦੋਂ ਅਕਾਲੀ ਦਲ (ਅ) ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਆਦਿ ਗਰਮਦਲੀਆਂ ਦੇ ਸਾਂਝੇ ਪਲੇਟਫਾਰਮ ਨੇ ਸੂਬੇ ਦੀਆਂ ਰਵਾਇਤੀ ਧਿਰਾਂ ਕਾਂਗਰਸ ਤੇ ਅਕਾਲੀ ਦਲ ਦੇ ਸਾਹ ਸੁਕਾ ਦਿੱਤੇ ਸਨ। ਉਦੋਂ ਕਾਂਗਰਸ ਨੂੰ ਮਹਿਜ਼ ਦੋ ਸੀਟਾਂ ਜੁੜੀਆਂ ਸਨ ਤੇ ਰਵਾਇਤੀ ਅਕਾਲੀ ਦਲ ਦਾ ਖੀਸਾ ਖਾਲੀ ਰਹਿ ਗਿਆ ਸੀ। ਉਨ੍ਹਾਂ ਚੋਣਾਂ ਨੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰ ਕੁਮਾਰ ਗੁਜਰਾਲ ਨੂੰ ਜਿਥੇ ਲੋਕ ਸਭਾ ਵਿਚ ਭੇਜਿਆ, ਉਥੇ ਹੀ ਨੂੰਹ ਤੇ ਸਹੁਰਾ ਕ੍ਰਮਵਾਰ ਬਿਮਲ ਕੌਰ ਖਾਲਸਾ ਤੇ ਸੁੱਚਾ ਸਿੰਘ ਮਲੋਆ ਆਪਣੀਆਂ ਸੀਟਾਂ ਜਿੱਤਣ 'ਚ ਸਫਲ ਹੋਏ ਸਨ।



ਪੰਜਾਬ ਵਿਚ 2014 ਦੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਦੇ ਹੱਕ 'ਚ ਵਗੀ ਸਿਆਸੀ ਹਵਾ ਵਾਂਗ ਹੀ 1989 ਦਾ ਚੋਣ ਪਿੜ ਉਸ ਸਮੇਂ ਦੇ ਗਰਮਦਲੀਆਂ ਦੇ ਹੱਕ ਵਿਚ ਭੁਗਤਿਆ ਸੀ। ਸਿਮਰਨਜੀਤ ਸਿੰਘ ਮਾਨ ਭਾਵੇਂ ਉਦੋਂ ਜੇਲ੍ਹ ਵਿਚ ਸਨ, ਪਰ ਅਕਾਲੀ ਦਲ (ਅ) ਨੇ ਲੋਕ ਸਭਾ ਪਿੜ ਨੂੰ ਅਜਿਹਾ ਮਘਾਇਆ ਕਿ ਨਤੀਜਿਆਂ ਤੋਂ ਸਿਆਸੀ ਚਿੰਤਕ ਦੰਗ ਰਹਿ ਗਏ ਸਨ। ਉਦੋਂ ਅਗਵਾਈ ਬਾਬਾ ਜੋਗਿੰਦਰ ਸਿੰਘ ਤੇ ਭਾਈ ਮਨਜੀਤ ਸਿੰਘ ਦੇ ਹੱਥਾਂ ਵਿਚ ਸੀ। ਐਤਕੀਂ ਸੰਗਰੂਰ ਤੋਂ ਖੜ੍ਹੇ ਹੋਏ ਸਿਮਰਨਜੀਤ ਸਿੰਘ ਮਾਨ ਨੇ 1989 ਦੀਆਂ ਚੋਣਾਂ ਦੌਰਾਨ ਤਰਨ ਤਾਰਨ ਹਲਕੇ ਤੋਂ ਰਿਕਾਰਡ ਤੋੜ ਵੋਟਾਂ ਨਾਲ ਬਾਜ਼ੀ ਮਾਰੀ ਸੀ। ਉਸ ਸਮੇਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਕੀਤੇ ਗਏ ਕਾਤਲਾਨਾ ਹਮਲੇ ਵਿਚ ਸ਼ਾਮਲ ਭਾਈ ਬੇਅੰਤ ਦੀ ਪਤਨੀ ਬੀਬੀ ਬਿਮਲ ਕੌਰ ਖਾਲਸਾ ਵੀ ਅਕਾਲੀ ਦਲ (ਅ) ਵੱਲੋਂ ਰੋਪੜ ਹਲਕੇ ਤੋਂ ਜੇਤੂ ਰਹੇ ਸਨ ਤੇ ਉਨ੍ਹਾਂ ਦੇ ਸਹੁਰਾ ਸੁੱਚਾ ਸਿੰਘ ਮਲੋਆ ਬਠਿੰਡਾ ਸੀਟ ਤੋਂ। ਉਦੋਂ ਸਿਆਸੀ ਹਵਾ ਨੇ ਅਕਾਲੀ ਦਲ (ਅ) ਨੂੰ ਪੰਜਾਬ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਵਜੋਂ ਪੇਸ਼ ਕੀਤਾ ਸੀ। ਪਾਰਟੀ ਦੇ ਹੋਰ ਜੇਤੂ ਉਮੀਦਵਾਰਾਂ ਵਿਚ ਲੁਧਿਆਣਾ ਤੋਂ ਰਾਜਿੰਦਰ ਕੌਰ ਬੁਲਾਰਾ, ਸੰਗਰੂਰ ਤੋਂ ਰਾਜਦੇਵ ਸਿੰਘ ਐਡਵੋਕੇਟ, ਫਰੀਦਕੋਟ ਤੋਂ ਜਗਦੇਵ ਸਿੰਘ ਦੇ ਨਾਂ ਸ਼ਾਮਲ ਹਨ। ਇਸ ਧਿਰ ਦੀ ਹਮਾਇਤ 'ਤੇ ਖੜ੍ਹੇ ਹੋਏ ਆਜ਼ਾਦ ਉਮੀਦਵਾਰਾਂ ਵਿਚ ਪਟਿਆਲਾ ਤੋਂ ਅਤਿੰਦਰਪਾਲ ਸਿੰਘ 'ਜਿੰਦਾ ਕੁੰਜੀ', ਫਿਰੋਜ਼ਪੁਰ ਤੋਂ ਧਿਆਨ ਸਿੰਘ ਮੰਡ ਤੇ ਅੰਮ੍ਰਿਤਸਰ ਤੋਂ ਕਿਰਪਾਲ ਸਿੰਘ 'ਚੀਫ ਖਾਲਸਾ ਦੀਵਾਨ' ਜੇਤੂ ਬਣੇ ਸਨ।

ਉਦੋਂ ਅਕਾਲੀ ਦਲ ਦੇ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਬਲਵੰਤ ਸਿੰਘ ਰਾਮੂਵਾਲੀਆ ਆਦਿ ਚਿੱਤ ਹੋ ਗਏ ਸਨ। ਕਈ ਰਵਾਇਤੀ ਅਕਾਲੀ ਤੇ ਕਾਂਗਰਸੀ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਕਾਂਗਰਸ ਦੇ ਕਈ ਵਾਰ ਜੇਤੂ ਰਹੇ ਸੁਖਬੰਸ ਕੌਰ ਭਿੰਡਰ ਗੁਰਦਾਸਪੁਰ ਤੇ ਕਮਲ ਚੌਧਰੀ ਹੁਸ਼ਿਆਰਪੁਰ ਤੋਂ ਹੀ ਜਿੱਤ ਸਕੇ ਸਨ। ਬਸਪਾ ਦੇ ਉਮੀਦਵਾਰ ਹਰਭਜਨ ਲਾਖਾ ਫਿਲੌਰ ਤੋਂ ਜਿੱਤੇ ਸਨ, ਜਦਕਿ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰ ਕੁਮਾਰ ਗੁਜਰਾਲ ਜਲੰਧਰ ਸੀਟ ਤੋਂ ਜਨਤਾ ਦਲ ਵੱਲੋਂ ਚੋਣ ਜਿੱਤ ਗਏ ਸਨ।

# ਸਟਿੰਗ ਉਪਰੇਸ਼ਨਾਂ ਨੇ ਉਲਝਾਏ ਪੰਜਾਬ ਦੇ ਸਿਆਸਤਦਾਨ

**ਚੰਡੀਗੜ੍ਹ:** ਚੋਣ ਮੈਦਾਨ ਭਖਦਿਆਂ ਹੀ ਪੰਜਾਬ ਵਿਚ ਸਟਿੰਗ ਉਪਰੇਸ਼ਨਾਂ ਦੀ ਰੁੱਤ ਆ ਗਈ ਹੈ। ਚੋਣਾਂ ਵੇਲੇ ਸਟਿੰਗ ਉਪਰੇਸ਼ਨ ਜਾਂ ਵੀਡੀਓ ਲੀਕ ਹੋਣਾ ਕਾਫੀ ਪ੍ਰਚਲਿਤ ਰਿਹਾ ਹੈ ਤੇ ਅੱਜ ਕੱਲ੍ਹ ਪੰਜਾਬ ਦੇ ਐਮ.ਪੀ. ਇਨ੍ਹਾਂ ਦਾ ਹੀ ਸ਼ਿਕਾਰ ਹੋ ਰਹੇ ਹਨ। ਸਭ ਤੋਂ ਪਹਿਲਾਂ ਜਲੰਧਰ ਤੋਂ ਕਾਂਗਰਸੀ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ, ਫਿਰ ਫਿਰੋਜ਼ਪੁਰ ਤੋਂ ਅਕਾਲੀ ਦਲ ਤੋਂ ਬਾਹਰ ਹੋਏ ਐਮ.ਪੀ. ਸ਼ੇਰ ਸਿੰਘ ਘੁਬਾਇਆ ਤੇ ਹੁਣ ਆਮ ਆਦਮੀ ਪਾਰਟੀ ਦੇ ਫਰੀਦਕੋਟ ਤੋਂ ਲੋਕ ਸਭਾ ਮੈਂਬਰ ਪ੍ਰੋ. ਸਾਧੂ ਸਿੰਘ ਦਾ ਸਟਿੰਗ ਵਾਇਰਲ ਹੋ ਰਿਹਾ ਹੈ।

ਸਟਿੰਗ ਵੀਡੀਓ ਵਿਚ ਫਰੀਦਕੋਟ ਸੰਸਦੀ ਹਲਕੇ ਤੋਂ ਐਮ.ਪੀ. ਪ੍ਰੋ. ਸਾਧੂ ਸਿੰਘ ਉਤੇ ਨੋਇਡਾ ਦੀ ਕੰਪਨੀ ਵੱਲੋਂ ਉਨ੍ਹਾਂ ਦਾ ਸਾਰਾ ਚੋਣ ਖਰਚ ਚੁੱਕਣ ਲਈ ਸਹਿਮਤੀ ਦੇ ਰਹੇ ਹਨ। ਸਾਧੂ ਸਿੰਘ ਦਾ ਕਹਿਣਾ ਹੈ ਕਿ ਵੀਡੀਓ ਉਨ੍ਹਾਂ ਦਾ ਹੀ ਹੈ ਪਰ ਪੁਰਾਣਾ ਹੈ। ਵੀਡੀਓ ਵਿਚ ਸਾਧੂ ਸਿੰਘ ਕਥਿਤ ਤੌਰ 'ਤੇ ਆਪਣੇ ਚੋਣ ਖਰਚੇ ਦੇ ਵੇਰਵੇ ਦੱਸਦੇ ਹੋਏ ਕਹਿੰਦੇ ਹਨ ਕਿ ਪਿਛਲੀ ਵਾਰ ਦੋ ਕਰੋੜ ਲੱਗੇ ਸਨ ਪਰ ਇਸ ਵਾਰ ਖਰਚਾ ਤਿੰਨ ਕਰੋੜ ਹੋਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਇਹ ਲੋਕ ਉਨ੍ਹਾਂ ਦੇ ਦਫਤਰ ਵਿਚ ਆਮ ਲੋਕਾਂ ਵਾਂਗ ਮਿਲਣ ਲਈ ਆਏ ਸਨ ਤੇ ਉਨ੍ਹਾਂ ਦੀ ਗੱਲਬਾਤ ਦੇ ਅਧੂਰੇ ਅੰਸ਼ ਦਿਖਾਏ ਹਨ।

ਸਾਧੂ ਸਿੰਘ ਨੇ ਕਿਹਾ ਕਿ ਲੋਕ ਜਾਣਦੇ ਹਨ ਕਿ ਉਹ ਬੇਦਾਗ ਹਨ। ਇਸ ਤੋਂ ਪਹਿਲਾਂ ਸ਼ੇਰ ਸਿੰਘ ਘੁਬਾਇਆ ਕਥਿਤ ਤੌਰ 'ਤੇ ਵੋਟਾਂ ਮੁੱਲ ਖਰੀਦਣ ਸਣੇ ਚੋਣ ਖਰਚਾ 30 ਕਰੋੜ ਰੁਪਏ ਤਕ ਪਹੁੰਚਣ ਦੀ ਗੱਲ ਕਹਿ ਚੁਕੇ ਸਨ।


ਪ੍ਰੌਫੈਸ਼ਨਲ ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੌਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।

ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਮਿ. ਸਿੰਘ

ਫੋਨ: 515-291-1961

15-16

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

**Punjab Times**
Established in 2000
20th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਭਾਰਤ ਨੇ 2018 ਦੌਰਾਨ 1.1 ਕਰੋੜ ਨੌਕਰੀਆਂ ਗਵਾਈਆਂ

**ਨਵੀਂ ਦਿੱਲੀ:** ਸਿਵਲ ਸੁਸਾਇਟੀ ਸੰਗਠਨਾਂ ਦੇ ਇਕ ਗਰੁੱਪ ਵੱਲੋਂ ਕੇਂਦਰ ਦੀ ਐਨ.ਡੀ.ਏ. ਸਰਕਾਰ ਦੇ 5 ਸਾਲ ਦੇ ਕਾਰਜਕਾਲ ਦੀ "ਚਾਰਜਸ਼ੀਟ" ਜਾਰੀ ਕਰਦਿਆਂ ਦਾਅਵਾ ਕੀਤਾ ਹੈ ਕਿ ਭਾਰਤ ਨੇ 2018 ਦੌਰਾਨ 1.1 ਕਰੋੜ ਨੌਕਰੀਆਂ ਗੁਆਈਆਂ ਹਨ, ਜਿਨ੍ਹਾਂ 'ਚੋਂ 90 ਲੱਖ ਪੇਂਡੂ ਖੇਤਰ ਨਾਲ ਸਬੰਧਤ ਹਨ।

ਆਮ ਚੋਣਾਂ ਦੇ ਪਹਿਲੇ ਪੜਾਅ ਤੋਂ ਤਕਰੀਬਨ ਇਕ ਹਫਤਾ ਪਹਿਲਾ ਜਾਰੀ ਹੋਏ ਇਸ ਦਸਤਾਵੇਜ਼ 'ਚ ਦੱਸਿਆ ਗਿਆ ਹੈ ਕਿ ਨਵੰਬਰ 2016 ਦੌਰਾਨ ਨੋਟਬੰਦੀ ਕਾਰਨ 35 ਲੱਖ ਲੋਕਾਂ ਦੀ ਨੌਕਰੀ ਗਈ ਅਤੇ 2015 ਤੋਂ ਲੈ ਕੇ ਹੁਣ ਤੱਕ 10 ਸੂਬਿਆਂ 'ਚ ਬੱਚਿਆਂ ਸਮੇਤ 75 ਲੋਕ ਭੁੱਖ ਕਾਰਨ ਮਾਰੇ ਗਏ ਹਨ, ਜਿਨ੍ਹਾਂ 'ਚੋਂ 42 ਅਜਿਹੇ ਲੋਕ ਸਨ ਜਿਨ੍ਹਾਂ ਦੇ ਰਾਸ਼ਨ ਕਾਰਡ ਨਾਲ ਆਧਾਰ ਨੰਬਰ ਲਿੰਕ ਨਾ ਹੋਣ ਕਾਰਨ ਉਨ੍ਹਾਂ ਨੂੰ ਰਾਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਵੱਖ-ਵੱਖ ਮੁਹਿੰਮਾਂ ਦੇ ਪ੍ਰਤੀਨਿਧੀਆਂ ਨੇ ਪੀਪਲਜ਼ ਏਜੰਡਾ ਜਾਂ 'ਜਨ ਸਰੋਕਾਰ 2019' ਦਾ ਪ੍ਰੈਸ ਕਾਨਫਰੰਸ ਦੌਰਾਨ ਐਲਾਨ ਕਰਦਿਆਂ ਕਿਹਾ ਕਿ ਰਾਜਨੀਤਕ ਪਾਰਟੀਆਂ ਵੱਲੋਂ ਕੀਤੇ ਜਾਂਦੇ ਖੋਖਲੇ ਵਾਅਦਿਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ।

# ਕਾਂਗਰਸ 'ਚ ਗੈਂਗਸਟਰ ਸ਼ਾਮਲ ਕਰਨ 'ਤੇ ਵਿਵਾਦ ਭਖਿਆ

**ਪਟਿਆਲਾ:** ਪੰਜਾਬ ਪੁਲਿਸ ਨੇ ਗੈਂਗਸਟਰਾਂ ਖਿਲਾਫ ਮੁਹਿੰਮ ਵਿੱਢੀ ਹੋਈ ਹੈ ਪਰ ਪਿਛਲੇ ਦਿਨੀਂ ਇਕ ਚਰਚਿਤ ਗੈਂਗਸਟਰ ਕੰਵਰ ਰਣਦੀਪ ਸਿੰਘ ਖਰੌੜ ਉਰਫ ਐਸ.ਕੇ. ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਪ੍ਰਨੀਤ ਕੌਰ ਦੀ ਅਗਵਾਈ ਹੇਠ ਕਾਂਗਰਸ ਵਿਚ ਸ਼ਾਮਲ ਹੋ ਗਿਆ। ਇਸ ਨਾਲ ਜਿਥੇ ਕਾਂਗਰਸ 'ਚ ਹਲਚਲ ਪੈਦਾ ਹੋ ਗਈ, ਉਥੇ ਹੀ ਵਿਰੋਧੀ ਧਿਰਾਂ ਵੀ ਕਾਂਗਰਸ ਨੂੰ ਘੇਰ ਰਹੀਆਂ ਹਨ। ਇਸ ਤੋਂ ਇਲਾਵਾ ਪੁਲਿਸ ਹਲਕਿਆਂ ਵਿਚ ਵੀ ਨਿਰਾਸ਼ਾ ਪਾਈ ਜਾ ਰਹੀ ਹੈ।

ਨੇੜਲੇ ਪਿੰਡ ਬਾਰਨ ਦਾ ਰਹਿਣ ਵਾਲਾ ਐਸ.ਕੇ. ਗੈਂਗਸਟਰਾਂ ਦੇ ਹਰਵਿੰਦਰ ਰਿੰਦਾ ਦੀ ਅਗਵਾਈ ਹੇਠਲੇ ਬਹੁ-ਚਰਚਿਤ ਗਰੋਹ ਨਾਲ ਸਬੰਧਤ ਦੱਸਿਆ ਜਾਂਦਾ ਹੈ। ਐਸ.ਕੇ. ਖਿਲਾਫ ਪੰਜਾਬ ਅਤੇ ਚੰਡੀਗੜ੍ਹ ਵਿਚ ਕਤਲ, ਇਰਾਦਾ ਕਤਲ, ਡਕੈਤੀ ਤੇ ਲੁੱਟ-ਖੋਹ ਆਦਿ ਦੇ 20 ਕੇਸ ਦਰਜ ਹਨ। ਕੁਝ ਕੇਸਾਂ ਵਿਚੋਂ ਉਹ ਬਰੀ ਵੀ ਹੋ ਚੁੱਕਾ ਹੈ ਜਦੋਂਕਿ ਬਹੁਤੇ ਕੇਸ ਅਜੇ ਵੀ ਅਦਾਲਤ 'ਚ ਚੱਲ ਰਹੇ ਹਨ। ਉਹ ਪੰਜਾਬ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ (ਪੁਸੂ) ਦਾ ਪ੍ਰਮੁੱਖ ਅਹੁਦੇਦਾਰ ਵੀ ਹੈ। ਉਸ ਨਾਲ ਪਟਿਆਲਾ ਸਮੇਤ ਹੋਰਨਾਂ ਖੇਤਰਾਂ ਤੋਂ ਵੱਡੀ ਗਿਣਤੀ ਵਿਦਿਆਰਥੀ ਅਤੇ ਨੌਜਵਾਨ ਜੁੜੇ ਹੋਏ ਹਨ।

ਅਪਰੈਲ-2016 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਇਕ ਵਿਦਿਆਰਥੀ ਆਗੂ 'ਤੇ ਗੋਲੀ ਚਲਾਉਣ ਦੀ ਘਟਨਾ ਸਬੰਧੀ ਚੰਡੀਗੜ੍ਹ ਪੁਲਿਸ ਨੇ ਐਸ.ਕੇ. ਸਮੇਤ ਤਿੰਨ ਜਣਿਆਂ 'ਤੇ 50-50 ਹਜ਼ਾਰ ਰੁਪਏ ਦਾ ਇਨਾਮ ਵੀ ਰੱਖਿਆ ਸੀ। ਫਿਰ ਐਸ.ਕੇ. ਅਤੇ ਗੁਰਪ੍ਰੀਤ ਗੋਪੀ ਨੂੰ ਗ੍ਰਿਫਤਾਰ ਕਰ ਕੇ ਇਕ ਲੱਖ ਰੁਪਏ ਦਾ ਇਨਾਮ ਪਟਿਆਲਾ ਪੁਲਿਸ ਨੇ ਹਾਸਲ ਕੀਤਾ ਸੀ। ਕੁਝ ਮਹੀਨੇ ਪਹਿਲਾਂ ਐਸ.ਕੇ. ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਅ ਹੋ ਕੇ ਬਾਹਰ ਆਇਆ ਸੀ। ਇਸ ਤੋਂ ਪਹਿਲਾਂ ਉਹ ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦਾ ਸਮਰਥਕ ਵੀ ਰਹਿ ਚੁੱਕਾ ਹੈ, ਪਰ 6 ਅਪਰੈਲ ਨੂੰ ਇਥੇ ਇਕ ਸਮਾਗਮ ਵਿਚ ਉਹ ਆਪਣੇ ਸੈਂਕੜੇ ਸਮਰਥਕਾਂ ਸਣੇ ਕਾਂਗਰਸ ਵਿਚ ਸ਼ਾਮਲ ਹੋ ਗਿਆ ਸੀ।

## ਕਤਲੇਆਮ 84 ਦਾ ਸਰਗਨਾ ਸੀ ਸੱਜਣ ਕੁਮਾਰ: ਸੀ.ਬੀ.ਆਈ.

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਸੁਪਰੀਮ ਕੋਰਟ 'ਚ ਕਿਹਾ ਕਿ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ 1984 ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦਾ ਸਰਗਨਾ ਸੀ। ਇਹ ਸ਼ਬਦ ਜਾਂਚ ਏਜੰਸੀ ਵੱਲੋਂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਆਖੇ ਗਏ।

ਸੱਜਣ ਕੁਮਾਰ ਨੇ ਪਿਛਲੇ ਸਾਲ 17 ਦਸੰਬਰ ਨੂੰ ਦਿੱਲੀ ਹਾਈ ਕੋਰਟ ਵੱਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਸੁਣਾਈ ਗਏ ਉਮਰ ਕੈਦ ਦੀ ਸਜ਼ਾ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਜੇਲ੍ਹ ਵਿਚ ਬੰਦ 73 ਸਾਲਾ ਸੱਜਣ ਕੁਮਾਰ ਨੇ ਜ਼ਮਾਨਤ ਅਰਜ਼ੀ ਵੀ ਅਦਾਲਤ 'ਚ ਦਾਖਲ ਕੀਤੀ ਹੈ। ਇਹ ਜ਼ਮਾਨਤ ਅਰਜ਼ੀ ਅੱਜ ਜਸਟਿਸ ਐਸ.ਏ. ਬੋਬੜੇ ਅਤੇ ਐਸ.ਏ. ਨਜ਼ੀਰ ਦੇ ਬੈਂਚ ਕੋਲ ਸੁਣਵਾਈ ਲਈ ਆਈ। ਸੀ.ਬੀ.ਆਈ. ਵੱਲੋਂ ਪੇਸ਼ ਹੋਏ ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਕਿ ਸੱਜਣ ਕੁਮਾਰ ਨੂੰ ਜ਼ਮਾਨਤ ਦੇਣਾ ਨਿਆਂ ਦਾ ਮਜ਼ਾਕ ਉਡਾਉਣਾ ਹੋਵੇਗਾ, ਕਿਉਂਕਿ ਉਸ ਖਿਲਾਫ ਪਟਿਆਲਾ ਹਾਊਸ ਅਦਾਲਤ 'ਚ '84 ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਇਕ ਹੋਰ ਕੇਸ ਸੁਣਵਾਈ ਅਧੀਨ ਹੈ।

## ਲੇਹ ਦੇ ਗੁਰਦੁਆਰਾ ਪੱਥਰ ਸਾਹਿਬ ਦੇ ਇਤਿਹਾਸਕ ਚਿੰਨ੍ਹ ਹਟਾਉਣ 'ਤੇ ਸਿੱਖਾਂ ਵਿਚ ਰੋਸ

**ਸ੍ਰੀਨਗਰ:** ਆਲ ਪਾਰਟੀ ਸਿੱਖ ਤਾਲਮੇਲ ਕਮੇਟੀ ਨੇ ਲਦਾਖ ਖੇਤਰ ਦੇ ਲੇਹ ਇਲਾਕੇ 'ਚ ਸਥਿਤ ਇਤਿਹਾਸਕ ਗੁਰਦੁਆਰਾ ਪੱਥਰ ਸਾਹਿਬ ਦੇ ਵਿਗਾੜ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ। ਪਾਰਟੀ ਨੇ ਰਾਜ ਦੇ ਗਵਰਨਰ ਨੂੰ ਜਲਦੀ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਹੱਲ ਕਰਨ ਦੀ ਮੰਗ ਕੀਤੀ ਹੈ।

ਤਾਲਮੇਲ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਕਿਹਾ ਹੈ ਕਿ ਕੁਝ ਸ਼ਰਾਰਤੀ ਤੱਤਾਂ ਨੇ 12 ਹਜ਼ਾਰ ਫੁੱਟ ਦੀ ਉਚਾਈ 'ਤੇ ਲੇਹ ਵਿਖੇ ਸਥਿਤ ਗੁਰਦੁਆਰਾ ਪੱਥਰ ਸਾਹਿਬ ਦੇ ਬਾਹਰਲੇ ਢਾਂਚੇ ਨੂੰ ਵਿਗਾੜ ਕੇ ਇਸ ਦੇ ਢਾਂਚੇ ਨੂੰ ਬਦਲ ਕੇ ਸਿੱਖ ਧਰਮ ਨਾਲ ਸਬੰਧਤ ਚਿੰਨ੍ਹਾਂ ਨੂੰ ਬੁੱਧ ਅਤੇ ਹਿੰਦੂ ਧਰਮਾਂ ਦੇ ਚਿੰਨ੍ਹਾਂ ਨਾਲ ਤਬਦੀਲ ਕਰ ਦਿੱਤਾ ਹੈ। ਇਸ ਮਾਮਲੇ ਨੂੰ ਲੈ ਕੇ ਸਿੱਖ ਭਾਈਚਾਰੇ 'ਚ ਰੋਸ ਦੀ ਲਹਿਰ ਹੈ। ਗੁਰਦੁਆਰਾ ਪੱਥਰ ਸਾਹਿਬ ਲੇਹ ਦਾ ਇਤਿਹਾਸ ਗੁਰੂ ਨਾਨਕ ਦੇਵ ਜੀ ਦੀ ਲਦਾਖ ਫੇਰੀ ਨਾਲ ਜੁੜਿਆ ਹੋਇਆ ਹੈ। ਗੁਰਦੁਆਰਾ ਸਾਹਿਬ ਨੇੜੇ ਸਥਿਤ ਫੌਜੀ ਯੂਨਿਟ ਦੁਆਰਾ ਗੁਰਦੁਆਰਾ ਸਾਹਿਬ ਦੀਆਂ ਪੁਰਾਣੀਆਂ ਲਿਖਤਾਂ ਮਿਟਾ ਦਿੱਤੀਆਂ ਗਈਆਂ ਹਨ।

# ਅਸਾਮ ਦੇ ਪਿੰਡਾਂ ਵਿਚ ਵਸੇ ਸਿੱਖਾਂ ਦੀ ਬਾਂਹ ਫੜੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਮਹਾਰਾਜਾ ਰਣਜੀਤ ਸਿੰਘ ਵੇਲੇ ਦੇ ਅਸਾਮ ਵਿਚ ਵਸੇ ਸਿੱਖਾਂ ਦੀ ਨਵੀਂ ਪੀੜ੍ਹੀ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਉਪਰਾਲੇ ਕਰਨ ਦਾ ਫੈਸਲਾ ਲਿਆ ਗਿਆ ਹੈ। ਸ਼੍ਰੋਮਣੀ ਕਮੇਟੀ ਅਸਾਮ ਦੇ ਪਿੰਡਾਂ ਵਿਚ ਵਸੇ ਸਿੱਖਾਂ ਦੀ ਵੀ ਸਾਰ ਲਵੇਗੀ। ਕਮੇਟੀ ਦੇ ਅਧਿਕਾਰੀ ਤੇ ਮੈਂਬਰ ਅੱਜ-ਕੱਲ੍ਹ ਅਸਾਮ ਦੌਰੇ 'ਤੇ ਹਨ, ਜਿਥੇ ਗੁਹਾਟੀ ਵਿਚ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸਿੱਖ ਪ੍ਰਤੀਨਿਧੀ ਬੋਰਡ ਈਸਟਰਨ ਜ਼ੋਨ ਧੁਬੜੀ ਸਾਹਿਬ ਤੇ ਹੋਰ ਗੁਰਦੁਆਰਾ ਕਮੇਟੀਆਂ ਦੇ ਸਹਿਯੋਗ ਨਾਲ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ ਕਰਾਇਆ ਗਿਆ ਹੈ।

ਸਮਾਗਮ ਮਗਰੋਂ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਗੁਹਾਟੀ ਤੋਂ ਲਗਭਗ 120 ਕਿਲੋਮੀਟਰ ਦੂਰ ਉਨ੍ਹਾਂ ਪਿੰਡਾਂ ਦਾ ਦੌਰਾ ਕੀਤਾ, ਜਿਥੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਸਿੱਖ ਵਸੇ ਹੋਏ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਪਿੰਡਾਂ ਦੇ ਸਿੱਖਾਂ ਦੀਆਂ ਸਮੱਸਿਆਵਾਂ ਦਾ ਪਤਾ ਲਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ 1820 ਵਿਚ ਉਸ ਵੇਲੇ ਦੇ ਰਾਜੇ ਚੰਦਰਕਾਂਤਾ ਸਿੰਘਾ ਦੀ ਮਦਦ ਲਈ ਮਹਾਰਾਜਾ ਰਣਜੀਤ ਸਿੰਘ ਨੇ ਲਗਭਗ 500 ਸਿੱਖ ਸੈਨਿਕ ਭੇਜੇ ਸਨ। ਇਨ੍ਹਾਂ ਵਿਚੋਂ ਵਧੇਰੇ ਜੰਗ ਦੌਰਾਨ ਸ਼ਹੀਦ ਹੋ ਗਏ ਅਤੇ ਜੋ ਜਖਮੀ ਹੋਏ ਸਨ, ਉਹ ਵਾਪਸ ਪਰਤਣ ਦੀ ਥਾਂ ਉਥੇ ਹੀ ਵਸ ਗਏ, ਜਿਨ੍ਹਾਂ ਦਾ ਵੰਸ਼ ਹੁਣ ਉਥੋਂ ਦੇ ਪੱਕੇ ਵਸਨੀਕ ਬਣ ਚੁੱਕਾ ਹੈ। ਇਨ੍ਹਾਂ ਸਿੱਖਾਂ ਨੇ ਆਪਣੇ ਗੁਰਸਿੱਖ ਸਰੂਪ ਨੂੰ ਸਾਂਭਿਆ ਹੋਇਆ ਹੈ।

## ਸ਼੍ਰੋਮਣੀ ਕਮੇਟੀ ਦੇ ਫਾਰਗ ਕਰਮਚਾਰੀ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਫਾਰਗ ਕੀਤੇ ਕਰਮਚਾਰੀਆਂ 'ਚ ਸ਼ਾਮਲ ਇਕ ਨੌਜਵਾਨ ਨੇ ਧਰਨੇ ਦੌਰਾਨ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰਨ ਦਾ ਯਤਨ ਕੀਤਾ। ਉਸ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ ਹੈ ਤੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਖੁਦਕੁਸ਼ੀ ਦਾ ਯਤਨ ਕਰਨ ਵਾਲੇ ਫਾਰਗ ਕਰਮਚਾਰੀ ਦੀ ਸ਼ਨਾਖਤ ਸਰ ਹੁਸਨ ਸਿੰਘ ਵਜੋਂ ਹੋਈ ਹੈ। ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਤ ਇਹ ਨੌਜਵਾਨ ਕਰੀਬ 20 ਵਰ੍ਹਿਆਂ ਦਾ ਹੈ। ਨੌਕਰੀ ਦੌਰਾਨ ਉਹ ਇਥੇ ਐਨ.ਆਰ.ਆਈ. ਸਰਾਂ ਵਿਚ ਸਫਾਈ ਸੇਵਕ ਵਜੋਂ ਤਾਇਨਾਤ ਸੀ ਤੇ ਪ੍ਰਤੀ ਦਿਨ 175 ਰੁਪਏ ਮਿਹਨਤਾਨੇ ਵਜੋਂ ਮਿਲ ਰਹੇ ਸਨ। ਜਦ 523 ਕਰਮਚਾਰੀਆਂ ਨੂੰ ਫਾਰਗ ਕੀਤਾ ਗਿਆ ਤਾਂ ਉਨ੍ਹਾਂ ਵਿਚ ਇਹ ਨੌਜਵਾਨ ਵੀ ਸ਼ਾਮਲ ਸੀ।

## ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣੇਗਾ ਰੇਲਵੇ ਸਟੇਸ਼ਨ

*(ਸਫਾ ਇਕ ਦੀ ਬਾਕੀ)*

ਨੇ ਪੰਜਾਬ ਵਿਚ ਪਵਿੱਤਰ ਸ਼ਹਿਰ ਨਨਕਾਣਾ ਸਾਹਿਬ ਵਿਖੇ ਰੇਲਵੇ ਸਟੇਸ਼ਨ ਦੀ ਉਸਾਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਯਾਦ ਰਹੇ ਕਿ ਭਾਰਤ ਅਤੇ ਪਾਕਿਸਤਾਨ ਬੀਤੇ ਸਾਲ ਨਵੰਬਰ ਵਿਚ ਕਰਤਾਰਪੁਰ ਦੇ ਗੁਰਦੁਆਰਾ ਦਰਬਾਰ ਸਾਹਿਬ ਨੂੰ ਭਾਰਤ ਵਿਚਲੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਧਾਰਮਿਕ ਸਥਾਨ ਨਾਲ ਸੜਕ ਮਾਰਗ ਰਾਹੀਂ ਜੋੜਨ ਲਈ ਸਹਿਮਤ ਹੋਏ ਸਨ। ਕਰਤਾਰਪੁਰ ਸਾਹਿਬ ਰਾਵੀ ਨਦੀ ਕੰਢੇ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿਚ ਸਥਿਤ ਹੈ ਅਤੇ ਡੇਰਾ ਬਾਬਾ ਨਾਨਕ ਤੋਂ ਚਾਰ ਕਿਲੋਮੀਟਰ ਦੂਰ ਹੈ। ਇਸੇ ਦੌਰਾਨ ਇਸੇ ਦੌਰਾਨ ਨਵੀਂ ਦਿੱਲੀ ਵਿਚ ਸਥਿਤ ਪਾਕਿਸਤਾਨੀ ਹਾਈ ਕਮਿਸ਼ਨ ਨੇ ਦੱਸਿਆ ਹੈ ਕਿ ਵਿਸਾਖੀ ਮੌਕੇ ਭਾਰਤ ਦੇ 2200 ਸਿੱਖ ਸ਼ਰਧਾਲੂਆਂ ਵੀਜ਼ਾ ਦਿੱਤਾ ਗਿਆ ਹੈ। ਦੋਹਾਂ ਮੁਲਕਾਂ ਵਿਚਕਾਰ ਵਧੇ ਤਣਾਅ ਤੋਂ ਬਾਅਦ ਇਹ ਪਹਿਲਾ ਵੱਡਾ ਜੱਥਾ ਹੋਵੇਗਾ ਜੋ ਪਾਕਿਸਤਾਨ ਜਾ ਰਿਹਾ ਹੈ। ਇਸ ਜੱਥੇ ਨੂੰ ਦੋਹਾਂ ਮੁਲਕਾਂ ਨੂੰ ਨੇੜੇ ਲਿਆਉਣ ਦਾ ਜ਼ਰੀਆ ਸਮਝਿਆ ਜਾ ਰਿਹਾ ਹੈ।

# ਬਾਦਲਾਂ ਖਿਲਾਫ ਸ਼ਿਕੰਜਾ ਫਿਰ ਢਿੱਲਾ ਪਿਆ

*(ਸਫਾ ਇਕ ਦੀ ਬਾਕੀ)*

ਦੀ ਰਿਪੋਰਟ ਉਤੇ ਕਾਰਵਾਈ ਕਰਨ ਦੀ ਥਾਂ ਇਕ ਹੋਰ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਦਿੱਤੀ। ਭਾਵੇਂ ਇਸ ਸਿੱਟ ਨੂੰ ਸ਼ੁਰੂ ਵਿਚ ਬਾਦਲਾਂ ਨੂੰ ਬਚਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਸੀ ਪਰ ਕੁੰਵਰ ਵਿਜੈ ਪ੍ਰਤਾਪ ਨੇ ਵੱਲੋਂ ਵਿਖਾਈ ਫੁਰਤੀ ਨੇ ਬਾਜ਼ੀ ਪੁੱਠੀ ਪਾ ਦਿੱਤੀ ਤੇ ਇਹ ਅਫਸਰ ਅਕਾਲੀਆਂ ਨੂੰ ਚੁੱਭਣ ਲੱਗਾ।

ਇਸੇ ਲਈ ਅਕਾਲੀ ਦਲ ਨੇ ਪਿਛਲੇ ਕਾਫੀ ਸਮੇਂ ਤੋਂ ਇਸ ਅਫਸਰ ਖਿਲਾਫ ਮੁਹਿੰਮ ਵਿੱਢੀ ਹੋਈ ਸੀ। ਹੁਣ ਚੋਣ ਕਮਿਸ਼ਨ ਨੇ ਅਕਾਲੀਆਂ ਦੀ ਇਸ ਮੁਹਿੰਮ ਨੂੰ ਸਫਲ ਬਣਾ ਕੇ ਵੱਡੀ ਰਾਹਤ ਦੇ ਦਿੱਤੀ ਹੈ। ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਬਾਦਲ ਪਰਿਵਾਰ ਵੱਲ ਉਂਗਲ ਕਰਨ ਵਾਲੇ ਕਿਸੇ ਅਫਸਰ ਨੂੰ ਘੇਰਿਆ ਗਿਆ ਹੋਵੇ। ਇਸ ਤੋਂ ਪਹਿਲਾਂ ਨਸ਼ਾ ਤਸਕਰੀ ਦੇ ਮਾਮਲੇ ਵਿਚ ਘਿਰੇ ਬਿਕਰਮ ਸਿੰਘ ਮਜੀਠੀਆ ਨੂੰ ਹੱਥ ਪਾਉਣ ਵਾਲੇ ਈ.ਡੀ. ਦੇ ਅਧਿਕਾਰੀ ਨਿਰੰਜਣ ਸਿੰਘ ਨਾਲ ਵੀ ਇਹੋ ਕੁਝ ਹੋਇਆ ਸੀ। ਬਾਦਲਾਂ ਨੇ ਕੇਂਦਰ ਕੋਲ ਪਹੁੰਚ ਕਰ ਕੇ ਇਸ ਅਧਿਕਾਰੀ ਦੀ ਬਦਲੀ ਕਰਵਾ ਦਿੱਤੀ ਸੀ ਪਰ ਹਾਈਕੋਰਟ ਨੇ ਇਹ ਬਦਲੀ ਰੱਦ ਕਰ ਦਿੱਤੀ



ਸੀ। ਉਸ ਤੋਂ ਬਾਅਦ ਅੱਜ ਤੱਕ ਕੋਈ ਅਫਸਰ ਮਜੀਠੀਆ ਨੂੰ ਹੱਥ ਪਾਉਣ ਤੋਂ ਝਿਜਕਦਾ ਹੈ।

ਅਕਾਲੀ ਸਰਕਾਰ ਸਮੇਂ ਬੇਅਦਬੀ ਦੇ ਰੋਸ ਵਿਚ ਧਰਨਾ ਦੇ ਰਹੇ ਪ੍ਰਦਰਸ਼ਨਕਾਰੀਆਂ ਉਤੇ ਪੁਲਿਸ ਨੇ ਗੋਲੀ ਚਲਾ ਦਿੱਤੀ ਸੀ, ਜਿਸ ਵਿਚ ਦੋ ਸਿੱਖਾਂ ਦੀ ਮੌਤ ਤੇ ਕਈ ਜ਼ਖਮੀ ਹੋ ਗਏ ਸਨ। ਸਿੱਖਾਂ ਵਿਚ ਰੋਸ ਵਧਦਾ ਵੇਖ ਬਾਦਲ ਸਰਕਾਰ ਨੇ ਜਾਂਚ ਲਈ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਣਾਇਆ ਸੀ ਤੇ ਇਸ ਨੇ ਆਪਣੀ ਰਿਪੋਰਟ ਵੀ ਸਰਕਾਰ ਨੂੰ ਸੌਂਪ ਦਿੱਤੀ ਪਰ ਅੱਜ ਤੱਕ ਇਸ ਰਿਪੋਰਟ ਦੀ ਭਾਫ ਤੱਕ ਨਹੀਂ ਨਿਕਲਣ ਦਿੱਤੀ ਗਈ। ਫਿਰ ਕੈਪਟਨ ਸਰਕਾਰ ਬਣੀ ਤਾਂ ਇਹ ਰਿਪੋਰਟ ਲਾਗੂ ਕਰਨ ਦੀ ਥਾਂ ਇਕ ਹੋਰ ਕਮਿਸ਼ਨ ਬਣਾ ਦਿੱਤਾ ਗਿਆ। ਜਿਸ ਨੇ ਤੈਅ ਸਮੇਂ ਵਿਚ ਆਪਣੀ ਰਿਪੋਰਟ ਪੇਸ਼ ਕੀਤੀ ਪਰ ਅਗਲੇ ਹੀ ਦਿਨ ਇਹ ਰਿਪੋਰਟ ਲੀਕ ਹੋ ਗਈ ਤੇ ਵਿਧਾਨ ਸਭਾ ਵਿਚ ਪੇਸ਼ ਕਰਨ ਤੋਂ ਪਹਿਲਾਂ ਇਸ ਨੂੰ ਅਕਾਲੀ ਆਗੂ ਹੱਥਾਂ ਵਿਚ ਚੁੱਕੀ ਦਾਅਵਾ ਕਰ ਰਹੇ ਸਨ ਕਿ ਉਹ ਇਹ ਰਿਪੋਰਟ ਕਬਾੜ ਦੀ ਦੁਕਾਨ ਤੋਂ ਲੈ ਕੇ ਆਏ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# Matrimonials

**ਲੜਕੇ ਦੀ ਲੋੜ ਹੈ**

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com 11-14

Urban based highly educated small Jatt Sikh family having high moral values seeks USA Citizen handsome, educated boy for their daughter convent educated, M-tech(Computer Science), 24 years, 5'-6", beautiful, slim, intelligent having 10 years USA visitor visa. Contact, Ph: 209-642-0642, Email: Hrkrn11@gmail.com 10-13

**ਜੀਵਨ ਸਾਥੀ ਦੀ ਲੋੜ ਹੈ**

ਗਰੀਨ ਕਾਰਡ ਹੋਲਡਰ ਅਰੋੜਾ ਸਿੱਖ 47 ਸਾਲ, 5'-11", ਆਪਣਾ ਬਿਜਨਸ ਕਰਦੇ ਕਲੀਨ ਸ਼ੇਵ ਤਲਾਕਸ਼ੁਦਾ ਲੜਕੇ ਵਾਸਤੇ ਜੀਵਨ ਸਾਥੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਫੋਨ: 347-561-2529 14

ਜੱਟ ਸਿੱਖ, ਅਮਰੀਕਨ ਸਿਟੀਜ਼ਨ, ਵੈਲ ਸੈਟਲਡ ਤਲਾਕਸ਼ੁਦਾ, ਉਮਰ 40 ਸਾਲ, ਕੱਦ 5'-4" ਲੜਕੀ ਲਈ ਵੈਲ ਸੈਟਲਡ ਜੀਵਨ ਸਾਥੀ ਦੀ ਲੋੜ ਹੈ, ਜੋ 40 ਸਾਲ ਤੋਂ ਵੱਧ ਹੋਵੇ। ਬਿਨਾ ਬੱਚੇ ਤੋਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਹਫਤੇ ਦੇ ਕੰਮ ਵਾਲੇ ਦਿਨੀਂ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਸੰਪਰਕ ਕਰੋ, ਫੋਨ: 540-479-0603 (ਵੱਟਸ ਐਪ) 13-16

**ਲੜਕੀ ਦੀ ਲੋੜ ਹੈ**

ਸੈਣੀ ਸਿੱਖ ਉਮਰ 32 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਾ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 14-17

Wanted suitable girl for my Doctor US born son final year residency Int-Med, 5'-5" wheatish, teetotaler and vegetarian NYC, visa candidates can be considered. Non Jatt elegant Gujjar family from Punjab. Call after 4 pm eastern or text any time. Contact: (321) 888-5109 or E-mail: billsinghtech@gmail.com 14-

Wanted US citizen Suitable girl for Dental specialist Arora Sikh boy, 30, 5'-10", practicing and teaching endodontic. Mother senior professor, father retired Deputy Director, Department of animal husbandry, well settled. Caste no bar. Contact: 91-94174-05453 {Punjab} 13-16

Jatt Sikh Sangha parents seeking match for their US citizen son, 25 years, 6'-2", non drinker, working as Software Engineer in Boeing. Contact, Ph: 636-577-5615 or E-mail: sangha@charter.net 11-18

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*


# ਸਿਆਸਤ 'ਚ ਔਰਤਾਂ ਦੀ ਹਿੱਸੇਦਾਰੀ ਤੋਂ ਟਲਦੀਆਂ ਨੇ ਸਿਆਸੀ ਧਿਰਾਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਇਸ ਮੌਕੇ 117 ਵਿਧਾਇਕਾਂ ਵਿਚੋਂ ਸਿਰਫ 6 ਮਹਿਲਾ ਵਿਧਾਇਕ ਹਨ। ਦੇਸ਼ ਵਿਚ ਲਗਭਗ 4109 ਵਿਧਾਇਕਾਂ ਵਿਚ ਔਸਤਨ 9 ਮਹਿਲਾ ਵਿਧਾਇਕ ਹਨ। 16ਵੀਂ ਲੋਕ ਸਭਾ ਵਿਚ ਬੇਸ਼ੱਕ ਔਰਤ ਮੈਂਬਰਾਂ ਦੀ ਗਿਣਤੀ ਪਹਿਲਾਂ 15ਵੀਂ ਲੋਕ ਸਭਾ ਦੀਆਂ 59 ਦੇ ਮੁਕਾਬਲੇ 66 ਹੋ ਗਈ ਸੀ ਪਰ ਇਹ ਗਿਣਤੀ 12. 15 ਫੀਸਦੀ ਤੱਕ ਹੀ ਸੀਮਤ ਰਹੀ।

ਔਰਤਾਂ ਨੂੰ ਨੁਮਾਇੰਦਗੀ ਦੇ ਮਾਮਲੇ ਵਿਚ 193 ਦੇਸ਼ਾਂ ਵਿਚੋਂ ਭਾਰਤ 149ਵੇਂ ਸਥਾਨ ਉਤੇ ਹੈ। ਪਹਿਲੀ ਵਾਰ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਸਬੰਧੀ ਬਿੱਲ ਦੇਵਗੌੜਾ ਦੀ ਸਰਕਾਰ ਸਮੇਂ 12 ਸਤੰਬਰ 1996 ਵਿਚ ਲੋਕ ਸਭਾ ਵਿਚ ਪੇਸ਼ ਕੀਤਾ ਗਿਆ ਸੀ। ਮੁੜ 2008 ਵਿਚ ਬਿਲ ਰਾਜ ਸਭਾ ਅੰਦਰ ਪੇਸ਼ ਹੀ ਨਹੀਂ ਹੋਇਆ ਬਲਕਿ ਰਾਜ ਸਭਾ ਨੇ ਇਸ ਨੂੰ ਪਾਸ ਵੀ ਕਰ ਦਿੱਤਾ ਪਰ ਲੋਕ ਸਭਾ ਵਿਚ ਪਾਸ ਨਾ ਕਰਵਾਏ ਜਾਣ ਕਰਕੇ ਇਹ ਬਿੱਲ ਆਪਣੇ ਆਪ ਖਤਮ ਹੋ ਗਿਆ। 23 ਸਾਲਾਂ ਤੋਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਬਦਲੀਆਂ ਤੇ ਤਮਾਮ ਦਾਅਵੇ ਹੋਏ ਪਰ ਨੁਮਾਇੰਦਗੀ ਸਬੰਧੀ ਚੋਣ ਮਨੋਰਥ ਪੱਤਰਾਂ ਵਿਚ ਮੁੜ ਮੁੜ ਵਾਅਦਾ ਕਰਨ ਤੋਂ ਇਲਾਵਾ ਗੱਲ ਅੱਗੇ ਨਹੀਂ ਤੁਰ ਰਹੀ ਹੈ।

ਦੇਸ਼ ਵਿਚ ਔਰਤਾਂ ਦੀ ਸਿਆਸੀ ਸੰਸਥਾਵਾਂ ਵਿਚ ਹਿੱਸੇਦਾਰੀ ਦੇ ਮਾਮਲੇ ਵਿਚ ਪੱਛਮੀ ਬੰਗਾਲ ਪਹਿਲੇ ਨੰਬਰ ਉਤੇ ਹੈ। ਇਸ ਵਾਰ ਮਮਤਾ ਬੈਨਰਜੀ ਨੇ ਤ੍ਰਿਣਮੂਲ ਕਾਂਗਰਸ ਵੱਲੋਂ ਕੁੱਲ 42 ਸੀਟਾਂ ਵਿਚੋਂ 17 ਟਿਕਟਾਂ ਔਰਤ ਉਮੀਦਵਾਰਾਂ ਨੂੰ ਦੇ ਕੇ ਲਗਭਗ 41 ਫੀਸਦੀ ਹਿੱਸੇਦਾਰੀ ਯਕੀਨੀ ਬਣਾਈ ਹੈ। ਉੜੀਸਾ ਵਿਚ ਬੀਜੂ ਜਨਤਾ ਦਲ ਨੇ 33 ਫੀਸਦੀ ਸੀਟਾਂ ਔਰਤਾਂ ਨੂੰ ਅਲਾਟ ਕੀਤੀਆਂ ਹਨ। ਕੌਮੀ ਪੱਧਰ ਉਤੇ ਕਾਂਗਰਸ ਤੇ ਭਾਜਪਾ ਇਸ ਦੇ ਨੇੜੇ ਤੇੜੇ ਵੀ ਨਹੀਂ ਹਨ। ਪੰਜਾਬ ਵਿਚ ਔਰਤਾਂ ਦੀ ਸਿਆਸੀ ਹਿੱਸੇਦਾਰੀ ਦਾ ਮਾਹੌਲ ਹੀ ਤਿਆਰ ਨਹੀਂ ਹੋ ਰਿਹਾ। ਸਿਆਸੀ ਕਾਨਫਰੰਸਾਂ ਅਤੇ ਹੋਰ ਇਕੱਠਾਂ ਵਿਚ ਔਰਤਾਂ ਦੀ ਹਾਜ਼ਰੀ ਨਾਮਾਤਰ ਹੁੰਦੀ ਹੈ। 16ਵੀਂ ਲੋਕ ਸਭਾ ਦੌਰਾਨ ਪੰਜਾਬ ਤੋਂ ਇਕੱਲੀ ਇਕ ਔਰਤ ਹਰਸਿਮਰਤ ਕੌਰ ਬਾਦਲ ਹੀ ਲੋਕ ਸਭਾ ਵਿਚ ਪਹੁੰਚੀ ਸੀ। ਔਰਤਾਂ ਦਾ ਇਹ ਹਿੱਸਾ ਵੀ ਪਹਿਲਾਂ ਹੀ ਸਿਆਸੀ ਸੱਤਾ ਵਿਚ ਹਿੱਸੇਦਾਰੀ ਵਾਲੇ ਪਰਿਵਾਰਾਂ ਵਿਚੋਂ ਆਉਂਦਾ ਹੈ।

ਹੁਣ ਤੱਕ ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ ਵਿਚੋਂ ਐਲਾਨੀਆਂ 9 ਟਿਕਟਾਂ ਵਿਚੋਂ ਕਾਂਗਰਸ ਨੇ ਇਕ ਹੀ ਔਰਤ ਉਮੀਦਵਾਰ ਪ੍ਰਨੀਤ ਕੌਰ ਦਾ ਨਾਂ ਸ਼ਾਮਲ ਕੀਤਾ ਹੈ। ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਤੇ ਸਾਬਕਾ ਵਿਦੇਸ਼ ਰਾਜ ਮੰਤਰੀ ਹਨ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਤਹਿਤ ਅਕਾਲੀ ਦਲ ਨੇ ਖਡੂਰ ਸਾਹਿਬ ਤੋਂ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਜਗੀਰ ਕੌਰ ਨੂੰ ਮੈਦਾਨ ਵਿਚ ਉਤਾਰਿਆ ਹੈ। ਕੇਂਦਰੀ ਮੰਤਰੀ ਤੇ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਦਾ ਨਾਂ ਅਜੇ ਤੱਕ ਐਲਾਨਿਆ ਨਹੀਂ ਗਿਆ। ਸੰਭਵ ਹੈ ਕਿ ਇਹ ਆਪਣੇ ਹਿੱਸੇ ਦੀਆਂ ਦਸਾਂ 'ਚੋਂ ਦੋ ਔਰਤ ਉਮੀਦਵਾਰ ਹੋਣਗੀਆਂ। ਆਮ ਆਦਮੀ ਪਾਰਟੀ ਨੇ ਅਜੇ ਤੱਕ ਪਟਿਆਲਾ ਤੋਂ ਨੀਨਾ ਮਿੱਤਲ ਨੂੰ ਉਮੀਦਵਾਰ ਬਣਾਇਆ ਹੈ। ਡੈਮੋਕਰੈਟਿਕ ਅਲਾਇੰਸ ਨੇ ਵੀ ਖਡੂਰ ਸਾਹਿਬ ਤੋਂ ਪਰਮਜੀਤ ਕੌਰ ਖਾਲੜਾ ਨੂੰ ਮੈਦਾਨ ਵਿਚ ਉਤਾਰਿਆ ਹੈ।

ਪੰਜਾਬ ਨੇ ਵੀ ਹੋਰਾਂ ਕਈ ਰਾਜਾਂ ਦੀ ਤਰ੍ਹਾਂ ਪੰਚਾਇਤੀ ਰਾਜ ਸੰਸਥਾਵਾਂ ਤੇ ਸ਼ਹਿਰੀ ਸਥਾਨਕ ਸਰਕਾਰ ਦੀਆਂ ਚੋਣਾਂ 'ਚ ਔਰਤਾਂ ਨੂੰ ਪੰਜਾਹ ਫੀਸਦੀ ਰਾਖਵਾਂਕਰਨ ਦੀ ਰਸਮ ਨਿਭਾ ਦਿੱਤੀ ਹੈ। ਇਸ ਵਾਰ ਪੰਜਾਬ ਵਿਚ ਲਗਭਗ 47.5 ਹਜ਼ਾਰ ਔਰਤਾਂ ਪੰਚ ਅਤੇ ਸਰਪੰਚ ਚੁਣੀਆਂ ਗਈਆਂ ਹਨ ਪਰ ਅਸਲੀਅਤ ਮਨੀਸ਼ੰਕਰ ਅਈਅਰ ਕਮੇਟੀ ਵੱਲੋਂ ਨੋਟ ਕੀਤੇ ਤੱਥ ਵਾਲੀ ਹੀ ਹੈ ਕਿ ਦੇਸ਼ ਤੇ ਪੰਜਾਬ ਵਿਚ ਸਰਪੰਚ ਪਤੀ ਰਾਜ ਹੈ, ਪੰਚਾਇਤ ਰਾਜ ਨਹੀਂ। ਇਨ੍ਹਾਂ ਔਰਤਾਂ ਦੀ ਜਗ੍ਹਾ ਉਨ੍ਹਾਂ ਦੇ ਪਤੀ ਜਾਂ ਪਰਿਵਾਰ ਦਾ ਕੋਈ ਹੋਰ ਆਦਮੀ ਅਧਿਕਾਰਾਂ ਦੀ ਵਰਤੋਂ ਕਰਦਾ ਹੈ।

ਕਿਸਾਨ ਤੇ ਮਜ਼ਦੂਰ ਖੁਦਕੁਸ਼ੀ ਪੀੜਤ ਪਰਿਵਾਰ ਕਮੇਟੀ ਦੀ ਮੁਖੀ ਕਿਰਨਜੀਤ ਕੌਰ ਝੁਨੀਰ ਨੇ ਕਿਹਾ ਕਿ ਕਮਾਉਣ ਵਾਲੇ ਮਰਦ ਦੇ ਚਲੇ ਜਾਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਔਰਤਾਂ ਨੂੰ ਘਰੇਲੂ ਲੈਣ-ਦੇਣ ਦੇ ਫੈਸਲੇ ਵਿਚ ਵੀ ਸ਼ਾਮਲ ਨਾ ਕਰਨ ਨਾਲ ਬਾਅਦ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਆਉਂਦੀਆਂ ਹਨ। ਜੋ ਔਰਤਾਂ ਸਮਾਜਿਕ ਖੇਤਰ ਵਿਚ ਅੱਗੇ ਆ ਰਹੀਆਂ ਹਨ, ਉਨ੍ਹਾਂ ਨੂੰ ਸਿਆਸੀ ਅਤੇ ਹੋਰ ਜਾਣਕਾਰੀ ਹੋਣ ਲੱਗੀ ਹੈ। ਅਸਲ ਵਿਚ ਔਰਤਾਂ ਨੂੰ ਅਜਿਹਾ ਮਾਹੌਲ ਦੇਣਾ ਜ਼ਰੂਰੀ ਹੈ ਜਿਸ ਵਿਚ ਉਹ ਆਪਸੀ ਵਿਚਾਰਾਂ ਤੇ ਦੁੱਖਾਂ-ਤਕਲੀਫਾਂ ਦਾ ਆਦਾਨ-ਪ੍ਰਦਾਨ ਕਰ ਸਕਣ।

ਭਾਰਤ ਦੀ ਚੋਣ ਪ੍ਰਣਾਲੀ ਦਾ ਇਕ ਪਹਿਲੂ ਇਹ ਵੀ ਹੈ ਕਿ ਔਰਤਾਂ ਦਾ ਜਾਇਦਾਦ ਅਤੇ ਧਨ ਵਿਚ ਹਿੱਸਾ ਨਿਗੂਣਾ ਹੈ। ਇਸ ਤਰ੍ਹਾਂ ਚੋਣ ਪ੍ਰਕਿਰਿਆ ਲਗਾਤਾਰ ਮਹਿੰਗੀ ਹੁੰਦੀ ਜਾ ਰਹੀ ਹੈ। ਇਸ ਨਾਲ ਸਧਾਰਨ ਲੋਕ ਇਸ ਖੇਡ ਵਿਚ ਦਰਸ਼ਕ ਹੀ ਬਣ ਸਕਦੇ ਹਨ, ਖੇਡਣ ਦੀ ਹੈਸੀਅਤ ਉਹ ਗੁਆ ਚੁੱਕੇ ਹਨ। ਔਰਤਾਂ ਤਾਂ ਮਨਮਰਜ਼ੀ ਨਾਲ ਖਿਡਾਰੀ ਬਣਨ ਦੀ ਸਥਿਤੀ ਵਿਚ ਵੀ ਨਹੀਂ ਹਨ। ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਸਾਬਕਾ ਚੇਅਰਪਰਸਨ ਪਰਮਜੀਤ ਕੌਰ ਲਾਂਡਰਾਂ ਨੇ ਕਿਹਾ ਕਿ ਅਜੇ ਔਰਤਾਂ ਨੂੰ ਆਪਣੇ ਹੱਕਾਂ ਲਈ ਲੰਬੀ ਲੜਾਈ ਲੜਨੀ ਪੈਣੀ ਹੈ ਪਰ ਇਸ ਦੇ ਨਾਲ ਹੀ ਮਰਦਾਂ ਦੇ ਦਿਮਾਗਾਂ ਵਿਚ ਤਬਦੀਲੀ ਵੀ ਜ਼ਰੂਰੀ ਹੈ।

## ਯੂ.ਕੇ. ਵੱਲੋਂ ਨਵੇਂ ਪਾਸਪੋਰਟ ਜਾਰੀ ਕਰਨੇ ਸ਼ੁਰੂ

**ਲੰਡਨ:** ਬਰਤਾਨੀਆ ਨੇ ਪਾਸਪੋਰਟਾਂ ਦੀ ਮੂਹਰਲੀ ਜਿਲਦ 'ਤੇ ਲਿਖੇ ਸ਼ਬਦ 'ਯੂਰਪੀਅਨ ਯੂਨੀਅਨ' ਹਟਾ ਕੇ ਪਾਸਪੋਰਟ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ ਭਾਵੇਂ ਕਿ ਹਾਲੇ ਬ੍ਰੈਗਜ਼ਿਟ ਬਾਰੇ ਫੈਸਲਾ ਲੰਬਿਤ ਪਿਆ ਹੈ।

ਗ੍ਰਹਿ ਮੰਤਰਾਲੇ ਨੇ ਪੁਸ਼ਟੀ ਕੀਤੀ ਕਿ 30 ਮਾਰਚ ਤੋਂ ਬਾਅਦ ਜਾਰੀ ਹੋਏ ਕੁਝ ਪਾਸਪੋਰਟਾਂ 'ਤੇ 'ਯੂਰਪੀਅਨ ਯੂਨੀਅਨ' ਨਹੀਂ ਲਿਖਿਆ ਗਿਆ ਹੈ।


# ਸ਼ੈਫ ਤੇ ਹੈਲਪਰ ਦੀ ਲੋੜ ਹੈ

ਲਾਰੈਂਸ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ
ਸ਼ੈਫ ਤੇ ਹੈਲਪਰ ਦੀ ਲੋੜ ਹੈ
*ਚੰਗੀ ਤਨਖਾਹ, ਮੁਫਤ ਰਿਹਾਇਸ਼*
**ਸੰਪਰਕ ਕਰੋ: 316-518-5382** 12-15

# Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading
*Men's Facials
*Custom Designing
*Line-ups
*Custom Text
*Hair Coler
*Shave & Mundan
*Head Massage

**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**
*www.princebarbershop.com*

# ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635 4-

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**
**7021 Village Park Way, Dublin, CA 94568**

Email:
Homeomedicine@yahoo.com

# ਮੈਂ ਪੰਜਾਬ ਸਿੰਹੁ! ਆਪਣੇ ਪੁੱਤਾਂ ਦੀਆਂ ਲਾਵਾਰਿਸ ਲਾਸ਼ਾਂ ਲੱਭਦਾ ਫਿਰਦਾਂ

***ਪੰਜਾਬ ਵਿਚ ਚੋਣਾਂ ਦਾ ਪਿੜ ਭਖਿਆ ਪਿਆ ਹੈ, ਪਰ ਪੰਜਾਬ ਦੇ ਕੁੱਲ 13 ਹਲਕਿਆਂ ਵਿਚੋਂ ਇਕ ਹਲਕੇ ਖਡੂਰ ਸਾਹਿਬ ਵਿਚ ਮਾਹੌਲ ਕੁਝ ਵੱਖਰਾ ਹੈ। ਇਸ ਹਲਕੇ ਤੋਂ ਉਹ ਬੀਬੀ ਪਰਮਜੀਤ ਕੌਰ ਖਾਲੜਾ ਮੈਦਾਨ ਵਿਚ ਹਨ, ਜਿਨ੍ਹਾਂ ਨੇ ਕਾਲੇ ਦੌਰ ਦੌਰਾਨ ਖਪਾਏ ਗਏ ਨੌਜਵਾਨਾਂ ਦਾ ਖੋਜ-ਖੁਰਾ ਸਭ ਦੇ ਸਾਹਮਣੇ ਨਸ਼ਰ ਕਰਨ ਲਈ ਆਪਣੀ ਲੜਾਈ ਇਕ ਦਿਨ ਵੀ ਮੱਠੀ ਨਹੀਂ ਪੈਣ ਦਿੱਤੀ। ਇਹ ਲੜਾਈ ਉਨ੍ਹਾਂ ਦੇ ਪਤੀ ਅਤੇ ਮਨੁੱਖੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਨੇ ਸ਼ੁਰੂ ਕੀਤੀ ਸੀ ਅਤੇ ਅੰਤਾਂ ਦੀ ਕਹਿਰਵਾਨ ਇਸ ਲੜਾਈ ਵਿਚ ਆਪਣੀ ਜਾਨ ਵੀ ਦਾਅ 'ਤੇ ਲਾ ਦਿੱਤੀ, ਪਰ ਉਹ ਆਪਣੇ ਮਿਸ਼ਨ 'ਤੇ ਸਦਾ ਹੀ ਕਾਇਮ ਰਹੇ। ਇਸੇ ਮਿਸ਼ਨ ਦਾ ਧਿਆਨ ਧਰ ਕੇ ਸ. ਮਝੈਲ ਸਿੰਘ ਸਰਾਂ ਨੇ ਇਸ ਲੇਖ ਵਿਚ ਹਾਅ ਦਾ ਨਾਅਰਾ ਮਾਰਿਆ ਹੈ। ਇਹ ਲੇਖ ਅਸਲ ਵਿਚ ਜ਼ਖਮੀ ਪੰਜਾਬ ਦੀ ਚੀਕ ਹੈ, ਜੋ ਬੀਬੀ ਪਰਮਜੀਤ ਕੌਰ ਖਾਲੜਾ ਦੀ ਜਿੱਤ ਬਣ ਕੇ ਭਾਰਤ ਦੀ ਪਾਰਲੀਮੈਂਟ ਵਿਚ ਬੁਲੰਦ ਆਵਾਜ਼ ਬਣ ਸਕਦੀ ਹੈ। -ਸੰਪਾਦਕ***

ਜ਼ਿੰਦਗੀ ਦਾ ਉਹ ਦਿਨ ਬਾਪ ਵਾਸਤੇ ਸਭ ਤੋਂ ਮੰਦਭਾਗਾ ਹੁੰਦਾ, ਜਿਸ ਦਿਨ ਉਹ ਆਪਣੇ ਹੋਣਹਾਰ ਨੌਜੁਆਨ ਪੁੱਤ ਦੀ ਅਰਥੀ ਨੂੰ ਆਪਣੇ ਮੋਢੇ 'ਤੇ ਸਿਵਿਆਂ ਨੂੰ ਲੈ ਜਾ ਕੇ ਖੁਦ ਲਾਂਬੂ ਲਾਉਂਦਾ। ਸਿਵੇ ਦੀ ਅੱਗ ਵਿਚ ਉਹਦਾ ਸਭ ਕੁਝ ਲਟ ਲਟ ਬਲ ਜਾਂਦਾ, ਦੁਨੀਆਂ ਉਜੜ ਜਾਂਦੀ ਉਸ ਦਿਨ ਉਹਦੀ, ਸਭ ਪਾਸੇ ਨ੍ਹੇਰ ਪੈ ਜਾਂਦਾ, ਜਿਉਂਦਾ ਈ ਲਾਸ਼ ਬਣ ਜਾਂਦਾ ਬਾਪ ਪੁੱਤ ਦੀ ਮੌਤ ਪਿਛੋਂ। ਇਸ ਤੋਂ ਵੀ ਮਨਹੂਸ ਹੁੰਦਾ ਉਹ ਦਿਨ, ਜਿਸ ਦਿਨ ਉਹਦੇ ਸ਼ਿੰਦੇ ਪੁੱਤ ਦਾ ਕੋਈ ਆਪਣਾ ਹੀ ਖੁਦਗਰਜ਼ ਵਿਸਾਹਘਾਤ ਕਰਕੇ ਕਤਲ ਕਰ ਦਿੰਦਾ। ਸੁੰਨ ਹੋ ਜਾਂਦਾ ਬਾਪ ਇਸ ਕਾਰੇ ਉਪਰੰਤ ਇਕ ਵਾਰ ਤਾਂ; ਹਰ ਹੀਲਾ ਵਰਤਦਾ ਆਪਣੇ ਪੁੱਤ ਦੇ ਕਾਤਿਲ ਨੂੰ ਫਾਹੇ ਲਵਾਉਣ ਲਈ। ਭਲਾ ਜਰ ਹੁੰਦਾ ਇੱਦਾਂ ਆਪਣੇ ਹੱਥੀਂ ਲਾਡਾਂ ਨਾਲ ਪਾਲੇ ਪੁੱਤ ਦਾ ਫਰੇਬ ਨਾਲ ਕੀਤਾ ਕਤਲ!

ਪਰ ਕਦੇ ਉਸ ਬਾਪ ਬਾਰੇ ਸੋਚਿਆ ਜਿਹਦਾ ਜਿਗਰ ਦਾ ਟੁਕੜਾ ਗਿਆ ਤਾਂ ਸਵੇਰੇ ਕਾਲਜ ਪੜ੍ਹਨ ਨੂੰ ਸੀ ਤੇ ਮੁੜ ਕਦੇ ਘਰ ਨਾ ਆਇਆ। ਸ਼ਰੇਆਮ

**ਮਝੈਲ ਸਿੰਘ ਸਰਾਂ**

ਉਹਨੂੰ ਕਾਲਜ ਤੋਂ ਨਿਕਲਦੇ ਨੂੰ ਜਿਪਸੀ ਵਿਚ ਸੁੱਟ ਕੇ ਕੌਣ ਲੈ ਗਿਆ? ਇਹਦੀਆਂ ਕਨਸੋਆਂ ਮਿਲਦੀਆਂ ਸਨ, ਬੜਾ ਹੋਣਹਾਰ ਸੀ ਉਹ, ਬਹੁਤ ਹੀ ਸੁਨੱਖਾ ਤੇ ਅਕਲਮੰਦ ਅਤੇ ਪੜ੍ਹਾਈ ਤੇ ਖੇਡਾਂ ਵਿਚ ਅੱਵਲ ਰਹਿਣ ਵਾਲਾ; ਪਿੰਡ ਵਾਲੇ ਉਹਨੂੰ ਸਾਊ ਕਹਿ ਕੇ ਬੁਲਾਉਂਦੇ ਸਨ, ਕਿਉਂਕਿ ਉਹ ਧੀਆਂ ਭੈਣਾਂ ਦੀ ਇਜ਼ਤ ਦਾ ਸਾਂਝੀ ਜੋ ਸੀ। ਦੁਸ਼ਮਣ ਬਣ ਗਿਆ ਸੀ ਉਹਦਾ ਦਾੜ੍ਹੀ ਮੁੱਛਾਂ ਰੱਖਣਾ ਤੇ ਕੇਸਰੀ ਪੱਗ ਬੰਨ੍ਹਣਾ। ਉਸ ਬਾਪ ਦਾ ਸਦਮੇ ਨਾਲ ਭਲਾ ਕੀ ਹਾਲ ਹੋਊਗਾ, ਜਿਹਨੇ ਆਪਣੇ ਪੁੱਤ ਨੂੰ ਰਾਤ ਨੂੰ ਭੇਜਿਆ ਤਾਂ ਸੀ ਖੇਤ ਕਣਕ ਨੂੰ ਪਾਣੀ ਲਾਉਣ ਤੇ ਫਿਰ ਕਦੀ ਉਹਦੀ ਉਘ ਸੁੱਘ ਹੀ ਨਾ ਲੱਗੀ। ਕਿਹੜਾ ਪਤਾਲ ਨਿਗਲ ਗਿਆ ਜਾਂ ਅਸਮਾਨ ਹੜੱਪ ਗਿਆ! ਉਹਦੇ ਨਿੱਕੇ ਨਿੱਕੇ ਨਿਆਣੇ ਪੁੱਛਦੇ, ਭਾਪਾ ਕਿੱਥੇ ਗਿਆ? ਆਪਣੀ ਭੈਣ ਨੂੰ ਮਿਲਣ ਗਿਆ ਵੀਰ ਨਾ ਭੈਣ ਦੇ ਘਰ ਪਹੁੰਚਿਆ ਤੇ ਨਾ ਮੁੜ ਕੇ ਘਰ ਵਾਪਿਸ ਆਇਆ।

ਕਿੰਨਿਆਂ ਕੁ ਬਾਰੇ ਇਥੇ ਗੱਲ ਕਰਾਂ, ਦਸ ਵੀਹ ਜਾਂ ਸੌ ਹੋਵੇ ਤਾਂ ਵੀ ਦੱਸਾਂ! ਇਥੇ ਤਾਂ ਗਿਣਤੀ ਲੱਖਾਂ ਨੂੰ ਪਹੁੰਚ ਗਈ; ਦਹਾਕਾ ਭਰ ਇਹੀ ਕੁਝ ਹੁੰਦਾ ਰਿਹਾ ਅਤੇ ਮੇਰੇ ਪੁੱਤ ਗਵਾਚੀ ਗਏ ਤੇ ਮੈਂ ਅਭਾਗਾ ਦਰ ਦਰ 'ਤੇ ਭਟਕਦਾ ਫਿਰਦਾ ਰਿਹਾ ਆਪਣੇ ਲਾਪਤਾ ਹੋਏ ਪੁੱਤਾਂ ਨੂੰ ਲੱਭਦਾ ਪਰ ਮਜਾਲ ਆ ਕਿਤੋਂ ਮੈਨੂੰ ਸੂਹ ਮਿਲੀ ਉਨ੍ਹਾਂ ਦੀ! ਸੂਹ ਕਿਥੋਂ ਮਿਲਣੀ ਸੀ, ਜਿਨ੍ਹਾਂ ਕੋਲ ਮੈਂ ਜਾਂਦਾ ਸਾਂ, ਉਨ੍ਹਾਂ ਦੀ ਹੀ ਤਾਂ ਕਰਤੂਤ ਸੀ।

ਸਾਲਾਂ ਬੱਧੀ ਭਟਕਣ ਪਿਛੋਂ ਮੈਨੂੰ ਕੰਨੋਂ ਕੰਨੀਂ ਕਨਸੋਆਂ ਮਿਲਣ ਲੱਗੀਆਂ ਕਿ ਜਿਸ ਸੋਹਣੇ ਸੁਨੱਖੇ ਕਾਲਜ ਗਏ ਪੁੱਤ ਨੂੰ ਮੈਂ ਉਡੀਕਦਾ ਲੱਭਦਾ ਫਿਰਦਾ ਰਿਹਾ, ਉਹਨੂੰ ਤਾਂ ਬੇਕਿਰਕ ਜਰਵਾਣਿਆਂ ਨੇ ਬੜੀ ਦਰਿੰਦਗੀ ਨਾਲ ਤਿੰਨ ਕੁ ਦਿਨ ਅਣਮਨੁੱਖੀ ਤਸੀਹੇ ਦੇ ਕੇ ਦਰਿਆ ਦੇ ਮੰਡ ਵਿਚ ਗੋਲੀਆਂ ਨਾਲ ਭੁੰਨ ਕੇ ਲੋਥ ਉਸੇ ਦਰਿਆ ਵਿਚ ਰੋੜ੍ਹ ਦਿੱਤੀ ਸੀ ਪਰ ਮੈਨੂੰ ਯਕੀਨ ਨਾ ਆਵੇ! ਮੈਂ ਮੁੜ ਤੁਰ ਪਿਆ ਜਾਣਨ ਲਈ ਕਿ ਕੀ ਇਹ ਸੱਚ ਵੀ ਹੈ? ਫਿਰ ਜੋ ਮੈਂ ਸੁਣਿਆ, ਮੇਰੀ ਜ਼ਬਾਨ ਬੋਲ ਵੀ ਨ੍ਹੀਂ ਸਕਦੀ, ਤੁਸੀਂ ਧੀਆਂ-ਧਿਆਣੀਆਂ ਨੇ ਵੀ ਪੜ੍ਹਨਾ-ਸੁਣਨਾ; ਕਿੱਦਾਂ ਦੱਸਾਂ ਕਿ ਮੇਰੇ ਪੁੱਤ ਦੇ ਜਿਸਮ ਦੇ ਕਿਹੜੇ ਕਿਹੜੇ ਅੰਗ ਨੂੰ ਨਹੀਂ ਕੋਹਿਆ ਦੁਸ਼ਟਾਂ ਨੇ, ਕਿੱਥੇ ਕਿੱਥੇ ਬਿਜਲੀ ਦੇ ਕਰੰਟ ਨਹੀਂ ਲਾਏ, ਪੱਟ ਪਾੜ ਕੇ ਮਿਰਚਾਂ ਪਾਈਆਂ, ਅੱਖਾਂ ਵਿਚ ਗਰਮ ਕਰਕੇ ਸਰੀਏ ਦਿੱਤੇ, ਉਹਦੇ ਮਖਮਲੀ ਜਿਸਮ ਨੂੰ ਹਜ਼ਾਰ ਵਾਟ ਦੇ ਹੀਟਰ 'ਤੇ ਬਿਠਾ ਦਿੱਤਾ। ਜਿਸ ਪੰਜਾਬ ਸਿੰਘ ਦੇ ਨਾਂ ਤੋਂ ਦੁਨੀਆਂ ਦੀਆਂ ਤਾਕਤਾਂ ਥਰ ਥਰ ਕੰਬਦੀਆਂ ਸਨ, ਇਹ ਜਾਣ ਕੇ ਉਹੀ ਪੰਜਾਬ ਸਿੰਹੁ ਆਪਣੇ ਕਹਾਉਣ ਵਾਲਿਆਂ ਤੋਂ ਖੌਫਜ਼ਦਾ ਹੋ ਕੇ ਪੱਥਰ ਹੀ ਬਣ ਗਿਆ ਸੀ।

ਜਿਸ ਖੇਤ ਗਏ ਪੁੱਤ ਦੇ ਨਿਆਣਿਆਂ ਨੂੰ ਮੈਂ ਅੱਜ ਤੱਕ ਇਹੀ ਕਹਿ ਕੇ ਦਿਲਾਸਾ ਦਿੰਦਾ ਰਿਹਾ ਕਿ ਤੁਹਾਡੇ ਭਾਪੇ ਨੂੰ ਮੈਂ ਇੱਕ ਦਿਨ ਘਰ ਲੈ ਕੇ ਜ਼ਰੂਰ ਆਊਂਗਾ, ਉਹਦੀ ਦੱਬਵੀਂ ਜਿਹੀ ਖਬਰ ਵੀ ਮੈਨੂੰ ਮਿਲੀ ਕਿ ਉਹਨੂੰ ਤਾਂ ਉਸੇ ਦਿਨ ਵੱਡੀ ਨਹਿਰ ਦੇ ਕੰਢੇ ਸੁੰਨ ਸਾਨ ਥਾਂ 'ਤੇ ਲਿਜਾ ਕੇ ਦੋਂਹ ਜਿਪਸੀਆਂ ਵਿਚ ਬੰਨ੍ਹ ਕੇ ਦੋਫਾੜ ਕਰਕੇ ਨਹਿਰ ਵਿਚ ਸੁੱਟ ਦਿੱਤਾ ਸੀ। ਜਿਸ ਭੈਣ ਨੂੰ ਮਿਲਣ ਉਹਦਾ ਵੀਰ, ਮੇਰਾ ਪੁੱਤ ਗਿਆ ਸੀ, ਉਹ ਅੱਜ ਵੀ ਭਰਾ ਦਾ ਰਾਹ ਦੇਖਦੀ ਆ। ਉਹਦੇ ਬਾਰੇ ਇਹ ਪਤਾ ਲੱਗਾ ਕਿ ਫਰਜ਼ੀ ਮੁਕਾਬਲਾ ਬਣਾ ਕੇ ਉਹਦੀ ਲਾਸ਼ ਨੂੰ ਬਹੁਤ ਵੱਡੇ ਇਨਾਮੀ ਖਾੜਕੂ ਦੀ ਲਾਸ਼ ਦਰਸਾ ਕੇ ਲੱਖਾਂ ਦਾ ਇਨਾਮ ਵੀ ਜਰਵਾਣਿਆਂ ਨੇ ਆਪਸ ਵਿਚ ਵੰਡ ਲਿਆ ਸੀ।

ਇਸ ਪਿਛੋਂ ਮੈਨੂੰ ਖੁੜਕ ਗਈ ਕਿ ਜਿਨ੍ਹਾਂ ਆਪਣੇ ਹਜ਼ਾਰਾਂ-ਲੱਖਾਂ ਗੁੰਮ ਹੋਏ ਪੁੱਤਾਂ ਨੂੰ ਮੈਂ ਪਿਛਲੇ ਸਾਲਾਂ ਤੋਂ ਲਭਦਾ ਰਿਹਾ, ਉਹ ਤਾਂ ਉਦੋਂ ਦੇ ਹੀ ਜਰਵਾਣਿਆਂ ਨੇ ਮਾਰ ਮੁਕਾ ਦਿੱਤੇ ਸਨ। ਫਿਰ ਮੈਂ ਤੁਰ ਪਿਆ ਉਨ੍ਹਾਂ ਦੀ ਮਿੱਟੀ ਲੱਭਣ ਕਿ ਕਿਤੋਂ ਤਾਂ ਪਤਾ ਲੱਗੇ ਕਿ ਮੇਰੇ ਪੁੱਤਾਂ ਨਾਲ ਕਿਹੜੇ ਭਾਣੇ ਵਰਤੇ ਹੋਣੇ ਆ! ਉਨ੍ਹਾਂ ਨੇ ਮਰਨ ਵਕਤ ਕਿਹਨੂੰ ਹਾਕ ਮਾਰੀ ਸੀ, ਮੇਰੇ ਪੁੱਤਾਂ ਦੇ ਅਖੀਰਲੇ ਅਲਫਾਜ਼ ਕੀ ਸਨ; ਉਹਦੀ ਲਾਸ਼ ਨੂੰ ਕਿਹੜੇ ਸਿਵਿਆਂ 'ਚ ਲਾਂਬੂ ਲਾਇਆ ਸੀ, ਉਹਦੇ ਫੁੱਲ ਕਿਤੇ ਹੈਗੇ- ਮੈਂ ਘੱਟੋ ਘੱਟ ਉਨ੍ਹਾਂ ਨੂੰ ਹੀ ਘੁੱਟ ਕੇ ਆਪਣੇ ਕਾਲਜੇ ਲਾ ਲਵਾਂ, ਉਨ੍ਹਾਂ ਦੀਆਂ ਅੰਤਿਮ ਰਸਮਾਂ ਹੀ ਨਿਭਾ ਦਿਆਂ ਤਾਂ ਕਿ ਉਨ੍ਹਾਂ ਦੀਆਂ ਰੂਹਾਂ ਨੂੰ ਕਿਤੇ ਗੁਰੂ ਚਰਨਾਂ 'ਚ ਥਾਂ ਮਿਲ ਜਾਵੇ। ਇਥੇ ਵੀ ਮੈਂ ਅਭਾਗਾ ਹੀ ਰਿਹਾ, ਮੇਰੇ ਕੁਝ ਪੱਲੇ ਨਾ ਪਿਆ। ਮੇਰੇ ਪੁੱਤਾਂ ਦੀਆਂ ਲਾਸ਼ਾਂ ਕਿੱਥੇ, ਕਿਸ ਨੇ ਤੇ ਕਿਵੇਂ ਬਿਲੇ ਲਾਈਆਂ? ਸਾਫ ਮੁੱਕਰ ਜਾਂਦੇ ਸੀ ਕਿ ਸਾਨੂੰ ਕੀ ਪਤਾ ਤੇਰੇ ਪੁੱਤਾਂ ਦਾ। ਵਾਰ ਵਾਰ ਪੁੱਛਣ 'ਤੇ ਧਮਕੀ ਦਿੰਦੇ ਕਿ ਜੋ ਬਚੇ ਆ, ਇਨ੍ਹਾਂ ਨੂੰ ਹੀ ਬਚਾ ਹੁੰਦਾ ਤਾਂ ਬਚਾ ਲੈ, ਨਹੀਂ ਤਾਂ ਇਨ੍ਹਾਂ ਨੂੰ ਵੀ ਪਹਿਲਿਆਂ ਕੋਲ ਛੇਤੀ ਪੁਚਾ ਦਿਆਂਗੇ!


ਸੱਚ ਜਾਣਿਓ! ਮੈਂ ਉਹ ਪੰਜਾਬ ਸਿੰਘ, ਜੋ ਬੜੇ ਤੋਂ ਬੜੇ ਧਾਕੜ ਬਾਹਰੀ ਹਾਕਮ ਅੱਗੇ ਹਿੱਕ ਡਾਹ ਕੇ ਖੜ੍ਹ ਜਾਂਦਾ ਸਾਂ ਤੇ ਮਜਬੂਰ ਕਰ ਦਿੰਦਾ ਸਾਂ ਉਹਨੂੰ ਆਪਣੀਆਂ ਬਰੂਹਾਂ ਤੋਂ ਬਾਹਰ ਨਿਕਲਣ ਲਈ, ਆਪਣਿਆਂ ਦੀ ਧਮਕੀ ਤੋਂ ਖੌਫ ਖਾ ਗਿਆ।

ਫਿਰ ਮੇਰੀ ਨਿਗਾਹ ਆਪਣੇ ਵੱਡੇ ਸਰਦਾਰ 'ਤੇ ਪਈ। ਮੈਂ ਜਾ ਫਰਿਆਦੀ ਹੋਇਆ ਉਹਦੇ ਕੋਲ। ਉਹਦੇ ਹਮਦਰਦੀ ਭਰੇ ਬੋਲਾਂ ਨੇ ਮੈਨੂੰ ਢਾਰਸ ਬੰਨ੍ਹਾਈ, ਉਹਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਿਹਾ, ਪੰਜਾਬ ਸਿੰਹਾਂ! ਤੇਰੇ ਨਾਲ ਵਾਕਿਆ ਹੀ ਜੱਗੋਂ ਤੇਰਵੀਂ ਹੋਈ ਆ, ਬਹੁਤ ਵੱਡਾ ਜ਼ੁਲਮ ਹੋਇਆ ਤੇਰੇ ਨਾਲ, ਮੈਂ ਤੈਨੂੰ ਤੇਰੇ ਪੁੱਤਾਂ ਦੇ ਥਹੁ ਟਿਕਾਣਿਆਂ ਬਾਰੇ ਸਾਰਾ ਕੁਝ ਪਤਾ ਲਾ ਕੇ ਦੱਸਾਂਗਾ, ਨਾਲੇ ਕਰਾਊਂਗਾ ਹੋਈਆਂ ਵਧੀਕੀਆਂ ਦਾ ਇਨਸਾਫ। ਮੈਂ ਤੇਰੇ ਨਾਲ ਆਂ, ਪੰਜਾਬ ਸਿੰਹਾਂ! ਤੂੰ ਮੈਨੂੰ ਤਖਤ 'ਤੇ ਇੱਕ ਵਾਰ ਬਿਠਾ, ਫਿਰ ਦੇਖ। ਮੈਂ ਪੂਰਾ ਤਾਣ ਲਾ ਕੇ ਉਹਨੂੰ ਤਖਤ 'ਤੇ ਬਿਠਾਇਆ। ਮੈਂ ਫਿਰ ਉਹਦੇ ਕੋਲ ਬੜੇ ਮਾਣ ਨਾਲ ਗਿਆ ਕਿ ਮੇਰੇ ਪੁੱਤਾਂ ਦੀਆਂ ਲਾਸ਼ਾਂ ਬਾਰੇ ਪਤਾ ਕਰਵਾ ਦੇ ਹੁਣ। ਮੈਂ ਆਪਣੇ ਪੁੱਤਾਂ ਦੀਆਂ ਬਾਤਾਂ ਪਾਵਾਂ ਤੇ ਉਹ ਗੱਲਾਂ ਆਲ ਮਟੋਲ ਕਰੇ; ਉਹ ਮੈਨੂੰ ਏਧਰ-ਓਧਰ ਦੇ ਹੋਰ ਮਸਲੇ ਦੱਸੀ ਜਾਵੇ, ਮੇਰੀ ਗੱਲ ਵੱਲ ਤਵੱਜੋ ਹੀ ਨਾ ਦੇਵੇ। ਅਖੀਰ ਵਿਚ ਦੱਬਵੀਂ ਆਵਾਜ਼ 'ਚ ਕਹਿੰਦਾ, ਪੰਜਾਬ ਸਿਹਾਂ! ਭੁੱਲ ਜਾਹ ਪੁਰਾਣੀਆਂ ਗੱਲਾਂ ਹੁਣ।

ਮੈਂ, ਜੋ ਦੁਸ਼ਮਣ ਦੀ ਚਾਲ ਨੂੰ ਸਮਝਣ ਵਿਚ ਕਦੇ ਖਤਾ ਨਹੀਂ ਸਾਂ ਖਾਂਦਾ, ਉਹਦੇ ਢਿੱਡ ਦੀ ਬੁੱਝਣ 'ਚ ਪਲ ਨ੍ਹੀਂ ਸਾਂ ਲਾਉਂਦਾ, ਅੱਜ ਖੁਦ ਆਪਣੇ ਹੱਥੀਂ ਬਣਾਏ ਆਪਣੇ ਹੀ ਹਾਕਮ ਦੇ ਫਰੇਬ ਨੂੰ ਨਾ ਸਮਝ ਸਕਿਆ। ਧੋਖਾ ਖਾ ਗਿਆ ਮੈਂ ਉਹਦੀਆਂ ਮੋਮੋਠਗਣੀਆਂ ਮੋਹਰੇ, ਐਨਾ ਚਾਲਬਾਜ਼! ਮੇਰਾ ਭੋਲਾਪਨ ਹੀ ਮੇਰਾ ਸਿਧਰਾਪਨ ਬਣਾ ਕੇ ਰੱਖ ਦਿੱਤਾ, ਆਪਣੀ ਹੀ ਇਸ ਕਾਂਗਿਆਰੀ ਨੇ! ਮੈਨੂੰ ਇਹ ਪਤਾ ਈ ਨਾ ਲੱਗਾ ਕਿ ਮੇਰੇ ਪੁੱਤਾਂ ਦੀਆਂ ਲਾਸ਼ਾਂ ਦਾ ਵਪਾਰੀ ਹੀ ਇਹੋ ਫੱਫੇਕੁਟਣਾ ਹੈ। ਮੇਰੇ ਮੂੰਹੋਂ ਫੇਰ ਬਸ ਇੰਨਾ ਹੀ ਨਿਕਲਿਆ, ਹੂੰਹ...! ਭੁੱਲ ਜਾਹ! ਜਾਨਵਰ ਜਨੌਰ ਵੀ ਨ੍ਹੀਂ ਭੁੱਲਦੇ ਹੁੰਦੇ ਆਪਣੇ ਬੋਟਾਂ ਨੂੰ; ਤੂੰ ਮੈਨੂੰ ਉਨ੍ਹਾਂ ਤੋਂ ਵੀ ਗਿਰਿਆ ਗੁਜ਼ਰਿਆ ਸਮਝ ਲਿਆ। ਦੁੱਖ ਮੇਰਾ ਉਦੋਂ ਹੋਰ ਵੀ ਅਸਹਿ ਹੋ ਗਿਆ, ਜਦੋਂ ਮੈਂ ਦੇਖਿਆ ਕਿ ਮੇਰੇ ਪੁੱਤਾਂ ਦੇ ਨਿਰਦਈ ਕਾਤਿਲਾਂ ਨਾਲ ਇਸ ਵੱਡੀ ਕਾਂਗਿਆਰੀ ਦੀਆਂ ਜੱਫੀਆਂ ਪਈਆਂ ਹੋਈਆਂ।

ਮੈਂ ਬੜਾ ਨਿਰਾਸ਼ ਤੇ ਬੇਆਸ ਹੋ ਗਿਆ। ਰਾਤੀਂ ਮੈਨੂੰ ਨੀਂਦ 'ਚ ਮੇਰੇ ਪੁੱਤ ਦਿਸਣੇ, ਉਨ੍ਹਾਂ ਪੁੱਛਣਾ, ਕਾਹਦਾ ਬਾਪ ਆਂ ਤੂੰ! ਤੂੰ ਆਪਣੇ ਪੁੱਤਾਂ ਦੇ ਸਿਵੇ ਵੀ ਨਾ ਸਾਂਭ ਸਕਿਆ। ਇਹ ਸੋਚ ਸੋਚ ਕੇ ਮੈਂ ਗੁੰਮ ਜਿਹਾ ਰਹਿਣ ਲੱਗ ਪਿਆ; ਝੋਰਾ ਲੱਗ ਗਿਆ ਕਿ ਮੈਂ ਉਹ ਪੰਜਾਬ ਸਿੰਘ, ਆਪਣੇ ਪੈਗੰਬਰੀ ਬਾਬੇ ਦੇ ਸਰਬ ਸਾਂਝੀਵਾਲਤਾ ਦੇ ਸਿਧਾਂਤ 'ਤੇ ਪਹਿਰਾ ਦਿੰਦਾ ਹੋਇਆ ਦੁਸ਼ਮਣ ਦੀ ਵੀ ਮਿੱਟੀ ਦਾ ਸਤਿਕਾਰ ਕਰਕੇ ਸਮੇਟਣ ਵਾਲੇ ਦੇ ਆਪਣੇ ਪੁੱਤਾਂ ਦੀਆਂ ਲਾਸ਼ਾਂ ਲਾਵਾਰਿਸ! ਹਮਦਰਦ ਨਾ ਦਿਸੇ ਕੋਈ, ਜੋ ਦੱਸੇ ਕਿ ਤੇਰਾ ਕਿਹੜਾ ਪੁੱਤ ਕਿਸ ਸ਼ਮਸ਼ਾਨਘਾਟ ਵਿਚ ਫੂਕਿਆ ਸੀ।

***ਫਿਰ ਮੇਰੀ ਨਿਗਾਹ ਆਪਣੇ ਵੱਡੇ ਸਰਦਾਰ 'ਤੇ ਪਈ। ਮੈਂ ਜਾ ਫਰਿਆਦੀ ਹੋਇਆ ਉਹਦੇ ਕੋਲ। ਉਹਦੇ ਹਮਦਰਦੀ ਭਰੇ ਬੋਲਾਂ ਨੇ ਮੈਨੂੰ ਢਾਰਸ ਬੰਨ੍ਹਾਈ, ਉਹਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਿਹਾ, ਪੰਜਾਬ ਸਿੰਹਾਂ! ਤੇਰੇ ਨਾਲ ਵਾਕਿਆ ਹੀ ਜੱਗੋਂ ਤੇਰਵੀਂ ਹੋਈ ਆ, ਬਹੁਤ ਵੱਡਾ ਜ਼ੁਲਮ ਹੋਇਆ ਤੇਰੇ ਨਾਲ, ਮੈਂ ਤੈਨੂੰ ਤੇਰੇ ਪੁੱਤਾਂ ਦੇ ਥਹੁ ਟਿਕਾਣਿਆਂ ਬਾਰੇ ਸਾਰਾ ਕੁਝ ਪਤਾ ਲਾ ਕੇ ਦੱਸਾਂਗਾ, ਨਾਲੇ ਕਰਾਊਂਗਾ ਹੋਈਆਂ ਵਧੀਕੀਆਂ ਦਾ ਇਨਸਾਫ। ਮੈਂ ਤੇਰੇ ਨਾਲ ਆਂ, ਪੰਜਾਬ ਸਿੰਹਾਂ! ਤੂੰ ਮੈਨੂੰ ਤਖਤ 'ਤੇ ਇੱਕ ਵਾਰ ਬਿਠਾ, ਫਿਰ ਦੇਖ। ਮੈਂ ਪੂਰਾ ਤਾਣ ਲਾ ਕੇ ਉਹਨੂੰ ਤਖਤ 'ਤੇ ਬਿਠਾਇਆ। ਮੈਂ ਫਿਰ ਉਹਦੇ ਕੋਲ ਬੜੇ ਮਾਣ ਨਾਲ ਗਿਆ ਕਿ ਮੇਰੇ ਪੁੱਤਾਂ ਦੀਆਂ ਲਾਸ਼ਾਂ ਬਾਰੇ ਪਤਾ ਕਰਵਾ ਦੇ ਹੁਣ। ਮੈਂ ਆਪਣੇ ਪੁੱਤਾਂ ਦੀਆਂ ਬਾਤਾਂ ਪਾਵਾਂ ਤੇ ਉਹ ਗੱਲਾਂ ਆਲ ਮਟੋਲ ਕਰੇ; ਉਹ ਮੈਨੂੰ ਏਧਰ-ਓਧਰ ਦੇ ਹੋਰ ਮਸਲੇ ਦੱਸੀ ਜਾਵੇ, ਮੇਰੀ ਗੱਲ ਵੱਲ ਤਵੱਜੋ ਹੀ ਨਾ ਦੇਵੇ। ਅਖੀਰ ਵਿਚ ਦੱਬਵੀਂ ਆਵਾਜ਼ 'ਚ ਕਹਿੰਦਾ, ਪੰਜਾਬ ਸਿਹਾਂ! ਭੁੱਲ ਜਾਹ ਪੁਰਾਣੀਆਂ ਗੱਲਾਂ ਹੁਣ।***



*ਜਸਵੰਤ ਸਿੰਘ ਖਾਲੜਾ*



*ਬੀਬੀ ਪਰਮਜੀਤ ਕੌਰ ਖਾਲੜਾ*

ਫਿਰ ਮੇਰਾ ਆਪਣਾ ਹੀ ਛੈਲ-ਛਬੀਲਾ ਪੁੱਤ ਜਸਵੰਤ ਸਿੰਘ ਖਾਲੜਾ ਉਠਿਆ, ਪਤਾ ਨਹੀਂ ਮੇਰੇ ਪੈਗੰਬਰੀ ਬਾਬੇ ਨੀਲੇ ਦੇ ਸ਼ਾਹ ਅਸਵਾਰ ਨੇ ਹੀ ਭੇਜਿਆ ਹੋਊ, ਕਿਉਂਕਿ ਆਪਣੀ ਮੌਤ ਦਾ ਕੋਈ ਖੌਫ ਹੀ ਨਹੀਂ ਸੀ ਉਹਨੂੰ। ਚਾਰ ਚੁਫੇਰਾ ਫਰੇਬੀ ਜਰਵਾਣਿਆਂ ਨਾਲ ਭਰਿਆ ਪਿਆ, ਤੇ ਉਹ ਇਕੱਲਾ ਜਨੂੰਨੀ ਮੈਨੂੰ ਹਿੱਕ ਥਾਪੜ ਕੇ ਕਹਿੰਦਾ, ਮੈਂ ਲੱਭੂੰ ਤੇਰੇ ਪੁੱਤਾਂ ਦਾ ਖੁਰਾ ਖੋਜ। ਮੈਨੂੰ ਸਮਝ ਨਾ ਲੱਗੇ ਕਿ ਇਹ ਕਿੱਦਾਂ ਲੱਭੂ? ਸ਼ੇਰ ਦੇ ਜਬਾੜੇ 'ਚ ਹੱਥ ਪਾਉਣ ਬਰਾਬਰ ਸੀ, ਤਲਵਾਰ ਦੀ ਤਿੱਖੀ ਧਾਰ 'ਤੇ ਤੁਰਨ ਦੀ ਗੱਲ ਸੀ ਇਹ ਤਾਂ! ਇੱਕ ਕਤਲ ਦਾ ਸੁਰਾਗ ਲੱਭਣ ਲਈ ਜਿਥੇ ਸਟੇਟ ਦੀ ਸਾਰੀ ਮਸ਼ੀਨਰੀ ਲੱਗ ਜਾਂਦੀ ਆ, ਉਥੇ ਇਹ ਇਕਹਿਰੇ ਜਿਹੇ ਜਿਸਮ ਵਾਲਾ 'ਕੱਲਾ, ਖਾਲੀ ਹੱਥੀਂ ਹਜ਼ਾਰਾਂ ਮੇਰੇ ਪੁੱਤਾਂ ਦੇ ਕਤਲ ਦਾ ਕਿਵੇਂ ਪਤਾ ਲਾਊ? ਨਾਲੇ ਕਾਤਿਲ ਹੀ ਤਾਂ ਤਖਤ 'ਤੇ ਬੈਠੇ ਸਨ, ਉਹ ਵੀ ਬੜੇ ਬੇਕਿਰਕੇ। ਪਰ ਉਹ ਵਾਰਿਸ ਹੀ ਬੋਤਾ ਸਿੰਘ ਤੇ ਗਰਜਾ ਸਿੰਘ ਦਾ ਸੀ, ਜਿਨ੍ਹਾਂ ਨੂੰ ਪਤਾ ਸੀ ਆਪਣੀ ਹੋਣੀ ਦਾ।

ਖਾਲੜਾ! ਪੰਜਾਬ ਸਿੰਘ ਦਾ ਸੂਰਮਾ ਪੁੱਤ! ਬੜਾ ਹੀ ਰੌਸ਼ਨ ਦਿਮਾਗ, ਤੁਰ ਪਿਆ ਸਿਵਿਆਂ ਵੱਲ ਕਿ ਐਥੋਂ ਲੱਭਣੇ ਤੇਰੇ ਪੁੱਤਾਂ ਦੇ ਸੁਰਾਗ। ਤਿੰਨ ਕੁ ਸ਼ਮਸ਼ਾਨਘਾਟਾਂ 'ਚੋਂ ਹੀ ਜਦੋਂ ਮੇਰੇ ਤਿੰਨ ਕੁ ਹਜ਼ਾਰ ਪੁੱਤਾਂ ਦੀਆਂ ਲਾਸ਼ਾਂ ਨੂੰ ਹਾਕਮਾਂ ਨੇ ਲਾਵਾਰਿਸ ਕਰਕੇ ਫੂਕਣ ਦੇ ਅਸਲੀ ਸੁਰਾਗ ਮੈਨੂੰ ਦਿਖਾਏ ਤਾਂ ਕਦੇ ਕਿਸੇ ਤੋਂ ਭੈਅ ਨਾ ਖਾਣ ਵਾਲਾ ਮੈਂ! ਪੰਜਾਬ ਸਿੰਘ ਪੈਰਾਂ ਤੋਂ ਲੈ ਕੇ ਸਿਰ ਤੱਕ ਕੰਬ ਗਿਆ ਇੱਕ ਵਾਰ ਤਾਂ, ਕਿਉਂਕਿ ਉਹਦੇ ਵਿਚ ਮੇਰੇ ਉਨ੍ਹਾਂ ਪੁੱਤਾਂ ਦੇ ਨਾਂ ਵੀ ਸਨ, ਜੋ ਅਜੇ ਬਾਪ ਦੀ ਉਂਗਲ ਛੱਡ ਕੇ ਆਪ ਤੁਰਨ ਜੋਗੇ ਹੋਏ ਸਨ; ਤੇ ਉਨ੍ਹਾਂ ਦੇ ਵੀ, ਜੋ ਉਮਰ ਦੇ ਆਖਰੀ ਪੜਾਅ ਵਿਚ ਅੱਠੇ ਪਹਿਰ ਬੰਦਗੀ ਕਰਨ ਵਾਲੇ ਰੱਬ ਦੀ ਮੂਰਤ ਬਾਬੇ।

ਖਾਲੜਾ ਪੁੱਤ ਬੱਸ ਐਨਾ ਕਰਕੇ ਨ੍ਹੀਂ ਬੈਠ ਗਿਆ, ਉਹ ਮੇਰੇ ਪੁੱਤਾਂ ਦੀਆਂ ਲਾਵਾਰਿਸ ਲਾਸ਼ਾਂ ਦਾ ਵਾਰਿਸ ਬਣ ਕੇ ਅਦਾਲਤਾਂ ਵੱਲ ਤੁਰ ਪਿਆ ਪਰ ਉਹ ਅਦਾਲਤਾਂ ਜੋ ਜਾਬਰਾਂ ਜਰਵਾਣਿਆਂ ਹਾਕਮਾਂ ਦੇ ਪੱਖ ਵਿਚ ਭੁਗਤਣ ਵਾਲੀਆਂ ਹੋਣ, ਨਿਆਂ ਕਿਥੋਂ ਮਿਲਣਾ ਸੀ! ਪਰ ਉਹਦੇ ਇਸ ਕਦਮ ਨੇ ਹਾਕਮਾਂ ਦੀ ਨੀਂਦ ਜ਼ਰੂਰ ਉਡਾ ਦਿੱਤੀ।

ਹੋਰ ਸਿਵਿਆਂ ਦੀ ਸਵਾਹ ਫਰੋਲਣ ਤੋਂ ਪਹਿਲਾਂ ਉਹਨੇ ਇਨ੍ਹਾਂ ਤਿੰਨਾਂ ਤੋਂ ਇਕੱਠੀ ਕੀਤੀ ਰਿਪੋਰਟ ਨੂੰ ਜੱਗ ਜ਼ਾਹਰ ਕਰਨ ਵਾਸਤੇ ਦੁਨੀਆਂ ਨੂੰ ਦੱਸਣਾ ਜ਼ਰੂਰੀ ਸਮਝਿਆ, ਕਿਉਂਕਿ ਉਹ ਪਹਿਲੇ ਦਿਨ ਤੋਂ ਹੀ ਜਾਣ ਗਿਆ ਸੀ ਕਿ ਜੋ ਉਹ ਦੱਸਣ ਜਾ ਰਿਹਾ, ਉਹਨੂੰ ਖੁਦ ਨੂੰ ਬੜੀ ਛੇਤੀ ਹੀ ਇਨ੍ਹਾਂ ਸਿਵਿਆਂ ਵਿਚ ਇੱਕ ਲਾਵਾਰਿਸ ਲਾਸ਼ ਬਣਾ ਕੇ ਫੂਕ ਦਿੱਤਾ ਜਾਣਾ। ਕੈਨੇਡਾ ਦੀ ਜ਼ਮੀਨ 'ਤੇ ਆ ਕੇ ਉਹਨੇ ਜਦੋਂ ਗੰਗਾ ਜਮੁਨਾ ਸਭਿਅਤਾ ਵਾਲਿਆਂ ਦੀ ਅਸਲੀਅਤ ਨਸ਼ਰ ਕੀਤੀ ਤਾਂ ਦੁਨੀਆਂ ਵਾਲੇ ਹੈਰਾਨ ਹੋ ਗਏ ਕਿ ਸ਼ਾਂਤੀ ਦਾ ਪੈਗਾਮ ਦੇਣ ਵਾਲਿਆਂ ਦੀ ਕਰਤੂਤ ਐਨੀ ਗਿਰੀ ਹੋਈ ਆ! ਇਹ ਤਾਂ ਨਾਜ਼ੀਵਾਦ ਨੂੰ ਵੀ ਮਾਤ ਪਾ ਗਈ। ਜੱਗ ਵਾਲਿਆਂ ਨੇ ਦੇਖਿਆ ਕਿ ਆਹ ਬੰਦਾ ਉਹ, ਜੋ ਪਰਦਾਫਾਸ਼ ਕਰ ਰਿਹਾ ਤਾਂ ਖਾਲੜੇ ਪੁੱਤ ਨੂੰ ਸਲਾਹ ਦਿੱਤੀ ਕਿ ਹੁਣ ਉਥੇ ਵਾਪਿਸ ਨਾ ਜਾਹ, ਤੈਨੂੰ ਜਿਉਂਦਾ ਨਹੀਂ ਛੱਡਣਾ ਜਰਵਾਣਿਆਂ ਨੇ। ਆਪਣੀ ਤਕਦੀਰ ਦਾ ਉਹਨੂੰ ਪਤਾ ਸੀ ਪਰ ਜੋ ਜਨੂੰਨ ਸਿਰ 'ਤੇ ਸਵਾਰ ਸੀ, ਉਹ ਕਿਥੇ ਰੋਕ ਸਕਦਾ ਸੀ ਅਜਿਹੇ ਮਰਜੀਵੜਿਆਂ ਨੂੰ, ਜਿਨ੍ਹਾਂ ਨੇ ਦੂਜੇ ਦੇ ਦੁੱਖ ਨੂੰ ਆਪਣੇ ਸਿਰ 'ਤੇ ਲੈ ਲਿਆ ਹੋਵੇ।

ਅਜਿਹੇ ਵਿਰਲੇ ਹੀ ਹੁੰਦੇ ਆ, ਲੱਖਾਂ-ਕਰੋੜਾਂ ਵਿਚੋਂ ਇੱਕ, ਤੇ ਮੇਰਾ ਖਾਲੜਾ ਪੁੱਤ ਉਨ੍ਹਾਂ ਵਿਚੋਂ ਇੱਕ ਸੀ। ਮੁੜ ਆਇਆ ਉਹ, ਮੇਰੇ ਨਾਲ ਕੀਤਾ ਵਾਅਦਾ ਪੂਰਾ ਕਰਨ ਤੇ ਰਹਿੰਦੇ ਸਿਵਿਆਂ ਦੀ ਸਵਾਹ ਫਰੋਲਣ, ਤਾਂ ਜੋ ਮੇਰੇ ਬਾਕੀ ਪੁੱਤਰਾਂ ਦੀਆਂ ਲਾਵਾਰਿਸ ਲਾਸ਼ਾਂ ਦੇ ਸੁਰਾਗ ਲੱਭ ਕੇ ਮੈਨੂੰ ਦੇ ਸਕੇ। ਜਰਵਾਣੇ ਹਾਕਮ, ਜੋ ਪਹਿਲਾਂ ਹੀ ਤਾਕ ਵਿਚ ਬੈਠੇ ਸਨ, ਬਣਾ ਦਿੱਤਾ ਮੇਰਾ ਯੋਧਾ ਪੁੱਤ ਖਾਲੜਾ ਵੀ ਲਾਵਾਰਿਸ ਲਾਸ਼। ਮੈਂ! ਪੰਜਾਬ ਸਿੰਘ ਇੱਕ ਵਾਰ ਫਿਰ ਲਾਚਾਰ ਬਣ ਕੇ ਬਹਿ ਗਿਆ ਉਹਦੇ ਵਿਛੋੜੇ ਨਾਲ ਕਿ ਕਦੋਂ ਤੇ ਕੌਣ ਹੁਣ ਮੈਨੂੰ ਮੇਰੇ ਬਾਕੀ ਪੁੱਤਾਂ ਦੀਆਂ ਲਾਸ਼ਾਂ ਲੱਭ ਕੇ ਦੇਊਗਾ?

ਪਿਛਲੇ ਸੱਤਰ ਸਾਲਾਂ ਤੋਂ ਮੈਂ ਵੋਟਾਂ ਵਾਲੀ ਸਿਆਸਤ ਨੂੰ ਬੜੇ ਨੇੜੇ ਤੋਂ ਦੇਖਦਾ ਰਿਹਾ, ਬੜੀਆਂ ਖੇਡਾਂ ਖੇਡੀਆਂ ਇਨ੍ਹਾਂ ਸਿਆਸਤਦਾਨਾਂ ਨੇ ਮੇਰੇ ਨਾਲ। ਮੈਨੂੰ ਪੰਜਾਬ ਸਿੰਘ ਤੋਂ ਮਸਲਾ ਸਿੰਘ ਬਣਾ ਕੇ ਰੱਖ ਦਿੱਤਾ ਇਨ੍ਹਾਂ ਨੀਲੀਆਂ, ਚਿੱਟੀਆਂ, ਲਾਲ, ਹਰੀਆਂ ਪੱਗਾਂ ਨੇ ਆਪਸ ਵਿਚ ਰਲ ਕੇ। ਕਿਸੇ ਨੇ ਮੇਰੇ ਪੁੱਤਾਂ ਬਾਰੇ ਸੁਹਿਰਦਤਾ ਨਹੀਂ ਦਿਖਾਈ ਅੱਜ ਤੱਕ। ਸੱਚ ਦੱਸਾਂ! ਜੋ ਵੱਧ ਹੱਥ ਜੋੜ ਕੇ ਕਹਿੰਦਾ, ਮੈਂ ਸੇਵਾ ਕਰਨ ਆਇਆਂ ਸਿਆਸਤ ਵਿਚ, ਓਨਾ ਹੀ ਵੱਡਾ ਘੁਮੰਡੀ ਆ ਉਹ। ਸੱਚ ਤਾਂ ਇਹ ਆ ਕਿ ਹੁਣ ਮੈਨੂੰ ਇਨ੍ਹਾਂ ਸਿਆਸਤੀਆਂ 'ਤੇ ਯਕੀਨ ਹੈ ਨ੍ਹੀਂ। ਸਿਰੇ ਦੇ ਚਾਲਬਾਜ਼, ਮੱਕਾਰ, ਲੋਭੀ, ਵਿਸਾਹਘਾਤੀ। ਲੋਹੜਾ ਤਾਂ ਇਸ ਗੱਲ ਦਾ ਕਿ ਮੇਰੇ ਹੀ ਪੁੱਤਾਂ ਨੂੰ ਚੁੱਕ ਕੇ ਤੇ ਕਤਲ ਕਰਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਕਹਿ ਕੇ ਫੂਕਣ ਵਾਲੇ ਉਨ੍ਹਾਂ ਮੇਰੇ ਪੁੱਤਾਂ ਦੀਆਂ ਲਾਸ਼ਾਂ 'ਤੇ ਦਹਾਕਿਆਂ ਬੱਧੀ ਸਿਆਸਤ ਕਰਕੇ ਆਪਣੇ ਪੁੱਤਾਂ ਨੂੰ ਤਖਤ 'ਤੇ ਬਠਾਲਣ ਦੇ ਬਾਨ੍ਹਣੂ ਬੰਨ੍ਹ ਗਏ, ਤੇ ਮੈਂ ਲਾਚਾਰ ਅੱਜ ਵੀ ਸਿਵਿਆਂ ਦੀ ਸਵਾਹ ਫਰੋਲਦਾਂ ਕਿ ਕਿਹੜੀ ਮੇਰੇ ਪੁੱਤ ਦੀ ਆ।


ਅੱਜ ਮੇਰੀ ਇੱਕ ਧੀਅ ਜਿਹਨੇ ਲਾਵਾਰਿਸ ਲਾਸ਼ ਦੇ ਸੇਕ ਨੂੰ ਆਪਣੇ ਪਿੰਡੇ 'ਤੇ ਹੰਢਾਇਆ, ਉਹਨੇ ਫਿਰ ਮੇਰੀ ਧਿਰ ਬਣ ਕੇ ਖੜ੍ਹਨ ਦਾ ਵਾਅਦਾ ਕੀਤਾ ਕਿ ਬਾਬਲਾ ਜੋ ਕੰਮ ਤੇਰਾ ਪੁੱਤ ਖਾਲੜਾ ਬੇਵਕਤ ਲਾਵਾਰਿਸ ਲਾਸ਼ ਬਣਨ ਕਰਕੇ ਵਿਚੇ ਹੀ ਛੱਡ ਗਿਆ, ਉਹ ਮੈਂ ਪੂਰਾ ਕਰਨ ਦੀ ਕੋਸ਼ਿਸ਼ ਕਰੂੰ। ਮੇਰੀ ਧੀ ਪਰਮਜੀਤ ਕੌਰ ਖਾਲੜਾ, ਮੇਰੇ ਪੁੱਤ ਜਸਵੰਤ ਸਿੰਘ ਖਾਲੜਾ ਦੀ ਜੀਵਨ ਸਾਥਣ ਨੇ ਸਿਵਿਆਂ ਦੀ ਸਵਾਹ ਫਰੋਲਣ ਨਾਲੋਂ ਹੁਣ ਲਾਵਾਰਿਸ ਲਾਸ਼ਾਂ ਦੀ ਆਵਾਜ਼ ਬਣਨ ਦਾ ਰਸਤਾ ਅਖਤਿਆਰ ਕੀਤਾ। ਹੁਣ ਉਹ ਉਸੇ ਇਮਾਰਤ ਜਿਹਨੂੰ ਪਾਰਲੀਮੈਂਟ ਕਹਿ ਕੇ ਗੰਗਾ-ਜਮਨਾ ਤਹਿਜ਼ੀਬ ਵਾਲੇ ਬੜਾ ਪਵਿੱਤਰ ਕਹਿ ਕੇ ਵਡਿਆਉਂਦੇ ਨਹੀਂ ਥੱਕਦੇ, ਉਹ ਉਸੇ ਇਮਾਰਤ ਵਿਚ ਜਾ ਕੇ ਉਥੇ ਬੈਠਣ ਵਾਲਿਆਂ ਦੀ ਪਵਿੱਤਰਤਾ ਦਾ ਮੁਖੌਟਾ ਉਨ੍ਹਾਂ ਦੇ ਸਾਹਮਣੇ ਲਾਹ ਦੇਣਾ ਚਾਹੁੰਦੀ ਹੈ ਕਿ ਏਹਨੂੰ ਕਹਿੰਦੇ ਆ ਪਵਿੱਤਰਤਾ! ਜਿਥੇ ਹਜ਼ਾਰਾਂ ਲਾਸ਼ਾਂ, ਇੱਕ ਸਾਲ ਦੀ ਉਮਰ ਦੇ ਬੱਚੇ ਤੋਂ ਲੈ ਕੇ ਸੱਤਰ-ਅੱਸੀ ਸਾਲ ਦੇ ਬਜ਼ੁਰਗਾਂ ਨੂੰ ਇਸੇ ਇਮਾਰਤ 'ਚ ਬੈਠਣ ਵਾਲਿਆਂ ਦੀ ਸਹਿਮਤੀ ਨਾਲ ਲਾਵਾਰਿਸ ਕਹਿ ਕੇ ਫੂਕ ਦਿੱਤਾ; ਸਿਰਫ ਇਸ ਕਰਕੇ ਕਿ ਉਹ ਸਾਰੇ ਦੇ ਸਾਰੇ ਇਸ ਮੁਲਕ ਦੀ ਇੱਜ਼ਤ ਆਬਰੂ ਬਚਾਉਣ ਵਾਲਿਆਂ ਦੇ ਵਾਰਿਸ ਆਪਣੀ ਵੱਖਰੀ ਤੇ ਸਾਂਝੀਵਾਲਤਾ ਵਾਲੀ ਸੋਚ ਰੱਖ ਕੇ ਇਸ ਆਜ਼ਾਦ ਕਰਵਾਏ ਮੁਲਕ ਵਿਚ ਬਰਾਬਰ ਤੇ ਸਤਿਕਾਰ ਵਾਲੇ ਨਾਗਰਿਕ ਬਣ ਕੇ ਜਿਉਣਾ ਚਾਹੁੰਦੇ ਸਨ? ਅੱਜ ਵੀ ਉਨ੍ਹਾਂ ਦੀਆਂ ਰੂਹਾਂ ਮੰਗ ਕਰਦੀਆਂ ਕਿ ਕੋਈ ਗੁਨਾਹ ਤਾਂ ਦੱਸੋ, ਜਿਸ ਕਰਕੇ ਸਾਡੇ ਜਿਸਮ ਨੂੰ ਕੋਹ ਕੋਹ ਕੇ ਖਤਮ ਕੀਤਾ।

ਉਸ ਕਾਲੇ ਦੌਰ ਵਿਚ ਪੰਜਾਬ ਦੇ ਕਿੰਨੇ ਪੁੱਤ ਲਾਵਾਰਿਸ ਲਾਸ਼ਾਂ ਬਣਾਏ, ਕੋਈ ਤਾਂ ਹਿਸਾਬ ਰਖਿਆ ਹੋਵੇਗਾ ਈ, ਕਿਉਂਕਿ ਹੁਣ ਤਾਂ ਸਾਰਾ ਕੁਸ਼ ਡਿਜੀਟਲ ਕਰ ਲਿਆ ਹੋਇਆ। ਆਹ ਜੋ ਅੱਜ ਚੋਰ-ਚੌਕੀਦਾਰ ਆਲਾ ਬਾਂਦਰ ਕਿੱਲਾ ਖੇਲਦੇ ਫਿਰਦੇ ਆ, ਸਭ ਢਕੋਂਜੀ ਆ, ਮੁੱਢ ਕਦੀਮੀ ਦਵੈਖ

*(ਅਗਲੇ ਸਫੇ 'ਤੇ ਜਾਰੀ)*

# ਚੋਣਾਂ ਦੀ ਚਿੰਤਾ ਸਭ ਨੂੰ, ਪਰ ਉਸ ਪਿਛੋਂ ਦੀ ਚਿੰਤਾ ਕਿਸ ਨੂੰ?

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਵਾਰ ਦੀਆਂ ਪਾਰਲੀਮੈਂਟ ਚੋਣ ਦੀਆਂ ਵੋਟਾਂ ਪੈਣ ਵਾਲਾ ਅਜੇ ਪਹਿਲਾ ਗੇੜ ਵੀ ਨਹੀਂ ਆਇਆ ਕਿ ਉਨ੍ਹਾਂ ਚੋਣਾਂ ਤੋਂ ਬਾਅਦ ਦੇ ਭਾਰਤ ਦੀ ਅਸਲੋਂ ਵੱਖਰੀ ਦਿੱਖ ਦੇ ਕਿਆਸ ਲੱਗਣੇ ਸ਼ੁਰੂ ਹੋ ਗਏ ਹਨ। ਸੰਕੇਤ ਵੀ ਬਹੁਤ ਸਾਰੇ ਸਾਫ ਮਿਲ ਰਹੇ ਹਨ। ਜਿਹੜਾ ਧਮੱਚੜ ਉਸ ਪਿੱਛੋਂ ਪੈ ਸਕਦਾ ਹੈ, ਉਸ ਦੀ ਵੰਨਗੀ ਪੇਸ਼ ਹੋਣ ਲੱਗ ਪਈ ਹੈ। ਪੰਜਾਬ ਦੀ ਰਾਜਨੀਤੀ ਇਸ ਤੋਂ ਏਨੀ ਨਿਰਲੇਪ ਤੇ ਇਸ ਤਰ੍ਹਾਂ ਚੱਲ ਰਹੀ ਹੈ, ਜਿਵੇਂ ਕਿਸੇ ਨੂੰ ਕੋਈ ਚਿੰਤਾ ਹੀ ਨਾ ਹੋਵੇ।

ਸੱਚਮੁੱਚ ਪੰਜਾਬ ਦੀ ਸਥਿਤੀ ਵੇਖ ਕੇ ਕੋਈ ਹੈਰਾਨੀ ਨਹੀਂ ਹੋਈ। ਕਾਂਗਰਸ ਪਾਰਟੀ ਦੇ ਆਗੂ ਸੀਟਾਂ ਦੀ ਵੰਡ ਕਾਰਨ ਇਸ ਹਾਲ ਨੂੰ ਪਹੁੰਚੇ ਹੋਏ ਹਨ ਕਿ ਹਾਈ ਕਮਾਂਡ ਦੇ ਖਾਸ ਗਿਣੇ ਜਾਣ ਵਾਲੇ ਸੱਜਣ ਵੀ ਪੰਜਾਬ ਵਿਚ ਪਾਰਟੀ ਦੇ ਜੜ੍ਹੀਂ ਤੇਲ ਦੇਣ ਲੱਗੇ ਹੋਏ ਸੁਣੀਂਦੇ ਹਨ। ਇਸ ਚੱਕਰ ਵਿਚ ਕੇਂਦਰੀ ਕਮਾਂਡ ਦਾ ਵੀ ਨੁਕਸਾਨ ਹੋਈ ਜਾਂਦਾ ਹੈ। ਜਿਸ ਕਿਸੇ ਦੀ ਟਿਕਟ ਕੱਟੀ ਜਾਵੇ, ਉਹ ਰਾਤੋ-ਰਾਤ ਬੋਲੀ ਬਦਲ ਕੇ ਅਕਾਲੀ ਦਲ ਜਾਂ ਭਾਜਪਾ ਨਾਲ ਜੁੜਨ ਦੀਆਂ ਗੱਲਾਂ ਕਹਿਣ ਲੱਗ ਪੈਂਦਾ ਹੈ ਤੇ ਇਹ ਗੱਲ ਭੁੱਲ ਜਾਂਦਾ ਹੈ ਕਿ ਹਾਲੇ ਹਫਤਾ ਪਹਿਲਾਂ ਤੱਕ ਉਹ ਇਨ੍ਹਾਂ ਦੋਹਾਂ ਧਿਰਾਂ ਨੂੰ ਫਿਰਕੂ ਦੱਸ ਕੇ ਕੋਸਦਾ ਸੁਣਿਆ ਗਿਆ ਸੀ।

ਆਮ ਆਦਮੀ ਪਾਰਟੀ ਨੂੰ ਕਿਸੇ ਸਮੇਂ ਪੰਜਾਬ ਦੇ ਲੋਕਾਂ ਨੇ ਵੱਡਾ ਹੁੰਗਾਰਾ ਦਿੱਤਾ ਸੀ। ਦੋ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਵੇਲੇ ਜਦੋਂ ਅਸੀਂ ਇਹ ਕਿਹਾ ਕਿ ਇਹ ਕਮਲਿਆਂ ਦਾ ਟੋਲਾ ਪਾਰ ਲੱਗਣ ਵਾਲਾ ਨਹੀਂ ਤਾਂ ਬਹੁਤ ਸਾਰੇ ਆਪਣੇ-ਪਰਾਏ ਸਾਨੂੰ ਗਾਲ੍ਹਾਂ ਕੱਢਣ ਤੱਕ ਚਲੇ ਗਏ ਸਨ। ਬਾਅਦ ਵਿਚ ਉਹ ਟੋਲਾ ਜਿਵੇਂ ਪਾਟਾ ਅਤੇ ਖਹਿਰਾ ਧੜਾ ਵੱਖਰਾ ਹੋਣ ਪਿੱਛੋਂ ਬਹੁਤੇ ਥਾਂਈਂ ਇੱਕ ਦੂਜੇ ਨਾਲ ਜਿਵੇਂ ਆਢਾ ਲੱਗ ਪਿਆ, ਉਸ ਨੇ ਸਾਬਤ ਕਰ ਦਿੱਤਾ ਕਿ ਕਿਸੇ ਇੱਕਸੁਰਤਾ ਵਾਲੀ ਸਿਆਸਤ ਤੋਂ ਸੱਖਣਾ ਇਹ ਟੋਲਾ ਲੰਮਾ ਸਮਾਂ ਨਿਭਣ ਵਾਲਾ ਨਹੀਂ ਸੀ ਤੇ ਇਹੋ ਕੁਝ ਹੋ ਰਿਹਾ ਹੈ।

ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਫਿਰ ਕਹਿਣ ਲੱਗ ਪਿਆ ਹੈ ਕਿ ਇਸ ਵਾਰ ਭਾਜਪਾ ਜਦੋਂ ਕੇਂਦਰ ਵਿਚ ਸਰਕਾਰ ਬਣਾਵੇਗੀ ਤਾਂ ਉਥੋਂ ਪੰਜਾਬ ਲਈ ਨੋਟਾਂ ਦੀਆਂ ਟਰਾਲੀਆਂ ਭਰ-ਭਰ ਆਉਣਗੀਆਂ। ਪਿਛਲੀ ਵਾਰ ਅਕਾਲੀ ਆਗੂਆਂ ਨੇ ਕਿਹਾ ਸੀ ਕਿ ਅਰੁਣ ਜੇਤਲੀ ਖਜ਼ਾਨਾ ਮੰਤਰੀ ਬਣ ਕੇ ਪੰਜਾਬ ਵਾਸਤੇ ਨੋਟਾਂ ਦੇ ਟਰੱਕ ਭੇਜੇਗਾ, ਪਰ ਅਨਪੜ੍ਹ ਅਕਾਲੀ ਜਥੇਦਾਰਾਂ ਨੇ ਟਰੱਕ ਦੀ ਟਿੱਪੀ ਪਲਟ ਕੇ ਇਹ ਕਹਿਣਾ ਅਰੰਭ ਕਰ ਦਿੱਤਾ ਸੀ ਕਿ ਅਰੁਣ ਜੇਤਲੀ ਨੋਟਾਂ ਦੇ ਟਰੱਕ ਭੇਜੇਗਾ। ਹਾਲੇ ਦੋ ਮਹੀਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਬਣੀ ਨੂੰ ਹੋਏ ਸਨ ਕਿ ਉਨ੍ਹਾਂ ਨੇ ਹੋਰ ਨੋਟ ਭੇਜਣਾ ਭੁੱਲਾ ਕੇ ਪਿਛਲੀ ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਦਿੱਤੇ ਪੈਸਿਆਂ ਦਾ ਹਿਸਾਬ ਮੰਗ ਲਿਆ ਸੀ ਤੇ ਵਿਧਾਨ ਸਭਾ ਸੈਸ਼ਨ ਵਿਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਅੱਜ ਮਨਮੋਹਨ ਸਿੰਘ ਸਰਕਾਰ ਹੁੰਦੀ ਤਾਂ ਸਾਡੇ ਨਾਲ ਏਦਾਂ ਨਾ ਹੁੰਦੀ।

ਫਿਰ ਵੀ ਇਸ ਵਾਰੀ ਦਾ ਚੋਣ ਪ੍ਰਚਾਰ ਸ਼ੁਰੂ ਹੁੰਦਿਆਂ ਸਾਰ ਸੁਖਬੀਰ ਸਿੰਘ ਬਾਦਲ ਨੇ ਇਹ ਸ਼ੋਸ਼ਾ ਛੱਡ ਦਿੱਤਾ ਹੈ ਕਿ ਨਰਿੰਦਰ ਮੋਦੀ ਸਰਕਾਰ ਮੁੜ ਬਣੀ ਤਾਂ ਪੰਜਾਬ ਨੂੰ ਨੋਟਾਂ ਦੀਆਂ ਟਰਾਲੀਆਂ ਆਉਣਗੀਆਂ। ਮੁਕਤਸਰ ਨੇੜੇ ਕਿਸੇ ਦਾਣਾ ਮੰਡੀ ਦਾ ਫੜ੍ਹ ਖਾਲੀ ਕਰਵਾ ਲੈਣਾ ਚਾਹੀਦਾ ਹੈ, ਤਾਂ ਕਿ ਟਰਾਲੀਆਂ ਲਾਹੁਣ ਵਿਚ ਦਿੱਕਤ ਨਾ ਆਵੇ, ਪਰ ਪੰਜਾਬ ਨੂੰ ਜਿੰਨੇ ਟਰੱਕ ਨੋਟਾਂ ਦੇ ਪਹਿਲਾਂ ਮਿਲੇ ਸਨ, ਇਸ ਵਾਰੀ ਸ਼ਾਇਦ ਉਹ ਵੀ ਮਿਲਣ ਦੀ ਬਹੁਤੀ ਝਾਕ ਨਹੀਂ ਰਹਿ ਜਾਣੀ।

ਬਹੁਤੀ ਚਿੰਤਾ ਦਾ ਵਿਸ਼ਾ ਦੇਸ਼ ਪੱਧਰ ਦੀ ਸਿਆਸੀ ਸਥਿਤੀ ਹੈ, ਜਿਸ ਵਿਚ ਭਾਜਪਾ ਦੇ ਮੁੱਢ ਬੰਨ੍ਹਣ ਵਾਲੇ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਜਾਂ ਸ਼ਾਂਤਾ ਕੁਮਾਰ ਆਦਿ ਨਾਲ ਇਸ ਵੇਲੇ ਜੋ ਬੀਤ ਰਹੀ ਹੈ, ਉਹ ਕਿਸੇ ਚਰਚਾ ਦੀ ਮੁਥਾਜ ਨਹੀਂ। ਦੂਜੇ ਪਾਸੇ ਕੇਂਦਰ ਸਰਕਾਰ ਦੀ ਅਗਵਾਈ ਕਰ ਰਹੀ ਭਾਜਪਾ ਦੇ ਵਿਰੋਧ ਦੀਆਂ ਧਿਰਾਂ ਉਤੇ ਜਿੰਨਾ ਤਿੱਖਾ ਹਮਲਾ ਹੋ ਰਿਹਾ ਹੈ, ਜਿਵੇਂ ਵਿਰੋਧ ਕਰਨ ਵਾਲੇ ਹਰ ਆਗੂ ਉਤੇ ਦੇਸ਼-ਧਰੋਹੀ ਦਾ ਠੱਪਾ ਲਾਇਆ ਜਾਂਦਾ ਹੈ, ਗੱਲ ਉਸ ਤੋਂ ਅੱਗੇ ਵਧੀ ਜਾ ਰਹੀ ਹੈ। ਅੱਜ ਤੱਕ ਕਦੇ ਇਸ ਦੇਸ਼ ਵਿਚ ਵਿਰੋਧੀ ਧਿਰ ਦੀਆਂ ਮੀਟਿੰਗਾਂ ਵਿਚ ਰਾਜ ਕਰਦੀ ਧਿਰ ਦੇ ਬੰਦਿਆਂ ਨੇ ਸ਼ਾਮਲ ਹੋ ਕੇ ਉਨ੍ਹਾਂ ਦੇ ਖਿਲਾਫ ਨਾਅਰੇਬਾਜ਼ੀ ਕਰਨ ਦਾ ਕੰਮ ਨਹੀਂ ਸੀ ਕੀਤਾ, ਪਰ ਇਸ ਵਾਰ ਇਹ ਕੁਝ ਵੀ ਹੋ ਗਿਆ ਹੈ।

ਰਾਹੁਲ ਗਾਂਧੀ ਦੀਆਂ ਦੋ ਬੈਠਕਾਂ ਵਿਚ ਭਾਜਪਾ ਸਮਰਥਕ ਮੋਦੀ-ਮੋਦੀ ਦਾ ਰਾਗ ਅਲਾਪਦੇ ਰਹੇ ਤੇ ਉਸ ਦਾ ਭਾਸ਼ਣ ਇੱਕ ਤਰ੍ਹਾਂ ਇਸ ਰਾਗ ਦੀ ਮੁਹਾਰਨੀ ਹੇਠ ਦੱਬਣ ਦਾ ਯਤਨ ਕੀਤਾ ਗਿਆ। ਵਿਰੋਧ ਦੀਆਂ ਪਾਰਟੀਆਂ ਦੇ ਚੋਣ ਪ੍ਰੋਗਰਾਮਾਂ ਵਿਚ ਵੜ ਕੇ ਕੀਤੀ ਜਾ ਰਹੀ ਇਸ ਸਿਆਸੀ ਸਟਰਾਈਕ ਤੋਂ ਹੈਰਾਨੀ ਪੈਦਾ ਹੋਣਾ ਸੁਭਾਵਿਕ ਹੈ ਤੇ ਇਹ ਭਾਰਤ ਦੇ ਭਵਿੱਖ ਬਾਰੇ ਕਿਸੇ ਖਾਸ ਤਰ੍ਹਾਂ ਦੇ ਸੰਕੇਤ ਦੇਣ ਵਾਲਾ ਵੀ ਹੈ।

ਇਸ ਤੋਂ ਵੱਧ ਮਾੜੇ ਸੰਕੇਤ ਸੰਸਾਰ ਦੀ ਕੂਟਨੀਤੀ ਓਹਲੇ ਲੜੀ ਜਾ ਰਹੀ ਇੱਕ ਖਾਸ ਜੰਗ ਬਾਰੇ ਮਿਲ ਰਹੇ ਹਨ ਤੇ ਉਹ ਸੰਕੇਤ ਅਣਗੌਲੇ ਕੀਤੇ ਜਾ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸੂਝ ਤੋਂ ਸੱਖਣਾ ਨਹੀਂ ਮੰਨਣਾ ਚਾਹੀਦਾ, ਉਹ ਬੜੀ ਚਾਤਰ ਚਾਲ ਚੱਲ ਕੇ ਆਪਣੇ ਦੇਸ਼ ਦੀ ਚਿਰਾਂ ਤੋਂ ਲੜੀ ਜਾ ਰਹੀ ਲੜਾਈ ਨੂੰ ਭਾਰਤ ਵਰਗੇ ਦੇਸ਼ ਦੀ ਲੀਡਰਸ਼ਿਪ ਤੇ ਭਾਰਤੀ ਲੋਕਾਂ ਦੇ ਸਿਰ ਲੱਦੀ ਜਾ ਰਿਹਾ ਹੈ। ਹਾਲੇ ਤੱਕ ਅਮਰੀਕਾ ਜਾਂ ਉਸ ਧੜੇ ਦੇ ਦੇਸ਼ਾਂ ਦੀਆਂ ਸਰਕਾਰਾਂ ਦੀ ਭਾਰਤ ਵੱਲ ਪਹੁੰਚ ਵਿਚ ਜ਼ਰਾ ਕੁ ਲਚਕ ਦਿਖਾਈ ਦਿੰਦੀ ਸੀ ਤਾਂ ਕਿਹਾ ਜਾਂਦਾ ਸੀ ਕਿ ਉਹ ਭਾਰਤ ਵੱਲ ਨਹੀਂ, ਭਾਰਤ ਦੇ ਨਾਗਰਿਕਾਂ ਦੇ ਰੂਪ ਵਿਚ ਦਿੱਸਦੇ ਇੱਕ ਸੌ ਕਰੋੜ ਤੋਂ ਵੱਧ ਗਾਹਕਾਂ ਵੱਲ ਝਾਕ ਰਹੇ ਹਨ। ਇਸ ਵਕਤ ਇਸ ਤੋਂ ਵੱਖਰੀ ਗੱਲ ਇਹ ਹੈ ਕਿ ਜਿਨ੍ਹਾਂ ਦੇਸ਼ਾਂ ਦੀ ਪਿੱਠ ਉਤੇ ਅਮਰੀਕੀ ਸਰਕਾਰ ਰਾਸ਼ਟਰਪਤੀ ਹੈਰੀ ਟਰੂਮੈਨ ਅਤੇ ਆਈਜ਼ਨਹਾਵਰ ਦੇ ਸਮੇਂ ਤੋਂ ਖੜੋਂਦੀ ਤੇ ਭਾਰਤ ਦਾ ਵਿਰੋਧ ਕਰਦੀ ਆਈ ਸੀ, ਉਨ੍ਹਾਂ ਤੋਂ ਪਾਸਾ ਵੱਟ ਕੇ ਅਚਾਨਕ ਭਾਰਤ ਦੇ ਪੱਖ ਵਿਚ ਅਜਿਹਾ ਪੈਂਤੜਾ ਲੈਣਾ ਸ਼ੁਰੂ ਕਰ ਦਿੱਤਾ ਹੈ ਕਿ ਅਸੀਂ ਭਾਰਤੀ ਲੋਕ ਬਾਗੋ-ਬਾਗ ਹੋਈ ਜਾਂਦੇ ਹਾਂ।

ਸਾਨੂੰ ਇਹ ਗੱਲ ਯਾਦ ਨਹੀਂ ਰਹੀ ਕਿ ਜਿਵੇਂ ਪਹਿਲਾਂ ਇਨ੍ਹਾਂ ਦੇਸ਼ਾਂ ਦਾ ਹੇਜ ਭਾਰਤ ਨਾਲ ਜਦੋਂ ਵੀ ਜਾਹਰ ਹੁੰਦਾ ਤਾਂ ਉਦੋਂ ਭਾਰਤ ਨਾਲ ਨਹੀਂ, ਭਾਰਤੀ ਨਾਗਰਿਕ ਵਜੋਂ ਇੱਕ ਸੌ ਕਰੋੜ ਤੋਂ ਵੱਧ ਗਾਹਕਾਂ ਨਾਲ ਹੁੰਦਾ ਸੀ, ਉਵੇਂ ਹੀ ਅੱਜ ਵਾਲਾ ਪੈਂਤੜਾ ਵੀ ਭਾਰਤ ਵਾਸਤੇ ਨਹੀਂ, ਭਾਰਤ ਦੇ ਨਾਗਰਿਕਾਂ ਦੇ ਰੂਪ ਵਿਚ ਇੱਕ ਸੌ ਤੀਹ ਕਰੋੜ ਲੋਕਾਂ ਦੀ ਫੌਜ ਲਈ ਹੋ ਸਕਦਾ ਹੈ। ਜਿਹੜੀ ਮਹਾਂ ਸ਼ਕਤੀ ਵੀਹ ਤੋਂ ਵੱਧ ਸਾਲਾਂ ਤੋਂ ਇਸਲਾਮਿਕ ਦਹਿਸ਼ਤਗਰਦੀ ਨਾਲ ਕਦੀ ਅਫਗਾਨਿਸਤਾਨ ਤੇ ਕਦੀ ਇਰਾਕ ਵਿਚ ਸਿੱਗ ਫਸਾਈ ਰੱਖਦੀ ਸੀ ਅਤੇ ਪਾਕਿਸਤਾਨ ਵਰਗੇ ਦੇਸ਼ ਨੂੰ ਮਾਇਕ ਮਦਦ ਦੇ ਕੇ ਵੀ ਉਸ ਦੀ ਦੋਗਲੀ ਨੀਤੀ ਦਾ ਨੁਕਸਾਨ ਝੱਲੀ ਜਾਂਦੀ ਸੀ, ਉਸ ਦੀ ਨੀਤੀ ਦਾ ਇਹ ਮੋੜਾ ਭਾਰਤ ਵੱਲ ਅਚਾਨਕ ਤੇ ਬਿਨਾ ਵਜ੍ਹਾ ਨਹੀਂ ਪਿਆ ਹੋ ਸਕਦਾ। ਪਾਕਿਸਤਾਨ ਪੈਸੇ ਵੀ ਲੈਂਦਾ ਸੀ, ਆਪਣੇ ਹਵਾਈ ਅੱਡੇ ਵੀ ਅਫਗਾਨਿਸਤਾਨ ਦੀ ਜੰਗ ਲਈ ਅਮਰੀਕਾ ਨੂੰ ਦੇ ਦਿੰਦਾ ਸੀ, ਪਰ ਅਮਰੀਕਾ ਦੇ ਦੁਸ਼ਮਣਾਂ ਓਸਾਮਾ ਬਿਨ ਲਾਦੇਨ ਤੇ ਮੁੱਲਾ ਉਮਰ ਨੂੰ ਆਪਣੀਆਂ ਫੌਜੀ ਛਾਉਣੀਆਂ ਵਿਚ ਰੱਖ ਕੇ ਅਮਰੀਕਾ ਦੀ ਨੀਂਦ ਉਡਾ ਛੱਡਦਾ ਸੀ। ਭਾਰਤੀ ਆਗੂ ਏਦਾਂ ਦੀ ਦੋਹਰੀ ਖੇਡ ਨਹੀਂ ਖੇਡਣਗੇ। ਇਸਲਾਮੀ ਅਤਿਵਾਦ ਦੇ ਵਿਰੋਧ ਵਿਚ ਉਹ ਅਮਰੀਕਾ ਦੀ ਇਸ ਜੰਗ ਨੂੰ ਆਪਣੀ ਸਦੀਆਂ ਦੀ ਪੁਰਾਣੀ ਲੜਾਈ ਮੰਨ ਕੇ ਸਾਰਾ ਜ਼ਿੰਮਾ ਆਪਣੇ ਸਿਰ ਲੈਣ ਵੇਲੇ ਇੱਕ ਪਲ ਵੀ ਗੁਆਉਣ ਦੀ ਥਾਂ ਸਗੋਂ ਇਸ ਵਿਚ ਮਾਣ ਮਹਿਸੂਸ ਕਰਨਗੇ।

ਜਦੋਂ ਭਵਿੱਖ ਵਿਚ ਇਸ ਕਿਸਮ ਦੀ ਸਥਿਤੀ ਸੱਚਮੁੱਚ ਪੈਦਾ ਹੋਵੇਗੀ, ਜਿਸ ਦੇ ਸੰਕੇਤ ਅੱਜ ਮਿਲਦੇ ਪਏ ਹਨ ਤਾਂ ਫਿਰ ਕੀ ਹੋਵੇਗਾ, ਪੰਜਾਬ ਦੀ ਰਾਜਨੀਤੀ ਵਾਲੇ ਮੰਚ ਦੇ ਕਿਸੇ ਵੀ ਪਾਤਰ ਦੇ ਮਨ ਵਿਚ ਇਹ ਗੱਲ ਹੋਣ ਦਾ ਕੋਈ ਸੰਕੇਤ ਕਿਤੋਂ ਨਹੀਂ ਮਿਲਦਾ। ਇਨ੍ਹਾਂ ਸਭਨਾਂ ਵਿਚੋਂ ਕੋਈ ਵੀ ਨੱਕ ਤੋਂ ਅੱਗੇ ਸੋਚਣ ਵਾਲਾ ਨਹੀਂ ਲੱਭਦਾ। ਆਪੋ-ਆਪਣੀ ਸੀਟ ਦੀ ਚਿੰਤਾ ਤੇ ਪਰਿਵਾਰ ਦੀ ਚਿੰਤਾ ਹੈ, ਪਰ ਭਾਰਤ ਦੀ ਚਿੰਤਾ ਗਾਇਬ ਹੈ। ਜਦੋਂ ਅਸੀਂ ਭਾਰਤ ਦੀ ਚਿੰਤਾ ਦੇ ਸਿਰਾਂ ਤੋਂ ਗਾਇਬ ਹੋਣ ਦੀ ਗੱਲ ਕਰਦੇ ਹਾਂ ਤਾਂ ਇਹ ਚਿੰਤਾ ਇੱਕ ਦੇਸ਼ ਬਾਰੇ ਨਹੀਂ, ਦੇਸ਼ ਦੇ ਇੱਕ ਸੌ ਤੀਹ ਕਰੋੜ ਤੋਂ ਵੱਧ ਭਾਰਤੀ ਲੋਕਾਂ ਦੇ ਉਸ ਭਵਿੱਖ ਬਾਰੇ ਹੋਣ ਦੀ ਗੱਲ ਕਰਦੇ ਹਾਂ, ਜਿਸ ਬਾਰੇ ਸੋਚਣ ਦੀ ਚੋਣਾਂ ਦੌਰਾਨ ਕਿਸੇ ਕੋਲ ਵਿਹਲ ਹੀ ਨਹੀਂ।

---

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਚੋਰ ਤਾਂ ਸੀ ਕੋਈ ਹੋਰ...

ਘਟਨਾ ਭਾਵੇਂ ਇਹ ਅੰਗਰੇਜ਼ਾਂ ਦੇ ਰਾਜ ਵੇਲੇ ਦੀ ਹੈ, ਪਰ ਹੈ ਇਹ ਮੌਜੂਦਾ ਦੌਰ ਵਿਚ ਵੀ ਦਿਲਚਸਪੀ ਨਾਲ ਪੜ੍ਹਨ-ਸੁਣਨ ਵਾਲੀ। ਜਿੰਨੀ ਖ਼ੂਬਸੂਰਤ ਅੰਦਾਜ਼ੇ-ਪੇਸ਼ਕਾਰੀ ਨਾਲ ਮੈਂ ਇਹ ਪਿੰਡ ਦੇ ਬਜ਼ੁਰਗਾਂ, ਖਾਸ ਕਰਕੇ ਆਪਣੇ ਬਾਪ ਦੇ ਮੂੰਹੋਂ ਸੁਣਦਾ ਰਿਹਾ ਹਾਂ, ਉਹ ਰੰਗ ਸ਼ਾਇਦ ਮੈਥੋਂ ਇਸ ਦੇ ਲਿਖਤੀ ਰੂਪ ਵਿਚ ਨਾ ਭਰਿਆ ਜਾ ਸਕੇ। ਵਜ੍ਹਾ ਇਹ ਹੈ ਕਿ ਉਹ ਸਾਰੇ ਉਸ ਵਾਕਿਆ ਦੇ ਚਸ਼ਮਦੀਦ ਗਵਾਹ ਸਨ। ਇਸ ਲਈ ਅੱਖੀਂ ਦੇਖੇ ਵੇਰਵੇ ਸੁਣਾਉਣ ਵੇਲੇ ਉਨ੍ਹਾਂ ਦੇ ਚਿਹਰਿਆਂ ਦੇ ਹਾਵ-ਭਾਵ ਕਹਾਣੀ ਦੇ ਕਥਾ-ਰਸ ਨੂੰ ਹੋਰ ਰੌਚਕ ਬਣਾ ਦਿੰਦੇ ਸਨ।

1947 ਦੀ ਵੰਡ ਤੋਂ ਪਹਿਲਾਂ ਸਾਡੇ ਲਾਗਲੇ ਪਿੰਡ ਸ਼ਾਹਪੁਰ ਵਿਚ ਹੋਰ ਬਰਾਦਰੀਆਂ ਦੇ ਨਾਲ-ਨਾਲ ਵੱਡੀ ਗਿਣਤੀ ਮੁਸਲਿਮ ਪਰਿਵਾਰਾਂ ਦੀ ਵੀ ਸੀ। ਇਨ੍ਹਾਂ ਵਿਚ ਇਕ ਸਈਅਦ ਖਾਨਦਾਨ ਦਾ ਭਰਿਆ-ਭਕੁੰਨਾ ਵੱਡਾ ਪਰਿਵਾਰ ਵੀ ਵਸਦਾ ਸੀ। ਜਿਵੇਂ ਸਿੱਖ ਸਮਾਜ ਵਿਚ ਸੋਢੀ ਜਾਂ ਬੇਦੀ ਪਰਿਵਾਰਾਂ ਨੂੰ ਗੁਰੂ ਸਾਹਿਬਾਨ ਦੀ ਅੰਸ-ਬੰਸ ਜਾਣ ਕੇ ਸਤਿਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਇਵੇਂ ਹੀ ਇਸਲਾਮੀ ਸਮਾਜ 'ਚ ਸਈਅਦ ਪਰਿਵਾਰਾਂ ਨੂੰ ਵਿਸ਼ੇਸ਼ ਅਦਬ ਸਤਿਕਾਰ ਮਿਲਦਾ ਹੈ। ਸਈਅਦਾਂ ਦੇ ਵੱਡੇ ਮਾਣ ਸਤਿਕਾਰ ਬਾਰੇ ਇਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਮੁਗਲ ਬਾਦਸ਼ਾਹਾਂ ਦੇ ਵੇਲੇ ਸ਼ਾਹੀ ਹਾਥੀ ਦੇ ਮਹਾਵਤ ਸਿਰਫ ਸਈਅਦ ਹੀ ਹੋ ਸਕਦੇ ਸਨ। ਕਾਰਨ, ਹਾਥੀ ਦੇ ਸਿਰ 'ਤੇ ਬਹਿਣ ਵਾਲੇ ਮਹਾਵਤ ਦੀ ਪਿੱਠ, ਅਸਵਾਰੀ ਕਰ ਰਹੇ ਬਾਦਸ਼ਾਹ ਵੱਲ ਹੁੰਦੀ ਸੀ; ਤੇ ਬਾਦਸ਼ਾਹ ਵੱਲ ਪਿੱਠ ਕੋਈ ਆਮ-ਫਹਿਮ ਬੰਦਾ ਨਹੀਂ ਸਗੋਂ ਕੋਈ ਉਚੇ ਖਾਨਦਾਨ ਵਾਲਾ ਹੀ ਕਰ ਸਕਦਾ ਸੀ।

ਸੋ, ਪੂਰੇ ਇਲਾਕੇ ਵਿਚ ਸਤਿਕਾਰੇ ਜਾਂਦੇ ਸ਼ਾਹਪੁਰੀਏ ਸਈਅਦਾਂ ਦੇ ਘਰੇ ਚੋਰੀ ਹੋ ਗਈ। ਟੱਬਰ ਦੇ ਕੁਝ ਜੀਅ ਦੂਰ-ਨੇੜੇ ਕਿਤੇ ਵਿਆਹ ਸ਼ਾਦੀ 'ਤੇ ਚਲੇ ਗਏ। ਮਗਰੋਂ ਕੋਈ ਕੱਪੜੇ ਲੱਤੇ ਅਤੇ ਇਕ-ਦੋ ਗਹਿਣਿਆਂ ਸਮੇਤ ਥੋੜ੍ਹੀ ਬਹੁਤ ਨਕਦੀ 'ਤੇ ਵੀ ਹੱਥ ਸਾਫ ਕਰ ਗਿਆ। ਸਰਕਾਰੇ ਦਰਬਾਰੇ ਵੀ ਚੋਖਾ ਅਸਰ ਰਸੂਖ ਰੱਖਦੇ ਇਸ ਟੱਬਰ ਦੇ ਘਰ ਚੋਰੀ ਹੋ ਜਾਣ ਨਾਲ ਸਾਰੇ ਇਲਾਕੇ ਵਿਚ ਸੁੰਨ ਜਿਹੀ ਪਸਰ ਗਈ ਕਿ ਕਿਹੜਾ ਮਾਈ ਦਾ ਲਾਲ ਹੋਵੇਗਾ, ਜਿਸ ਨੇ ਐਡੀ ਜੁਰਅਤ ਦਿਖਾਉਣੀਆਂ ਇਕ ਤਰ੍ਹਾਂ ਨਾਲ ਹਾਕਮ ਦੇ ਘਰ ਨੂੰ ਹੀ ਜਾ ਸੰਨ੍ਹ ਲਾਈ? ਸਈਅਦਾਂ ਨੇ ਵੀ ਇਸ ਚੋਰੀ ਨੂੰ ਆਪਣੇ ਮਾਣ-ਮਰਾਤਬੇ ਉਤੇ ਵੱਡੀ ਸੱਟ ਸਮਝਿਆ। ਕਿਥੇ ਸਾਰਾ ਇਲਾਕਾ ਉਨ੍ਹਾਂ ਨੂੰ ਝੁਕ-ਝੁਕ ਸਲਾਮਾਂ ਕਰਦਾ ਸੀ ਤੇ ਕਿਥੇ ਕਿਸੇ ਚੋਰ ਨੇ ਉਨ੍ਹਾਂ ਨੂੰ ਕੱਖੋਂ ਹੌਲੇ ਕਰ ਛੱਡਿਆ ਸੀ।

ਉਸ ਦੌਰ ਵਿਚ ਸਾਡੇ ਇਲਾਕੇ ਦਾ ਮੰਨਿਆ ਦੰਨਿਆ ਜਿਮੀਂਦਾਰ ਰਾਹੋਂ ਵਾਲਾ ਚੌਧਰੀ ਇੱਜ਼ਤ ਖਾਂ ਸੀ, ਜੋ ਇਸ ਸਈਅਦ ਪਰਿਵਾਰ ਦਾ ਬਹੁਤ ਇਹਤਰਾਮ ਕਰਦਾ ਸੀ। ਦੱਸਦੇ ਹਨ, ਉਹ ਚੋਰੀ ਵਾਲੀ ਗੱਲ ਸੁਣ ਕੇ ਰਾਹੋਂ ਤੋਂ ਘੋੜੀ 'ਤੇ ਚੜ੍ਹ ਕੇ ਆਪ ਹੀ ਸ਼ਾਹਪੁਰ ਆਇਆ ਅਤੇ ਥਾਣੇਦਾਰ ਨੂੰ ਵੀ ਨਾਲ ਲਿਆਇਆ। ਮੁੜਨ ਵੇਲੇ ਚੌਧਰੀ ਇੱਜ਼ਤ ਖਾਂ ਨੇ ਥਾਣੇਦਾਰ ਨੂੰ ਹਦਾਇਤ ਕੀਤੀ ਕਿ ਉਹ ਚੋਰ ਲੱਭ ਕੇ ਹੀ ਰਾਹੋਂ ਵਾਪਸ ਆਵੇ।

ਲਓ ਜੀ, ਤਫਤੀਸ਼ ਸ਼ੁਰੂ ਹੋ ਗਈ। ਪਹਿਲਾਂ ਤਾਂ ਪਿੰਡ ਸ਼ਾਹਪੁਰ ਦੇ ਸ਼ੱਕੀ ਜਿਹੇ ਬੰਦਿਆਂ ਦੀ ਛਿੱਤਰ-ਕੁੱਟ ਹੋਈ, ਪਰ ਕੋਈ ਸੁਰਾਗ ਨਾ ਲੱਭਾ। ਫਿਰ ਵਾਰੀ ਸਿਰ ਲਾਗ-ਪਾਸ ਦੇ ਪਿੰਡਾਂ ਦੇ ਮਸ਼ਕੂਕ ਬੰਦੇ ਸ਼ਾਹਪੁਰ ਦੇ ਪਿੜ ਵਿਚ ਲਿਆ-ਲਿਆ ਕੇ ਥਾਪੜੇ। ਉਨ੍ਹਾਂ ਦਿਨਾਂ ਵਿਚ ਸਾਡੇ ਇਲਾਕੇ ਵਿਚ ਡਾਕੇ-ਚੋਰੀਆਂ ਕਰਨ ਵਾਲਾ ਇਕ ਕਬੀਲਾ ਬੜਾ ਮਸ਼ਹੂਰ ਹੁੰਦਾ ਸੀ। ਕਹਿੰਦੇ ਹਨ, ਉਸ ਕਬੀਲੇ ਦੇ ਬੰਦੇ-ਔਰਤਾਂ 'ਤੇ ਬੜਾ ਤਸ਼ੱਦਦ ਹੋਇਆ, ਪਰ ਸਈਅਦਾਂ ਦੀ ਚੋਰੀ ਦਾ ਕੋਈ ਲੜ-ਸਿਰਾ ਹੱਥ ਨਾ ਲੱਗਾ।

ਥਾਣੇਦਾਰ ਅਤੇ ਉਹਦੇ ਨਾਲ ਦੇ ਦੋ-ਚਾਰ ਸਿਪਾਹੀਆਂ ਨੇ ਟਿਕਾਣਾ ਸ਼ਾਹਪੁਰ ਦੇ ਸਕੂਲ ਵਿਚ ਹੀ ਕੀਤਾ ਹੋਇਆ ਸੀ। ਸ਼ੱਕੀਆਂ ਦੀ ਛਿੱਤਰ-ਪਰੇਡ ਹੁੰਦਿਆਂ ਜਦ ਦੋ-ਤਿੰਨ ਦਿਨ ਹੋ ਗਏ ਤਾਂ ਸੂਰਤੇ-ਹਵਾਲ ਦਾ ਪਤਾ ਲੈਣ ਵਾਸਤੇ ਇੱਜ਼ਤ ਖਾਂ ਫਿਰ ਸ਼ਾਹਪੁਰ ਪੁੱਜਾ। ਨਿਰਾਸ਼ ਹੋਏ ਨੇ ਥਾਣੇਦਾਰ ਨੂੰ ਸਈਅਦਾਂ ਦੇ ਘਰੇ ਸੱਦਿਆ ਅਤੇ ਕਿਸੇ ਅਗਲੀ ਰਣਨੀਤੀ ਬਾਰੇ ਵਿਚਾਰ ਹੋਣ ਲੱਗੀ। ਦੁਪਹਿਰ ਦੀ ਰੋਟੀ ਦਾ ਵੇਲਾ ਹੋ ਗਿਆ। ਸਈਅਦਾਂ ਦੇ ਨੌਕਰ-ਚਾਕਰ ਤੇ ਹੋਰ ਕਾਰਿੰਦੇ, ਸਾਰੇ ਅਮਲੇ-ਫੈਲੇ ਨੂੰ ਰੋਟੀ ਖੁਆਉਣ ਲੱਗ ਪਏ। ਪਾਣੀ ਦਾ ਗਲਾਸ ਲੈ ਕੇ ਆਏ ਇਕ ਹੱਟੇ-ਕੱਟੇ ਬੰਦੇ ਕੋਲੋਂ ਪਾਣੀ ਫੜਦਿਆਂ ਥਾਣੇਦਾਰ ਨੇ ਉਹਦੀਆਂ ਅੱਖਾਂ ਵਿਚ ਅੱਖਾਂ ਪਾਈਆਂ ਤੇ ਸਹਿਵਨ ਹੀ ਸਈਅਦ ਨੂੰ ਪੁੱਛਿਆ ਕਿ ਮੀਆਂ ਜੀ! ਆਹ ਪਾਣੀ ਦਾ ਵਰਤਾਵਾ ਕੌਣ ਹੈ ਤੇ ਕਿਥੋਂ ਦਾ ਰਹਿਣ ਵਾਲਾ ਹੈ?

ਜਿਵੇਂ ਆਪਾਂ ਕਿਸੇ ਬਹੁਤ ਵਿਸ਼ਵਾਸਪਾਤਰ ਬੰਦੇ ਬਾਰੇ ਦਿਲ-ਪਸੀਜਵੇਂ ਲਫਜ਼ ਬੋਲ ਕੇ ਭਰੋਸਾ ਪ੍ਰਗਟਾਉਂਦੇ ਹਾਂ, ਇਵੇਂ ਥਾਣੇਦਾਰ ਦੇ ਇਸ ਸ਼ੱਕੀ ਜਿਹੇ ਸਵਾਲ ਦੇ ਜਵਾਬ ਵਿਚ ਸਈਅਦ ਬੋਲਿਆ, "ਖਾਨ ਸਾਹਿਬ, ਇਹ ਤਾਂ ਵਿਚਾਰਾ ਸਾਡੇ ਪਿੰਡ ਦਾ ਸਾਊ ਸ਼ਰੀਫ ਚੌਕੀਦਾਰ ਹੈ, ਜੋ ਸਾਡੀ ਹਵੇਲੀ ਵਿਚ ਪਸ਼ੂਆਂ ਨੂੰ ਪੱਠਾ-ਦੱਥਾ ਪਾਉਣ ਦੇ ਨਾਲ-ਨਾਲ ਸਾਡੇ ਘਰੇ ਪਾਣੀ ਵੀ ਭਰਦਾ ਹੈ (ਉਦੋਂ ਖੂਹ ਤੋਂ ਘੜੇ ਭਰ-ਭਰ ਘਰਾਂ ਵਿਚ ਰੱਖੇ ਜਾਂਦੇ ਸਨ)।

ਕਹਿੰਦੇ ਹਨ, ਇਹ ਗੱਲ ਸੁਣ ਕੇ ਮੁੱਛਾਂ 'ਤੇ ਹੱਥ ਫੇਰਦਿਆਂ ਥਾਣੇਦਾਰ ਕਹਿੰਦਾ ਕਿ ਮੈਂ ਇਸ 'ਵਿਚਾਰੇ' ਨੂੰ ਜ਼ਰਾ ਬਾਹਰ ਲੈ ਜਾਣਾ ਵਾਂ!

ਅੰਦਰ ਰੋਟੀ-ਪਾਣੀ ਖਾਣ ਉਪਰੰਤ ਇੱਜ਼ਤ ਖਾਂ ਚੌਧਰੀ ਅਤੇ ਸਈਅਦ ਭਰਾ ਅਜੇ ਕੋਈ ਸੋਚ-ਵਿਚਾਰ ਹੀ ਕਰ ਰਹੇ ਸਨ ਕਿ 'ਚੌਕੀਦਾਰ ਵਿਚਾਰੇ' ਨੂੰ ਗਿੱਚੀ ਤੋਂ ਨੱਪ ਕੇ ਥਾਣੇਦਾਰ ਅੰਦਰ ਲੈ ਆਇਆ। ਤਿੰਨ-ਚਾਰ ਦਿਨ ਛਿੱਤਰ-ਕੁੱਟ ਹੁੰਦੀ ਤੋਂ ਅੜਾਟ ਪੈਂਦਾ ਸੁਣਦਾ ਰਿਹਾ ਹੋਣ ਕਰਕੇ ਚੌਕੀਦਾਰ ਨੇ ਡੰਡੇ ਚਾਰ ਨਹੀਂ ਸਨ ਸਹੇ ਕਿ ਡਰਦੇ ਨੇ ਥਾਣੇਦਾਰ ਨੂੰ ਸਭ ਕੁਝ ਦੱਸ ਦਿੱਤਾ ਸੀ। ਉਸੇ ਵੇਲੇ ਸਿਪਾਹੀਆਂ ਨੂੰ ਉਹਦੇ ਨਾਲ ਭੇਜ ਕੇ ਚੋਰੀ ਦਾ ਸਮਾਨ ਵੀ ਲਿਆਂਦਾ ਗਿਆ। ਚੋਰ ਚੌਕੀਦਾਰ, ਐਵੇਂ ਲੋਕਾਂ ਦੇ ਪੁਆਈ ਗਿਆ ਮਾਰ!

---

# ਮੈਂ ਪੰਜਾਬ ਸਿੰਘ!

*(ਪਿਛਲੇ ਸਫੇ ਦੀ ਬਾਕੀ)*

ਰੱਖਣ ਵਾਲੇ ਪੰਜਾਬ ਸਿੰਘ ਦੀ ਪੱਗ ਨਾਲ; ਰਲ ਮਿਲ ਕੇ ਰੋਲਣ ਵਾਲੇ। ਆਹ ਜੋ ਅੱਜ ਕੱਲ੍ਹ ਵੋਟਾਂ ਆ ਗਈਆਂ, ਭਾਵੇਂ ਜਿਹਨੂੰ ਮਰਜ਼ੀ ਪਾ ਕੇ ਦੇਖ ਲਿਓ, ਤੁਹਾਡਾ ਚੰਗਾ ਨਸੀਬ ਬਣਾਉਣਾ ਇਨ੍ਹਾਂ ਦੇ ਏਜੰਡੇ ਵਿਚ ਹੈ ਈ ਨ੍ਹੀਂ। ਪਿਛਲੇ ਸੱਤਰ ਸਾਲ ਵਾਲਾ ਇਤਿਹਾਸ ਹੀ ਦੋਹਰਾ ਹੋਣਾ ਹੁਣ ਵੀ।

ਪਰ ਮੈਂ ਪੰਜਾਬ ਸਿੰਘ! ਜੋ ਪਿਛਲੇ ਤਿੰਨ ਦਹਾਕਿਆਂ ਤੋਂ ਆਪਣੇ ਪੁੱਤਾਂ ਦੀਆਂ ਲਾਵਾਰਿਸ ਲਾਸ਼ਾਂ ਲੱਭਦਾ ਫਿਰਦਾਂ, ਆਪਣੇ ਪੁੱਤਾਂ-ਧੀਆਂ ਨੂੰ ਆਪਣਾ ਹੱਕ ਜਾਣ ਕੇ ਗੁਜ਼ਾਰਿਸ਼ ਕਰਦਾ ਕਿ ਮੈਨੂੰ ਤੁਹਾਡਾ ਸਾਥ ਚਾਹੀਦਾ ਅੱਜ; ਮੇਰੀ ਮਦਦ ਕਰੋ, ਉਹ ਤੁਹਾਡੇ ਵੀ ਕੁਝ ਆਪਣੇ ਸਕੇ ਸਬੰਧੀ ਹੀ ਤਾਂ ਸਨ। ਤੁਸੀਂ ਮੇਰੀ ਧੀ ਪਰਮਜੀਤ ਕੌਰ ਖਾਲੜਾ ਦੀਆਂ ਬਾਹਾਂ ਬਣੋ ਤੇ ਉਹ ਬਣੇ ਮੇਰੀ ਆਵਾਜ਼, ਤੇ ਫਿਰ ਸਾਰੇ ਜਗਤ ਨੂੰ ਪਤਾ ਲੱਗੂ ਕਿ ਮੇਰੇ ਪੁੱਤਾਂ ਨੂੰ ਲਾਵਾਰਿਸ ਲਾਸ਼ਾਂ ਕੀਹਨੇ ਤੇ ਕਿਹੜੇ ਹਾਲਾਤ ਨੇ ਬਣਾਇਆ, ਕਿਉਂਕਿ ਬਗੈਰ ਤੁਹਾਡੇ ਚੁਣੇ ਨੁਮਾਇੰਦੇ ਤੋਂ ਬਾਹਰਲੇ ਮੁਲਕ ਵਾਲੇ ਸੱਚ ਨਹੀਂ ਮੰਨਦੇ। ਅੱਜ ਤੱਕ ਅਸੀਂ ਬਥੇਰਾ ਗੁਰਦੁਆਰਿਆਂ ਵਿਚ ਚੀਕ ਚੀਕ ਕੇ ਕਹਿ ਚੁਕੇ ਆਂ ਲਾਵਾਰਿਸ ਲਾਸ਼ਾਂ ਬਾਰੇ, ਕਿਸੇ ਦਾ ਧਿਆਨ ਗਿਆ ਇਸ ਪਾਸੇ? ਬੱਸ ਗੁਰਦੁਆਰਿਆਂ ਅੰਦਰ ਹੀ ਰਿਹਾ। ਮੇਰੇ ਆਪਣੇ ਕੁਝ ਦਾਨੇ ਇਹ ਵੀ ਸਲਾਹ ਦਿੰਦੇ ਆ ਕਿ ਮੇਰੀ ਧੀ ਪਰਮਜੀਤ ਕੌਰ ਖਾਲੜਾ ਨੂੰ ਇਸ ਗੰਦੀ ਸਿਆਸਤ ਵਿਚ ਨਹੀਂ ਸੀ ਪੈਣਾ ਚਾਹੀਦਾ, ਨਹੀਂ ਜੀ ਖੜਨਾ ਚਾਹੀਦਾ ਖਡੂਰ ਸਾਹਿਬ ਤੋਂ! ਮੈਨੂੰ ਫਖਰ ਆ ਇਨ੍ਹਾਂ ਦਾਨੇ ਸੱਜਣਾਂ ਦੀ ਸੋਚ 'ਤੇ ਕਿ ਉਹ ਇਹ ਦਿਲੋਂ ਮੰਨਦੇ ਆ ਕਿ ਖਾਲੜਾ ਪਰਿਵਾਰ ਵਰਗਾ ਸਾਫ ਸਵੱਛ ਇਮਾਨਦਾਰ ਤੇ ਬੇਦਾਗ ਹੋਰ ਕੋਈ ਹੈ ਈ ਨਹੀਂ।

ਜਿਥੋਂ ਤੱਕ ਗੱਲ ਹੈ ਗੰਦੀ ਸਿਆਸਤ ਦੀ, ਮੈਥੋਂ ਵੱਧ ਹੋਰ ਕੌਣ ਜਾਣਦਾ ਇਸ ਬਾਰੇ; ਅਖੌਤੀ ਆਜ਼ਾਦੀ ਦੀ ਦੇਵੀ ਦੇ ਪ੍ਰਗਟ ਹੋਣ ਸਾਰ, ਮੇਰੇ ਨਾਲ ਜੋ ਗੰਦੀ ਸਿਆਸਤ ਖੇਡੀ, ਸ਼ਾਇਦ ਹੀ ਕਿਸੇ ਨਾਲ ਖੇਡੀ ਗਈ ਹੋਵੇ। ਮੇਰੇ ਜਿਸਮ ਦੇ ਹੀ ਦੋ ਟੋਟੇ ਕਰ ਦਿੱਤੇ ਇਨ੍ਹਾਂ ਨੇ! ਆਹ ਮੇਰੇ ਪੁੱਤਾਂ ਦੀਆਂ ਲਾਵਾਰਿਸ ਲਾਸ਼ਾਂ ਇਸੇ ਗੰਦੀ ਸਿਆਸਤ ਨੇ ਹੀ ਤਾਂ ਮੇਰੀ ਝੋਲੀ ਪਾਈਆਂ। ਮੇਰਾ ਹੀਰਾ ਪੁੱਤ ਜਸਵੰਤ ਸਿੰਘ ਖਾਲੜਾ ਇਸ ਗੰਦੀ ਸਿਆਸਤ ਨੇ ਹੀ ਖੋਹ ਲਿਆ, ਫਿਰ ਮੇਰਾ ਕਿਉਂ ਨਹੀਂ ਇਸ ਗੰਦੀ ਸਿਆਸਤ ਤੇ ਗੰਦੇ ਸਿਆਸਤਦਾਨਾਂ ਤੋਂ ਛੁਟਕਾਰਾ ਦੁਆਉਂਦੇ ਤੁਸੀਂ? ਜਦੋਂ ਤੁਸੀਂ ਮੰਨਦੇ ਹੋ, ਮੇਰੀ ਧੀ ਖਾਲੜਾ ਵਰਗਾ ਹੋਰ ਕੋਈ ਹੈ ਨਹੀਂ, ਫਿਰ ਆਪਣਾ ਫਰਜ਼ ਕਿਉਂ ਨਹੀਂ ਪਛਾਣਦੇ ਭਲਾ! ਬਣੋ ਮੇਰੀਆਂ ਤੇ ਮੇਰੀ ਧੀ ਦੀਆਂ ਬਾਹਾਂ ਤੇ ਸਿਰਜੋ ਵੱਖਰਾ ਇਤਿਹਾਸ! ਜੋ ਵੀ ਖਾਲੜਾ ਦੇ ਵਿਰੁਧ ਵੋਟ ਦਾ ਦਾਅਵਾ ਕਰੂ, ਉਹ ਅਸਲ 'ਚ ਮੇਰੇ ਪੁੱਤਾਂ ਦੀਆਂ ਲਾਵਾਰਿਸ ਲਾਸ਼ਾਂ ਦੇ ਗੁਨਾਹ ਦਾ ਸਾਂਝੀਦਾਰ ਹੋਊ। ਇਨ੍ਹਾਂ ਨੂੰ ਇਤਿਹਾਸ ਨੇ ਮਹੰਤ ਨਰਾਇਣ ਦਾਸ ਦੇ ਵਾਰਿਸ ਕਹਿਣਾ।

ਦੁਨੀਆਂ ਨੇ ਤੁਹਾਨੂੰ ਸਿਜਦਾ ਕਰਨਾ ਜਦੋਂ ਮੇਰੇ ਪੁੱਤਾਂ ਦੀਆਂ ਲਾਵਾਰਿਸ ਲਾਸ਼ਾਂ ਦੀ ਆਵਾਜ਼ ਕੁਲ ਜਹਾਨ ਵਿਚ ਸੁਣੀ ਗਈ। ਇਨ੍ਹਾਂ ਲਾਸ਼ਾਂ ਦੇ ਵਪਾਰੀਆਂ ਨੇ ਬਥੇਰਾ ਰੌਲਾ ਪਾਉਣਾ, ਇਨ੍ਹਾਂ ਵੋਟਾਂ ਵਿਚ ਕਿ ਪੰਜਾਬ ਸਿੰਘ ਜਜ਼ਬਾਤੀ ਹੋਇਆ ਬੋਲੀ ਜਾਂਦਾ, ਐਦਾਂ ਥੋੜ੍ਹੋਂ ਸਿਆਸਤਾਂ ਚਲਦੀਆਂ ਹੁੰਦੀਆਂ! ਇਨ੍ਹਾਂ ਬੇਕਦਰਾਂ ਨੂੰ ਜਜ਼ਬਾਤ ਦਾ ਕੀ ਪਤਾ; ਉਹ ਮੇਰੇ ਜਜ਼ਬਾਤ ਹੀ ਸਨ, ਜਦੋਂ ਧਾਰਾਂ ਦੀ ਇੱਜ਼ਤ ਆਬਰੂ ਖਾਤਿਰ ਮੈਂ ਬੜੇ ਤੋਂ ਬੜੇ ਜਾਬਰ ਨਾਲ ਭਿੜ ਜਾਂਦਾ ਸਾਂ। ਉਦੋਂ ਮੇਰੇ ਸੋਹਲੇ ਗਾਏ ਜਾਂਦੇ ਸਨ, ਹੁਣ ਜਦੋਂ ਆਪਣੇ ਲਈ ਇਨਸਾਫ ਦੀ ਗੱਲ ਕੀਤੀ ਤਾਂ ਮੈਂ ਕੰਡਾ ਬਣ ਕੇ ਚੁੱਭਣ ਲੱਗ ਪਿਆ। ਇਨ੍ਹਾਂ ਬੇਕਦਰਾਂ ਨੇ ਤਾਂ ਮੇਰੇ ਜਜ਼ਬਾਤ ਮੇਰੇ ਪੁੱਤਾਂ ਦੀਆਂ ਲਾਸ਼ਾਂ ਨਾਲ ਈ ਸਾੜ ਦਿੱਤੇ ਸਨ।

ਅੰਤ ਵਿਚ ਮੈਂ ਇਹੀ ਕਹੂੰ, ਤੁਸੀਂ ਮੇਰੇ ਪੈਗੰਬਰੀ ਬਾਬੇ ਦੀ ਬਾਣੀ ਪੜ੍ਹਨ ਵਾਲੇ ਹੋ, ਜਿਹਦੇ ਪੈਗੰਬਰੀ ਬੋਲ 'ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮੁ' ਉਤੇ ਪਹਿਰਾ ਦਿੰਦਿਆਂ ਹੱਕ-ਸੱਚ 'ਤੇ ਖੜ੍ਹਨ ਵਾਲੇ ਹੋ; ਚੰਗੇ ਮਾੜੇ ਦੀ ਤੁਹਾਨੂੰ ਪੂਰੀ ਪਛਾਣ ਹੈ ਤਾਂ ਫਿਰ ਕਿਤੇ ਇਸ ਵਾਰ ਖੁੰਝ ਨਾ ਜਾਇਓ ਤੇ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਵੋਟ ਜ਼ਰੂਰ ਪਾ ਕੇ ਆਪਣਾ ਗੁਰਮੁਖ ਹੋਣ ਦਾ ਫਰਜ਼ ਨਿਭਾਇਓ, ਨਹੀਂ ਤਾਂ ਮੈਂ ਪੰਜਾਬ ਸਿੰਘ ਅਜੇ ਹੋਰ ਪਤਾ ਨਹੀਂ ਕਿੰਨਾ ਵਕਤ ਆਪਣੇ ਪੁੱਤਾਂ ਦੀਆਂ ਲਾਵਾਰਿਸ ਲਾਸ਼ਾਂ ਲੱਭਦਾ ਰੁਲਦਾ ਫਿਰੂੰ। ਇਹ ਤੁਹਾਡੇ 'ਤੇ ਆ ਹੁਣ!

ਪੰਜਾਬ ਟਾਈਮਜ਼

*ਸਨਿਚਰਵਾਰ, 13 ਅਪਰੈਲ 2019*

## ਸੱਚ ਦੇ ਰਾਹ ਵਿਚ ਫਿਰ ਅੜਿੱਕੇ

ਭਾਰਤੀ ਚੋਣ ਕਮਿਸ਼ਨ ਨੇ ਬਰਗਾੜੀ (ਫਰੀਦਕੋਟ) ਵਿਚ ਹੋਈ ਬੇਅਦਬੀ ਦੀ ਘਟਨਾ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਅਹਿਮ ਮੈਂਬਰ ਅਤੇ ਆਈ. ਪੀ. ਐਸ. ਅਫਸਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਬਦਲ ਦਿੱਤਾ ਹੈ। ਕਮਿਸ਼ਨ ਦੀਆਂ ਹਦਾਇਤਾਂ 'ਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਇਸ ਪੁਲਿਸ ਅਧਿਕਾਰੀ ਨੂੰ ਆਈ. ਜੀ. (ਕਾਊਂਟਰ ਇੰਟੈਲੀਜੈਂਸ) ਅੰਮ੍ਰਿਤਸਰ ਲਾ ਦਿੱਤਾ ਹੈ। ਚੋਣ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਜੋ ਪੱਤਰ ਲਿਖਿਆ ਹੈ, ਉਸ ਵਿਚ ਕੁੰਵਰ ਵਿਜੈ ਪ੍ਰਤਾਪ ਸਿੰਘ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ ਹਨ। ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਹੀ ਆਈ. ਪੀ. ਐਸ. ਅਫਸਰ ਖਿਲਾਫ ਕਾਰਵਾਈ ਦੀ ਹਦਾਇਤ ਕੀਤੀ ਗਈ ਹੈ। ਇਹ ਪੁਲਿਸ ਅਫਸਰ 'ਸਿਟ' ਦਾ ਮੈਂਬਰ ਹੋਣ ਦੇ ਨਾਲ ਨਾਲ ਬਿਊਰੋ ਆਫ ਇਨਵੈਸਟੀਗੇਸ਼ਨ 'ਚ ਆਈ. ਜੀ. ਅਤੇ ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਯੂਨਿਟ ਦੇ ਮੁਖੀ ਵਜੋਂ ਵੀ ਸੇਵਾ ਨਿਭਾ ਰਿਹਾ ਸੀ। ਚੋਣ ਕਮਿਸ਼ਨ ਨੇ ਸੰਸਦੀ ਚੋਣਾਂ ਦੇ ਅਮਲ ਦੌਰਾਨ ਚੋਣ ਜ਼ਾਬਤਾ ਲਾਗੂ ਰਹਿਣ ਦੇ ਸਮੇਂ ਤੱਕ 'ਸਿਟ' ਦੇ ਮੈਂਬਰ ਨੂੰ ਸਿਟ ਦੀਆਂ ਗਤੀਵਿਧੀਆਂ ਬਾਰੇ ਜ਼ੁਬਾਨ ਬੰਦ ਰੱਖਣ ਦੀਆਂ ਹਦਾਇਤਾਂ ਵੀ ਕੀਤੀਆਂ ਹਨ। ਇਸ ਪੁਲਿਸ ਅਫਸਰ ਦੀ ਬਦਲੀ ਕੀਤੇ ਜਾਣ ਨਾਲ ਕੈਪਟਨ ਸਰਕਾਰ ਨੂੰ ਵੱਡਾ ਝਟਕਾ ਲੱਗਾ ਹੈ। ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਵਿਚ ਇਸ ਪੁਲਿਸ ਅਫਸਰ ਦੀ ਮੋਹਰੀ ਭੂਮਿਕਾ ਨਿਭਾਏ ਜਾਣ ਦੇ ਤੱਥ ਸਾਹਮਣੇ ਆ ਰਹੇ ਸਨ। ਸਾਬਕਾ ਐਸ. ਐਸ. ਪੀ. ਚਰਨਜੀਤ ਸ਼ਰਮਾ ਅਤੇ ਆਈ. ਜੀ. ਰੈਂਕ ਦੇ ਪੁਲਿਸ ਅਫਸਰ ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ ਵਿਚ ਵੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਵੱਡੀ ਭੂਮਿਕਾ ਮੰਨੀ ਜਾ ਰਹੀ ਸੀ। ਇਸ ਅਫਸਰ ਨੇ ਹਰਿਆਣਾ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਡੇਰਾ ਸੱਚਾ ਸੌਦਾ (ਸਿਰਸਾ) ਦੇ ਮੁਖੀ ਗੁਰਮੀਤ ਰਾਮ ਰਹੀਮ ਤੋਂ ਵੀ ਪੁੱਛਗਿੱਛ ਲਈ ਜੇਲ੍ਹ ਪ੍ਰਸ਼ਾਸਨ ਤੋਂ ਆਗਿਆ ਮੰਗੀ ਸੀ, ਪਰ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ ਗਈ। ਹਰਿਆਣਾ ਵਿਚ ਇਸ ਵੇਲੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਅਜਿਹੇ ਤੱਥ ਸਾਹਮਣੇ ਆਏ ਹਨ ਕਿ ਸਰਕਾਰ ਤੇ ਸਮੁੱਚਾ ਪ੍ਰਸ਼ਾਸਨ ਡੇਰਾ ਮੁਖੀ ਨਾਲ ਰਿਆਇਤ ਵਰਤ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਕੁਝ ਦਿਨਾਂ ਬਾਅਦ ਹੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਸੂਬੇ ਤੋਂ ਬਾਹਰ ਕਰਾਉਣ ਦੀ ਮੰਗ ਨੂੰ ਲੈ ਕੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ। ਇਹ ਸ਼ਿਕਾਇਤ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਦੇ ਦਸਤਖਤਾਂ ਹੇਠ ਕੀਤੀ ਗਈ। ਪੰਜਾਬ ਸਰਕਾਰ ਨੇ ਜਦੋਂ ਵਧੀਕ ਡੀ. ਜੀ. ਪੀ. ਪ੍ਰਬੋਧ ਕੁਮਾਰ ਦੀ ਅਗਵਾਈ ਹੇਠ ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਲਈ 'ਸਿਟ' ਬਣਾਈ ਸੀ, ਅਕਾਲੀ ਦਲ ਨੇ ਉਦੋਂ ਵੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਵਿਰੋਧ ਕੀਤਾ ਸੀ ਅਤੇ ਇਸ ਪੁਲਿਸ ਅਫਸਰ ਨੂੰ 'ਸਿਟ' ਤੋਂ ਵੱਖ ਕਰਨ ਦੀ ਮੰਗ ਕੀਤੀ ਸੀ। ਯਾਦ ਰਹੇ, 'ਸਿਟ' ਟੀਮ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉਤੇ ਸਬੰਧਤ ਮਾਮਲਿਆਂ ਦੀ ਜਾਂਚ ਕਰ ਰਹੀ ਹੈ। ਜਾਂਚ ਵਿਚ ਅੜਿੱਕੇ ਪਾਉਣ ਲਈ ਪਹਿਲਾਂ ਅਦਾਲਤ ਵਿਚ ਵੀ ਚਾਰਾਜੋਈ ਕੀਤੀ ਗਈ ਸੀ ਅਤੇ ਅਦਾਲਤ ਨੇ ਟੀਮ ਵੱਲੋਂ ਕੀਤੀ ਜਾ ਰਹੀ ਪੜਤਾਲ ਦੀ ਰਿਪੋਰਟ ਤਲਬ ਕਰ ਲਈ ਸੀ ਪਰ ਰਿਪੋਰਟ ਦੀ ਘੋਖ ਕਰਨ ਪਿਛੋਂ ਅਦਾਲਤ ਨੇ ਜਾਂਚ ਨੂੰ ਹਰੀ ਝੰਡੀ ਦੇ ਦਿੱਤੀ ਸੀ।

ਬਿਨਾ ਸ਼ੱਕ, ਚੋਣ ਕਮਿਸ਼ਨ ਦੀ ਇਸ ਕਾਰਵਾਈ ਨੇ ਇਸ ਸੰਵਿਧਾਨਕ ਸੰਸਥਾ ਦੀ ਕਾਰਗੁਜ਼ਾਰੀ ਉਤੇ ਸਵਾਲੀਆ ਨਿਸ਼ਾਨ ਲਾਇਆ ਹੈ। ਜਿੰਨੀ ਤੇਜ਼ੀ ਨਾਲ ਚੋਣ ਕਮਿਸ਼ਨ ਨੇ ਇਹ ਕਾਰਵਾਈ ਕੀਤੀ ਹੈ, ਉਸ ਨੇ ਵੀ ਕਈ ਸਵਾਲ ਖੜ੍ਹੇ ਕੀਤੇ ਹਨ। ਵਿਰੋਧੀ ਧਿਰਾਂ ਨੇ ਚੋਣ ਕਮਿਸ਼ਨ ਕੋਲ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਕਾਫਲੇ ਵਿਚੋਂ ਪੌਣੇ ਦੋ ਕਰੋੜ ਰੁਪਏ ਫੜਨ ਬਾਰੇ ਸ਼ਿਕਾਇਤ ਕੀਤੀ; ਰਾਜਸਥਾਨ ਵਿਚ ਰਾਜਪਾਲ ਦੇ ਅਹੁਦੇ 'ਤੇ ਤਾਇਨਾਤ ਕਲਿਆਣ ਸਿੰਘ ਵੱਲੋਂ ਨਰਿੰਦਰ ਮੋਦੀ ਨੂੰ ਵੋਟਾਂ ਪਾਉਣ ਦਾ ਮਾਮਲਾ ਸਾਹਮਣੇ ਲਿਆਂਦਾ; ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਵੱਲੋਂ ਮੁਲਕ ਦੀ ਫੌਜ ਨੂੰ 'ਮੋਦੀ ਕੀ ਸੇਨਾ' ਆਖਣ ਬਾਰੇ ਰਿਪੋਰਟ ਕੀਤੀ, ਪਰ ਚੋਣ ਕਮਿਸ਼ਨ ਨੇ ਇਹ ਸਾਰੇ ਮਾਮਲੇ ਲਮਕਾਈ ਰੱਖੇ ਅਤੇ ਫਿਰ ਸਾਰੇ ਮਾਮਲੇ ਰਫਾ-ਦਫਾ ਕਰ ਦਿੱਤੇ। ਮੋਦੀ ਸਰਕਾਰ ਉਤੇ ਉਂਜ ਵੀ ਲਗਾਤਾਰ ਦੋਸ਼ ਲੱਗ ਰਹੇ ਹਨ ਕਿ ਇਸ ਨੇ ਸਾਰੀਆਂ ਸੰਵਿਧਾਨਕ ਸੰਸਥਾਵਾਂ ਉਤੇ ਇਕ ਤਰ੍ਹਾਂ ਨਾਲ ਕਬਜ਼ਾ ਕਰ ਲਿਆ ਹੋਇਆ ਹੈ। ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਘਰਾਂ ਉਤੇ ਸੀ. ਬੀ. ਆਈ. ਅਤੇ ਈ. ਡੀ. ਛਾਪੇ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਵੀ ਕਰਦੇ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ਵਿਚ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਉਤੇ ਸਵਾਲ ਉਠਾਇਆ ਹੈ। ਉਨ੍ਹਾਂ ਦੀ ਸੁਰ ਦੱਸਦੀ ਹੈ ਕਿ ਉਹ ਇਹ ਮਾਮਲਾ ਲੋਕ ਸਭਾ ਚੋਣਾਂ ਦੌਰਾਨ ਭਖਾਉਣ ਦਾ ਯਤਨ ਕਰਨਗੇ। ਉਂਜ, ਇਕ ਸਵਾਲ ਮੁੱਖ ਮੰਤਰੀ ਲਈ ਵੀ ਬਣਦਾ ਹੈ: ਇਨ੍ਹਾਂ ਮਾਮਲਿਆਂ ਦੀ ਤੇਜ਼ੀ ਨਾਲ ਜਾਂਚ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਕਿਸ ਨੇ ਰੋਕਿਆ ਸੀ? ਪਿਛਲੇ ਦੋ ਸਾਲਾਂ ਤੋਂ ਉਹ ਇਨ੍ਹਾਂ ਸਾਰੇ ਮਾਮਲਿਆਂ ਉਤੇ ਕਰੀਬ ਕੁੰਡਲੀ ਮਾਰ ਕੇ ਬੈਠੇ ਸਨ। ਬਰਗਾੜੀ ਵਾਲਾ ਮੋਰਚਾ ਉਨ੍ਹਾਂ ਦੀ ਸਰਕਾਰ ਵੱਲੋਂ ਇਸ ਮਾਮਲੇ ਵਿਚ ਕੋਈ ਕਾਰਵਾਈ ਨਾ ਕਰਨ ਖਿਲਾਫ ਹੀ ਲਾਇਆ ਗਿਆ ਸੀ। ਅਸਲ ਵਿਚ ਇਹ ਸਾਰਾ ਮਾਮਲਾ ਸਿਆਸੀ ਗਿਣਤੀਆਂ-ਮਿਣਤੀਆਂ ਅਨੁਸਾਰ ਉਭਾਰਿਆ ਜਾਂ ਵਿਸਾਰਿਆ ਜਾ ਰਿਹਾ ਹੈ। ਚੋਣਾਂ ਤੋਂ ਐਨ ਪਹਿਲਾਂ ਇਨ੍ਹਾਂ ਮਾਮਲਿਆਂ ਨੂੰ ਉਭਾਰਨਾ ਇਸੇ ਸਿਆਸੀ ਗਿਣਤੀ-ਮਿਣਤੀ ਦਾ ਸਿੱਟਾ ਸੀ। ਹੁਣ ਵੀ ਕਾਂਗਰਸੀ ਆਗੂਆਂ ਦੇ ਇਹੀ ਬਿਆਨ ਆਏ ਹਨ ਕਿ ਚੋਣਾਂ ਦੌਰਾਨ ਇਹ ਮੁੱਦਾ ਉਭਾਰਿਆ ਜਾਵੇਗਾ। ਉਂਜ, ਸਮੁੱਚੇ ਘਟਨਾਕ੍ਰਮ ਤੋਂ ਸਪਸ਼ਟ ਹੋ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਇਨ੍ਹਾਂ ਮਾਮਲਿਆਂ ਦੀ ਜਾਂਚ ਕਿਸੇ ਵੀ ਤਣ-ਪੱਤਣ ਲੱਗਣ ਦੇ ਹਰ ਰਾਹ ਵਿਚ ਅੜਿੱਕਾ ਡਾਹ ਰਿਹਾ ਹੈ, ਕਿਉਂਕਿ ਹੁਣ ਤੱਕ ਦੀ ਜਾਂਚ ਅਤੇ ਆਮ ਰਾਏ ਅਕਾਲੀ ਲੀਡਰਸ਼ਿਪ ਵੱਲ ਹੀ ਉਂਗਲ ਕਰ ਰਹੀ ਹੈ। ਜਸਟਿਸ ਜੋਰਾ ਸਿੰਘ ਕਮਿਸ਼ਨ ਦਾ ਸਿੱਟਾ ਵੀ ਇਹੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਨਮੋ ਚੈਨਲ ਮੋਨ!*

ਸੋਹਲੇ ਆਪਣੇ ਸੁਣਨ ਦਾ ਸ਼ੌਕ ਹੁੰਦਾ, ਸੱਤਾਧਾਰੀਆਂ ਹਾਕਮਾਂ ਸਾਰਿਆਂ ਨੂੰ।
ਬੰਨ੍ਹੇ ਮੀਡੀਆ ਸਿਫਤਾਂ ਦੇ ਪੁਲ ਸਾਡੇ, ਕੋਈ ਫੋਲੇ ਨਾ ਕੀਤਿਆਂ ਕਾਰਿਆਂ ਨੂੰ।
ਅੰਨੇ ਗੱਦੀ ਦੇ ਨਸ਼ੇ ਵਿਚ ਗੌਲਦੇ ਨਾ, ਚੜ੍ਹਦੇ ਗੁੱਸੇ ਵਿਚ ਲੋਕਾਂ ਦੇ ਪਾਰਿਆਂ ਨੂੰ।
ਕੁਫਰ ਤੋਲਿਆ ਟੀ. ਵੀ. 'ਤੇ ਗਿਆ ਕਿੱਥੇ, ਫੇਰ ਪੁੱਛਾਂਗੇ ਵੋਟਾਂ ਵਿਚ ਹਾਰਿਆਂ ਨੂੰ।
ਪਾਵੇ ਸਹਿਮ ਸਮਾਜ ਵਿਚ ਖਤਰਿਆਂ ਦਾ, ਫਾਸ਼ੀਵਾਦ ਨਹਿਸ਼ ਜਿਹੀ ਟੋਨ ਯਾਰੋ।
ਲੋਕ ਰਾਜ ਜੇ ਜਿਉਂਦਾ ਹੀ ਰੱਖਣਾ ਐਨ, 'ਨਮੋ' ਚੈਨਲ ਨੂੰ ਕਰ ਦਿਓ 'ਮੋਨ' ਯਾਰੋ!

# ਜਲ੍ਹਿਆਂਵਾਲਾ ਬਾਗ ਸਾਕੇ ਦੇ ਸੌ ਸਾਲ ਅਤੇ ਅਜੋਕੇ ਸਰੋਕਾਰ

*ਜਲ੍ਹਿਆਂਵਾਲੇ ਬਾਗ ਦੇ ਸਾਕੇ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਨੂੰ ਨਵਾਂ ਮੋੜ ਦਿੱਤਾ ਸੀ। ਇਸ ਸਾਕੇ ਨੂੰ ਵਾਪਰਿਆਂ ਸੌ ਸਾਲ ਹੋ ਗਏ ਹਨ। ਇਸ ਪ੍ਰਸੰਗ ਵਿਚ ਵੱਖ-ਵੱਖ ਥਾਂਈਂ ਸਮਾਗਮ ਰਚਾਏ ਜਾ ਰਹੇ ਹਨ ਅਤੇ ਉਸ ਦੌਰ ਨਾਲ ਸਬੰਧਤ ਇਤਿਹਾਸ ਵੀ ਫਰੋਲਿਆ ਜਾ ਰਿਹਾ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਸਾਕੇ ਅਤੇ ਇਸ ਨੂੰ ਵਰਤਾਉਣ ਵਾਲੀ ਅੰਗਰੇਜ਼ ਹਕੂਮਤ ਦੇ ਪੈਦਾ ਕੀਤੇ ਹਾਲਾਤ ਨੂੰ ਅੱਜ ਦੇ ਪ੍ਰਸੰਗ ਵਿਚ ਰੱਖ ਕੇ ਵਿਚਾਰਿਆ ਹੈ। ਇਸ ਤੋਂ ਹਕੂਮਤਾਂ ਦੀ ਪਹੁੰਚ ਦੇ ਭਲੀ-ਭਾਂਤ ਦਰਸ਼ਨ ਹੋ ਜਾਂਦੇ ਹਨ। -ਸੰਪਾਦਕ*

ਬੂਟਾ ਸਿੰਘ
ਫੋਨ: +91-94634-74342

ਭਾਰਤ ਦੀ ਜੰਗੇ-ਆਜ਼ਾਦੀ ਉਪਰ ਡੂੰਘੀ ਛਾਪ ਛੱਡਣ ਵਾਲੇ ਇਸ ਇਤਿਹਾਸਕ ਸਾਕੇ ਦੀ ਸ਼ਤਾਬਦੀ ਨੂੰ ਅੱਜ ਦੇ ਹਾਲਾਤ ਵਿਚ ਮਨਾਏ ਜਾਣ ਦਾ ਠੋਸ ਮਹੱਤਵ ਕੀ ਹੈ, ਇਹ ਸਭ ਤੋਂ ਮਹੱਤਵਪੂਰਨ ਸਵਾਲ ਹੈ।

ਉਸ ਵਕਤ 18 ਮਾਰਚ 1919 ਨੂੰ ਅੰਗਰੇਜ਼ ਹਕੂਮਤ ਨੇ ਰੌਲਟ ਐਕਟ ਲਾਗੂ ਕੀਤਾ ਸੀ। ਬਰਤਾਨਵੀ ਰਾਜ ਦੀ ਫਿਕਰਮੰਦੀ ਇਹ ਸੀ ਕਿ 1915 ਦੀ ਗ਼ਦਰ ਲਹਿਰ ਨੂੰ ਕੁਚਲਣ ਲਈ ਫਾਂਸੀਆਂ ਅਤੇ ਕਾਲੇਪਾਣੀ ਦੀਆਂ ਘੋਰ ਸਜ਼ਾਵਾਂ ਵੀ ਆਜ਼ਾਦੀ ਦੀ ਤਾਂਘ ਨੂੰ ਦਬਾ ਨਹੀਂ ਸਕੀਆਂ ਸਨ। 1915 ਦੀ ਪਛਾੜ ਤੋਂ ਸਬਕ ਸਿੱਖ ਕੇ ਗ਼ਦਰ ਲਹਿਰ ਦੇ ਨਵੀਆਂ ਲੀਹਾਂ ਉਪਰ ਮੁੜ-ਜਥੇਬੰਦ ਹੋਣ ਦੇ ਯਤਨ ਅਤੇ ਹੋਰ ਲੋਕ ਉਭਾਰ ਹੁਕਮਰਾਨਾਂ ਲਈ ਪ੍ਰੇਸ਼ਾਨੀ ਬਣ ਰਹੇ ਸਨ। ਕਾਂਗਰਸ ਵਲੋਂ ਰਿਆਇਤਾਂ ਦੀ ਝਾਕ ਵਿਚ ਪਹਿਲੀ ਆਲਮੀ ਜੰਗ ਵਿਚ ਬਰਤਾਨੀਆ ਦੀ ਹਮਾਇਤ ਦਾ ਪ੍ਰਭਾਵ ਖੁਰ ਚੁੱਕਾ ਸੀ। ਆਰਥਕ ਵਸੀਲਿਆਂ ਅਤੇ ਮਨੁੱਖੀ ਜਾਨਾਂ ਦਾ ਖੌਅ ਇਹ ਨਹੱਕੀ ਜੰਗ ਦੇ ਸਤਾਏ ਭਾਰਤੀ ਲੋਕਾਂ ਵਿਚ ਫੈਲੀ ਵਿਆਪਕ ਬੇਚੈਨੀ ਨਾਬਰੀ ਵਿਚ ਬਦਲ ਜਾਣ ਦੀ ਪੂਰੀ ਸੰਭਾਵਨਾ ਸੀ। ਇਨ੍ਹਾਂ ਨਵੇਂ ਹਾਲਾਤ ਨਾਲ ਨਜਿੱਠਣ ਲਈ ਅੰਗਰੇਜ਼ ਜੱਜ ਸਿਡਨੀ ਰੌਲਟ ਦੀ ਅਗਵਾਈ ਹੇਠ 1918 ਵਿਚ 'ਸੈਡੀਸ਼ਨ ਕਮੇਟੀ' ਬਣਾਈ ਗਈ ਸੀ ਜਿਸ ਨੇ 1915 ਦੇ ਡਿਫੈਂਸ ਆਫ ਇੰਡੀਆ ਐਕਟ ਵਿਚ ਵਾਧੇ ਕਰਕੇ ਵਧੇਰੇ ਸਖਤ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਇਹੀ ਰੌਲਟ ਐਕਟ ਸੀ।

ਪੂਰੇ ਮੁਲਕ ਦੇ ਨਾਲ-ਨਾਲ ਪੰਜਾਬ ਵਿਚ ਵੀ ਰੌਲਟ ਐਕਟ ਦਾ ਵਿਆਪਕ ਵਿਰੋਧ ਹੋਇਆ। ਲਾਹੌਰ ਅਤੇ ਅੰਮ੍ਰਿਤਸਰ ਵਿਚ ਵੱਡੇ ਵੱਡੇ ਇਕੱਠ ਹੋਣੇ ਸ਼ੁਰੂ ਹੋ ਗਏ। ਇਕੱਠਾਂ ਤੋਂ ਵੀ ਵਧੇਰੇ ਅੰਗਰੇਜ਼ੀ ਰਾਜ ਨੂੰ ਫਿਕਰ ਧਾਰਮਿਕ ਫਿਰਕਿਆਂ ਦਰਮਿਆਨ ਪੀਡੀ ਹੋ ਰਹੀ ਸਾਂਝ ਦਾ ਸੀ। ਰਾਮ ਨੌਮੀ ਮੌਕੇ ਕੱਢੇ ਗਏ ਜਲੂਸ ਵਿਚ ਹਿੰਦੂ-ਮੁਸਲਮਾਨ ਛਬੀਲਾਂ ਉਪਰ ਇਕੋ ਗਿਲਾਸ ਤੋਂ ਪਾਣੀ ਪੀਂਦੇ ਅਤੇ ਪੱਗਾਂ ਵਟਾਉਂਦੇ ਆਮ ਦੇਖੇ ਗਏ ਸਨ।

ਇਸ ਰੋਸ ਲਹਿਰ ਨੂੰ ਦਬਾਉਣ ਲਈ 10 ਅਪਰੈਲ ਨੂੰ ਅੰਮ੍ਰਿਤਸਰ ਦੀਆਂ ਦੋ ਬਾਰਸੂਖ ਸ਼ਖਸੀਅਤਾਂ ਡਾ. ਸੈਫੂਦੀਨ ਕਿਚਲੂ ਅਤੇ ਡਾ. ਸੱਤਪਾਲ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਦੇ ਵਿਰੋਧ ਵਿਚ ਲਾਹੌਰ ਅਤੇ ਅੰਮ੍ਰਿਤਸਰ ਦੇ ਲੋਕਾਂ ਵੱਲੋਂ ਉਸੇ ਦਿਨ ਹੜਤਾਲ ਅਤੇ ਰੋਸ ਪ੍ਰਦਰਸ਼ਨ ਦੇ ਸੱਦੇ ਨੂੰ ਜੋ ਬੇਮਿਸਾਲ ਹੁੰਗਾਰਾ ਦਿੱਤਾ ਗਿਆ ਉਸ ਨੂੰ ਦੇਖਕੇ ਓਡਵਾਇਰ ਅਤੇ ਉਸ ਦੇ ਅਫਸਰਾਂ ਦੇ ਹੋਸ਼ ਉਡ ਗਏ। ਪ੍ਰਸ਼ਾਸਨ ਦੀਆਂ ਧਮਕੀਆਂ ਅਤੇ ਜਾਬਰ ਪੇਸ਼ਬੰਦੀਆਂ ਵੀ ਲੋਕਾਂ ਦੇ ਜੋਸ਼ ਨੂੰ ਦਬਾਉਣ ਤੋਂ ਅਸਮਰੱਥ ਸਨ। 11 ਅਪਰੈਲ ਨੂੰ ਜੁੰਮੇ ਦੇ ਦਿਨ ਲਾਹੌਰ ਦੀ ਬਾਦਸ਼ਾਹੀ ਮਸਜਿਦ ਵਿਚ 35000 ਲੋਕਾਂ ਦਾ ਵਿਸ਼ਾਲ ਇਕੱਠ ਹੋਇਆ ਜਿਸ ਵਿਚ ਮੁਸਲਮਾਨ, ਸਿੱਖ ਅਤੇ ਹਿੰਦੂ ਸ਼ਾਮਲ ਸਨ। ਉਤਰੀ ਹਿੰਦੁਸਤਾਨੀ ਦੀ ਪ੍ਰਮੁੱਖ ਮਸਜਿਦ ਦੇ ਮੰਚ ਤੋਂ ਪਹਿਲੀ ਵਾਰ ਸ਼ਹਿਰ ਦੇ ਮੁਹਤਬਰ ਹਿੰਦੂ ਆਗੂਆਂ ਨੇ ਦਹਿ ਹਜ਼ਾਰਾਂ ਦੇ ਇਕੱਠ ਨੂੰ ਸੰਬੋਧਨ ਕੀਤਾ।

ਇਹ ਪਿਛੋਕੜ ਸੀ ਜਿਸ ਵਿਚ ਵਿਸਾਖੀ ਦੇ ਦਿਨ ਓਡਵਾਇਰ ਦੀ ਰਜ਼ਾਮੰਦੀ ਨਾਲ ਜਨਰਲ ਡਾਇਰ ਨੇ ਨਿਹੱਥੇ ਲੋਕਾਂ ਦਾ ਕਤਲੇਆਮ ਕੀਤਾ। ਓਡਵਾਇਰ ਵਰਗੇ ਅੰਗਰੇਜ਼ ਅਫਸਰਾਂ ਦਾ ਮੱਤ ਸੀ ਕਿ ਲੋਕ ਬੇਚੈਨੀ ਨਾਲ ਨਜਿੱਠਣ ਲਈ ਸਿਰਫ ਤੇ ਸਿਰਫ ਫੌਜੀ ਹੱਲ ਹੀ ਅਸਰਦਾਇਕ ਹੋ ਸਕਦਾ ਹੈ। ਇਸੇ ਜ਼ਿਹਨੀਅਤ ਤਹਿਤ ਤਿੰਨ ਪਾਸਿਓਂ ਉਚੀਆਂ ਇਮਾਰਤਾਂ ਨਾਲ ਘਿਰੀ ਖੁੱਲ੍ਹੀ ਜਗ੍ਹਾ ਵਿਚ ਜੁੜੇ ਇਕੱਠ ਨੂੰ ਘੇਰਾ ਪਾ ਕੇ ਅਤੇ ਇਕੋ ਇਕ ਰਸਤੇ ਨੂੰ ਫੌਜੀ ਦਸਤਿਆਂ ਨਾਲ ਬੰਦ ਕਰਕੇ ਇਕ ਹਜ਼ਾਰ ਪੁਰਅਮਨ ਲੋਕਾਂ ਨੂੰ ਭੁੰਨ ਦਿੱਤਾ ਗਿਆ। ਗੋਲੀ-ਸਿੱਕਾ ਮੁੱਕਣ ਤਕ ਮਸ਼ੀਨਗੰਨਾਂ ਮੌਤ ਵਰਸਾਉਂਦੀਆਂ ਰਹੀਆਂ। ਅੰਗਰੇਜ਼ ਪ੍ਰਸ਼ਾਸਕਾਂ ਨੇ ਆਪਣੀ ਇਸ ਕਾਤਲਾਨਾ ਮਨਸ਼ਾ ਨੂੰ ਲੁਕੋਇਆ ਨਹੀਂ। ਇਸ ਕਾਂਡ ਦੀ ਜਾਂਚ ਲਈ ਬਣਾਏ ਹੰਟਰ ਕਮਿਸ਼ਨ ਅੱਗੇ ਡਾਇਰ ਨੇ ਸਪਸ਼ਟ ਮੰਨਿਆ ਕਿ ਉਸ ਦਾ ਮਨੋਰਥ ਇਕੱਠ ਨੂੰ ਖਿੰਡਾਉਣਾ ਨਹੀਂ ਸਗੋਂ ਮਿਸਾਲੀ ਸਬਕ ਸਿਖਾਉਣਾ ਤੇ ਅੰਗਰੇਜ਼ੀ ਰਾਜ ਦੀ ਅਜਿੱਤ ਤਾਕਤ ਦਾ ਸੰਦੇਸ਼ ਦੇਣਾ ਸੀ। ਇਸ ਪਿੱਛੋਂ ਥੋਪੇ ਮਾਰਸ਼ਲ ਲਾਅ ਹੇਠ ਅੰਮ੍ਰਿਤਸਰ ਦੇ ਗਲੀ ਬਾਜ਼ਾਰ ਜਨਤਕ ਤਸੀਹਾ ਕੇਂਦਰਾਂ ਦਾ ਦੂਜਾ ਨਾਂ ਬਣ ਗਏ। ਗੁੱਜਰਾਂਵਾਲਾ ਵਿਚ ਫੌਜ ਦੇ ਜਹਾਜ਼ਾਂ ਵੱਲੋਂ ਬੰਬ ਸੁੱਟ ਕੇ ਅਤੇ ਮਸ਼ੀਨਗੰਨਾਂ ਚਲਾ ਕੇ ਦਰਜਨਾਂ ਮੁਜ਼ਾਹਰਾਕਾਰੀਆਂ ਨੂੰ ਕਤਲ ਕੀਤਾ ਗਿਆ। ਮਾਰਸ਼ਲ ਲਾਅ ਦੇ ਦਿਨਾਂ ਵਿਚ ਚਲਾਏ ਫੌਰੀ ਮੁਕੱਦਮਿਆਂ ਰਾਹੀਂ ਫਾਂਸੀ ਜਾਂ ਲੰਮੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਹਾਹਾਕਾਰ ਮੱਚ ਜਾਣ ਕਾਰਨ ਬਰਤਾਨਵੀ ਸਰਕਾਰ ਨੇ ਓਡਵਾਇਰ ਅਤੇ ਡਾਇਰ ਨੂੰ ਲੰਡਨ ਵਾਪਸ ਬੁਲਾ ਲਿਆ ਲੇਕਿਨ ਉਥੇ ਇਨ੍ਹਾਂ ਬਦਨਾਮ ਅਫਸਰਾਂ ਨੂੰ ਮਿਲਿਆ ਸ਼ਾਹੀ ਸਨਮਾਨ ਭਾਰਤੀ ਲੋਕਾਂ ਲਈ ਹੋਰ ਵੀ ਸਦਮਾਜਨਕ ਸੀ। ਇਨਕਲਾਬੀ ਊਧਮ ਸਿੰਘ ਨੇ ਇਸ ਚੁਣੌਤੀ ਨੂੰ ਕਬੂਲ ਕੇ ਅੰਗਰੇਜ਼ ਅਧਿਕਾਰੀਆਂ ਨੂੰ ਸਬਕ ਸਿਖਾਉਣ ਦਾ ਅਹਿਦ ਲਿਆ ਅਤੇ ਬਰਤਾਨਵੀ ਸਲਤਨਤ ਦੀ ਰਾਜਧਾਨੀ ਵਿਚ ਜਾ ਕੇ ਜੰਗੇ-ਆਜ਼ਾਦੀ ਦਾ ਪਰਚਮ ਬੁਲੰਦ ਕੀਤਾ।

ਅੱਜ ਇਕ ਸਦੀ ਬਾਅਦ ਇਸ ਸਾਕੇ ਨੂੰ ਇਸ ਦੀ ਸੱਚੀ ਭਾਵਨਾ ਵਿਚ ਯਾਦ ਕਰਨਾ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਸੱਤ ਦਹਾਕੇ ਤੋਂ ਸਥਾਪਤ 'ਪ੍ਰਭੂਸੱਤਾ-ਸੰਪਨ ਧਰਮਨਿਰਪੱਖ, ਸਮਾਜਵਾਦੀ ਗਣਤੰਤਰ' ਰਾਜ ਵਿਚ 1947 ਤੋਂ ਪਹਿਲੇ ਬਸਤੀਵਾਦੀ ਰਾਜ ਦੇ ਬਹੁਤ ਸਾਰੇ ਜਾਬਰ ਨਕਸ਼ ਵਜੂਦ-ਸਮੋਏ ਹਨ। ਤਿੰਨ ਖਾਸ ਪਹਿਲੂਆਂ ਦੀ ਲਗਾਤਾਰਤਾ ਬਹੁਤ ਉਘੜਵੀਂ ਹੈ।

ਜਿਸ ਫਿਰੰਗੀ ਰਾਜ ਨੇ ਚੰਦ ਮਿੰਟਾਂ ਵਿਚ ਇਕ ਹਜ਼ਾਰ ਤੋਂ ਵਧੇਰੇ ਲੋਕਾਂ ਨੂੰ ਲਾਸ਼ਾਂ ਦੇ ਢੇਰ ਵਿਚ ਬਦਲ ਦਿੱਤਾ ਸੀ, ਉਹ ਫੌਜੀ ਤਾਕਤ ਦੇ ਜ਼ੋਰ ਬਸਤੀਵਾਦੀ ਲੁੱਟ ਨੂੰ ਥੋਪਣ ਅਤੇ ਸਲਾਮਤ ਰੱਖਣ ਦਾ ਸਾਧਨ ਸੀ। 1947 ਤੋਂ ਬਾਅਦ ਦਾ ਰਾਜ ਢਾਂਚਾ ਇਸ ਮੁਲਕ ਉਪਰ ਸਾਮਰਾਜਵਾਦ, ਦੇਸੀ ਕਾਰਪੋਰੇਟ ਸਰਮਾਏਦਾਰੀ ਅਤੇ ਜਗੀਰੂ ਜਮਾਤਾਂ ਦੇ ਗੱਠਜੋੜ ਦੇ ਕੰਟਰੋਲ ਦੀ ਸਲਾਮਤੀ ਲਈ ਹੈ। ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੀ ਢਾਂਚਾ-ਢਲਾਈ ਰਾਹੀਂ ਅਖੌਤੀ ਕਲਿਆਣਕਾਰੀ ਰਾਜ ਦਾ ਮਖੌਟਾ ਵੀ ਲਾਹ ਦਿੱਤਾ ਗਿਆ ਹੈ ਅਤੇ ਰਾਜ ਸਿੱਧੇ ਤੌਰ 'ਤੇ ਆਲਮੀ ਅਤੇ ਦੇਸੀ ਕਾਰਪੋਰੇਟ ਸਰਮਾਏ ਲਈ ਕੰਮ ਕਰ ਰਿਹਾ ਹੈ। ਰਾਜ ਦੀ ਇਹ ਭੂਮਿਕਾ ਪਿਛਲੇ ਸਤਾਈ ਸਾਲਾਂ ਤੋਂ ਕੁਦਰਤੀ ਵਸੀਲਿਆਂ ਅਤੇ ਕਿਰਤ ਸ਼ਕਤੀ ਦੇ ਸ਼ੋਸ਼ਣ ਨੂੰ ਜ਼ਰਬਾਂ ਦੇ ਕੇ ਕਾਰਪੋਰੇਟ ਖੇਤਰ ਨੂੰ ਰਜਾਉਣ ਦੀਆਂ ਨੀਤੀਆਂ ਦੀ ਸ਼ਕਲ ਵਿਚ ਜੱਗ ਜ਼ਾਹਰ ਹੈ।

ਧਾੜਵੀ ਬਸਤੀਵਾਦੀ ਹਿਤਾਂ ਲਈ ਕਾਲੇ ਕਾਨੂੰਨ ਥੋਪਣਾ ਬਸਤੀਵਾਦੀ ਨੀਤੀ ਦਾ ਅਨਿੱਖੜ ਹਿੱਸਾ ਸੀ। ਜਿਸ ਤਹਿਤ ਪਹਿਲਾਂ ਕੰਪਨੀ ਰਾਜ ਅਧੀਨ 1818 ਦਾ ਬੰਗਾਲ ਰੈਗੂਲੇਸ਼ਨਜ਼ ਅਤੇ ਫੇਰ ਬਸਤੀਵਾਦੀ ਲੋੜਾਂ ਅਨੁਸਾਰ ਇੰਡੀਅਨ ਪੀਨਲ ਕੋਡ, ਕ੍ਰਿਮੀਨਲ ਪ੍ਰੋਸੀਜ਼ਰ ਕੋਡ ਦਾ ਕਾਨੂੰਨੀ ਢਾਂਚਾ ਬਣਾਇਆ ਗਿਆ। 'ਜਰਾਇਮਪੇਸ਼ਾ', 'ਰਾਜਧ੍ਰੋਹ', 'ਰਾਜ ਵਿਰੁਧ ਜੰਗ', 'ਰਾਜ ਵਿਰੁਧ ਸਾਜ਼ਿਸ਼', 'ਕਾਨੂੰਨ ਦਾ ਰਾਜ',, ਬਾਗ਼ੀ', 'ਡਿਫੈਂਸ ਆਫ ਇੰਡੀਆ' ਵਗੈਰਾ, ਇਹ ਸਭ ਬਸਤੀਵਾਦੀ ਹਿਤਾਂ ਲਈ ਜੰਗੇ-ਆਜ਼ਾਦੀ ਨੂੰ ਕੁਚਲਣ ਅਤੇ ਹੱਕ-ਬਜਾਨਬ ਵਿਰੋਧ ਦੀ ਸੰਘੀ ਘੁੱਟਣ ਲਈ ਪ੍ਰੀਭਾਸ਼ਤ ਕੀਤਾ ਨਹਾਇਤ ਜਾਬਰ ਸਜ਼ਾ-ਵਿਧਾਨ ਸੀ ਜਿਸ ਉਪਰ ਨਾਗਰਿਕ ਹੱਕਾਂ ਅਤੇ ਸੀਮਤ ਸਿਆਸੀ ਹੱਕਾਂ ਦਾ ਮੁਲੰਮਾ ਚਾੜ੍ਹ ਕੇ ਇਸ ਨੂੰ ਗੌਰਮਿੰਟ ਆਫ ਇੰਡੀਆ ਐਕਟ 1935 ਤਕ ਵਿਸਤਾਰਿਆ ਗਿਆ। ਇਹੀ ਐਕਟ 1947 ਦੀ ਸੱਤਾ ਬਦਲੀ ਤੋਂ ਬਾਅਦ ਘੜੇ ਗਏ ਸੰਵਿਧਾਨ ਦਾ ਆਧਾਰ ਬਣਿਆ। ਬੇਸ਼ਕ ਜੰਗੇ-ਆਜ਼ਾਦੀ ਦੌਰਾਨ ਉਭਰੇ ਅਤੇ ਕੌਮਾਂਤਰੀ ਪੱਧਰ 'ਤੇ ਵਾਪਰ ਰਹੀਆਂ ਯੁਗ ਪਲਟਾਊ ਤਬਦੀਲੀਆਂ ਦੇ ਜ਼ਬਰਦਸਤ ਪ੍ਰਭਾਵ ਹੇਠ ਪ੍ਰਫੁੱਲਤ ਹੋਏ ਜਮਹੂਰੀ ਮੁੱਲਾਂ ਨੂੰ ਹਾਲਾਤ ਦੇ ਦਬਾਓ ਹੇਠ ਸੰਵਿਧਾਨ ਵਿਚ ਰਸਮੀ ਤੌਰ 'ਤੇ ਸ਼ਾਮਲ ਕਰ ਲਿਆ ਗਿਆ ਲੇਕਿਨ ਇਸ ਬਾਹਰੀ ਹਾਰ-ਸ਼ਿੰਗਾਰ ਹੇਠ ਰਾਜ ਢਾਂਚੇ ਦਾ ਮੂਲ ਜਾਬਰ ਆਪਾਸ਼ਾਹ ਸੁਭਾਅ ਬਰਕਰਾਰ ਰੱਖਿਆ ਗਿਆ। ਨਵੀਂ ਸੰਵਿਧਾਨਸਾਜ਼ ਅਸੈਂਬਲੀ ਨੇ 'ਰਾਜਧ੍ਰੋਹ', 'ਰਾਜ ਵਿਰੁਧ ਜੰਗ', 'ਰਾਜ ਵਿਰੁਧ ਸਾਜ਼ਿਸ਼' ਦੀ ਬਸਤੀਆਨਾ ਵਿਰਾਸਤ ਨੂੰ ਬਰਾਬਰ ਅਪਣਾਇਆ। ਅਫਸਪਾ, ਐਨ.ਐਸ.ਏ., ਟਾਡਾ-ਪੋਟਾ ਅਤੇ ਇਨ੍ਹਾਂ ਦਾ ਅਜੋਕਾ ਰੂਪ ਯੂ.ਏ.ਪੀ.ਏ., ਪਕੋਕਾ, ਪਬਲਿਕ ਸਕਿਊਰਿਟੀ ਐਕਟ ਆਦਿ ਕਾਨੂੰਨ ਬਸਤੀਵਾਦੀ ਜ਼ਮਾਨੇ ਦੇ ਰੌਲਟ ਐਕਟ ਅਤੇ ਹੋਰ ਕਾਨੂੰਨਾਂ ਨੂੰ ਵੀ ਮਾਤ ਪਾਉਂਦੇ ਹਨ। ਇਹ ਸਾਰੇ ਕਾਨੂੰਨ ਭਾਰੂ ਜਮਾਤਾਂ ਲਈ ਤਾਂ ਮਜ਼ਬੂਤ ਸੁਰੱਖਿਆ ਕਵਚ ਦਾ ਕੰਮ ਕਰਦੇ ਹਨ, ਜਦਕਿ ਕਿਰਤੀ ਤੇ ਦੱਬੇ-ਕੁਚਲੇ ਲੋਕਾਂ, ਧਾਰਮਿਕ ਘੱਟ ਗਿਣਤੀਆਂ ਤੇ ਕੌਮੀਅਤਾਂ ਦੇ ਹੱਕ ਖੋਹ ਕੇ ਉਨ੍ਹਾਂ ਦੀ ਹੱਕ-ਜਤਾਈ ਨੂੰ ਬੇਕਿਰਕੀ ਨਾਲ ਕੁਚਲਦੇ ਹਨ। ਓਡਵਾਇਰਾਂ-ਰੌਲਟਾਂ ਵਾਂਗ ਅਜੋਕੀ ਹੁਕਮਰਾਨ ਜਮਾਤ ਵੀ ਲੋਕ ਬੇਚੈਨੀ ਨਾਲ ਨਜਿੱਠਣ ਲਈ 'ਫੌਜੀ ਹੱਲ' ਵਿਚ ਅੰਨ੍ਹਾ ਯਕੀਨ ਰੱਖਦੀ ਹੈ। ਹੁਕਮਰਾਨਾਂ ਨੂੰ ਹਾਸ਼ੀਆਗ੍ਰਸਤ ਅਤੇ ਨਿਤਾਣੇ ਹਿੱਸਿਆਂ ਨੂੰ ਦਬਾਉਣ ਲਈ ਇਨ੍ਹਾਂ ਕਾਨੂੰਨਾਂ ਨੂੰ ਬਸਤੀਵਾਦੀਆਂ ਵਾਂਗ ਬੇਦਰੇਗ ਹੋ ਕੇ ਥੋਪਣ ਤੋਂ ਕੋਈ ਗੁਰੇਜ਼ ਨਹੀਂ ਹੈ ਜਿਸ ਦੇ ਨਤੀਜੇ ਵਜੋਂ 1947 ਤੋਂ ਬਾਅਦ ਜਲ੍ਹਿਆਂਵਾਲਾ ਸਾਕੇ ਵਰਗੇ ਬਹੁਤ ਸਾਰੇ ਕਾਂਡ ਵਾਪਰ ਚੁੱਕੇ ਹਨ।

ਤੀਜਾ ਮੁੱਖ ਪਹਿਲੂ ਦਬਾਏ ਹੋਏ ਲੋਕਾਂ ਦੀ ਏਕਤਾ ਨੂੰ ਤੋੜ ਕੇ ਉਨ੍ਹਾਂ ਨੂੰ ਆਪਸ ਵਿਚ ਲੜਾ ਕੇ ਰੱਖਣ ਦੀ ਨੀਤੀ ਹੈ। 'ਪਾੜੋ ਤੇ ਰਾਜ ਕਰੋ' ਦੀ ਬਸਤੀਵਾਦੀ ਨੀਤੀ ਨੂੰ 1947 ਤੋਂ ਪਿੱਛੋਂ ਹਾਕਮ ਜਮਾਤਾਂ ਨੇ ਨਾ ਕੇਵਲ ਆਪਣੀ ਰਾਜ-ਕਲਾ ਦਾ ਧੁਰਾ ਬਣਾਇਆ ਸਗੋਂ ਮਜ਼ਹਬਾਂ, ਜਾਤਾਂ ਆਧਾਰਿਤ ਵੰਡੀਆਂ ਨੂੰ ਹੋਰ ਵਿਸਤਾਰ ਦੇ ਕੇ ਇਸ ਨੂੰ ਹੋਰ ਵੀ ਸੰਸਥਾਗਤ ਤੇ ਪ੍ਰਵੀਨ ਬਣਾਇਆ ਗਿਆ। ਹੁਣ ਨਾ ਕੇਵਲ ਫਿਰਕੂ ਫਸਾਦ ਹਾਕਮ ਜਮਾਤੀ ਚੋਣ ਸਿਆਸਤ ਦਾ ਪੱਕਾ ਲੱਛਣ ਬਣ ਗਏ ਸਗੋਂ ਵੱਖ-ਵੱਖ ਬਹਾਨੇ ਬਣਾ ਕੇ ਧਾਰਮਿਕ ਤੇ ਹੋਰ ਘੱਟ ਗਿਣਤੀਆਂ ਦੀ ਨਸਲਕੁਸ਼ੀ ਵੀ ਰਾਜ ਦੀ ਨੀਤੀ ਦਾ ਹਿਸਾ ਬਣ ਗਈ। ਸੱਤਾਬਦਲੀ ਤੋਂ ਤੁਰੰਤ ਬਾਅਦ ਪੁਣਛ (ਜੰਮੂ) ਵਿਚ 2 ਲੱਖ ਤੋਂ ਵਧੇਰੇ ਅਤੇ ਇਸੇ ਤਰ੍ਹਾਂ ਹੈਦਰਾਬਾਦ-ਸਿਕੰਦਰਾਬਾਦ ਵਿਚ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਹੋਇਆ। ਫਰਵਰੀ 1983 ਵਿਚ ਨੇਲੀ (ਅਸਾਮ) ਵਿਚ ਮਹਿਜ਼ ਛੇ ਘੰਟਿਆਂ ਵਿਚ 1800 ਮੁਸਲਮਾਨਾਂ ਦਾ ਕਤਲੇਆਮ, 1984 ਵਿਚ ਪੰਜ ਹਜ਼ਾਰ ਸਿੱਖਾਂ ਦਾ ਕਤਲੇਆਮ, 2002 ਵਿਚ ਗੁਜਰਾਤ ਵਿਚ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਰਾਜਕੀ ਸਰਪ੍ਰਸਤੀ ਵਾਲੀ ਫਿਰਕੂ ਨਫਰਤ ਬਹੁ-ਚਰਚਿਤ ਮਿਸਾਲਾਂ ਹਨ। ਦਲਿਤਾਂ, ਆਦਿਵਾਸੀਆਂ ਅਤੇ ਕੌਮੀਅਤਾਂ ਦੇ ਕਤਲੇਆਮਾਂ ਦੀ ਫਿਹਰਿਸਤ ਇਸ ਤੋਂ ਵੱਖਰੀ ਹੈ।

ਉਸ ਵਕਤ ਆਜ਼ਾਦੀ ਪ੍ਰੇਮੀ ਤਾਕਤਾਂ ਨੇ

*(ਅਗਲੇ ਸਫੇ 'ਤੇ ਜਾਰੀ)*

# ਪੱਤਰਕਾਰੀ ਦੀ ਪਹਿਲੀ ਸ਼ਰਤ: ਤਲਵਾਰ ਦੀ ਧਾਰ 'ਤੇ ਤੁਰਨਾ

***ਭਾਰਤ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ ਕਿ ਐਤਕੀਂ ਇਕ ਵਾਰ ਫਿਰ ਲੋਕ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਨੀ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਇਹ ਪਾਰਟੀ ਅਤੇ ਇਸ ਦੇ ਆਗੂ ਹਰ ਸੀਮਾ ਉਲੰਘ ਰਹੇ ਹਨ। ਇਹ ਖਬਰ ਹੁਣ ਬਹੁਤ ਪੁਰਾਣੀ ਹੋ ਗਈ ਹੈ ਕਿ ਇਸ ਨੇ ਮੀਡੀਆ ਦੇ ਇਕ ਵੱਡੇ ਹਿੱਸੇ ਨੂੰ ਖਰੀਦ ਲਿਆ ਹੋਇਆ ਹੈ। ਇਹ ਆਪਣਾ ਬਹੁਤਾ ਪ੍ਰਚਾਰ ਇਸੇ ਮੀਡੀਆ ਜਿਸ ਨੂੰ ਕੁਝ ਸੰਜੀਦਾ ਪੱਤਰਕਾਰਾਂ ਨੇ 'ਗੋਦੀ ਮੀਡੀਆ' ਦਾ ਨਾਂ ਵੀ ਦਿੱਤਾ ਹੋਇਆ ਹੈ, ਰਾਹੀਂ ਕਰਵਾ ਰਹੀ ਹੈ। ਉਘੇ ਪੱਤਰਕਾਰ ਪੁਨਿਆ ਪ੍ਰਸੁਨ ਬਾਜਪਾਈ ਨੇ ਆਪਣੇ ਇਸ ਲੇਖ ਵਿਚ ਪੱਤਰਕਾਰੀ ਦੇ ਫਰਜ਼ਾਂ ਨੂੰ ਯਾਦ ਕਰਾਉਂਦੀ ਖਾਸ ਟਿੱਪਣੀ ਕੀਤੀ ਹੈ। ਉਨ੍ਹਾਂ ਇਸ ਵਿਚ ਜੋ ਤੱਥ ਪੇਸ਼ ਕੀਤੇ ਹਨ, ਉਹ ਅੱਖਾਂ ਖੋਲ੍ਹਣ ਵਾਲੇ ਹਨ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***



**ਪੁਨਿਆ ਪ੍ਰਸੁਨ ਬਾਜਪਾਈ**

**ਅਨੁਵਾਦ: ਬੂਟਾ ਸਿੰਘ**

ਕਿਸੇ ਵੀ ਮੀਡੀਆ ਹਾਊਸ ਲਈ ਇਹ ਪ੍ਰਾਪਤੀ ਹੋ ਸਕਦੀ ਹੈ ਕਿ ਉਸ ਦੇ ਉਦਘਾਟਨ 'ਚ ਪ੍ਰਧਾਨ ਮੰਤਰੀ ਪਹੁੰਚ ਜਾਵੇ। ਠੀਕ ਉਸੇ ਤਰ੍ਹਾਂ ਜਿਵੇਂ 31 ਮਾਰਚ ਨੂੰ ਦਿੱਲੀ ਵਿਚ ਇਕ ਨਿਊਜ਼ ਚੈਨਲ ਦੇ ਉਦਘਾਟਨ 'ਚ ਨਰਿੰਦਰ ਮੋਦੀ ਪਹੁੰਚ ਗਏ। ਕਿਸੇ ਨੂੰ ਇਤਰਾਜ਼ ਤਾਂ ਹੋਣਾ ਹੀ ਚਾਹੀਦਾ ਹੈ। ਨਿਊਜ਼ ਚੈਨਲ ਦੀ ਸ਼ੁਰੂਆਤ ਹੀ ਜੇ ਮੁਲਕ ਦੇ ਸਭ ਤੋਂ ਵੱਡੇ ਬਰੈਂਡ ਦੀ ਮੌਜੂਦਗੀ ਨਾਲ ਹੋ ਰਹੀ ਹੈ, ਫਿਰ ਤਾਂ ਕਹਿਣੇ ਹੀ ਕੀ ਹਨ! ਲੇਕਿਨ ਇਸ ਦਾ ਇਹ ਭਾਵ ਹਰਗਿਜ਼ ਨਹੀਂ ਹੋਣਾ ਚਾਹੀਦਾ ਕਿ ਪ੍ਰਧਾਨ ਮੰਤਰੀ ਦੀ ਮੌਜੂਦਗੀ 'ਚ ਪੱਤਰਕਾਰੀ ਨੂੰ ਹੀ ਮਨੋ ਵਿਸਾਰ ਦਿੱਤਾ ਜਾਵੇ; ਉਹ ਵੀ ਉਦੋਂ ਜਦੋਂ ਮੁਲਕ ਲੋਕ ਸਭਾ ਚੋਣਾਂ ਵੱਲ ਵਧ ਰਿਹਾ ਹੈ। ਨੋਟੀਫਿਕੇਸ਼ਨ ਜਾਰੀ ਹੋ ਚੁੱਕਾ ਹੈ। ਪਹਿਲੇ ਪੜਾਅ ਦੀਆਂ ਵੋਟਾਂ ਪੈਣ ਜਾ ਰਹੀਆਂ ਹਨ। ਦਰਅਸਲ ਪੱਤਰਕਾਰੀ ਤਲਵਾਰ ਦੀ ਧਾਰ ਉਪਰ ਚਲਣ ਦੇ ਬਰਾਬਰ ਹੈ ਅਤੇ ਇਹੀ ਭੁੱਲ ਮੀਡੀਆ ਵਾਲਿਆਂ ਤੋਂ ਵਾਰ-ਵਾਰ ਹੋ ਰਹੀ ਹੈ। ਐਸੇ ਮੌਕੇ 'ਤੇ ਮੀਡੀਆ ਦਾ ਮਿਜ਼ਾਜ ਕੀ ਕਹਿੰਦਾ ਹੈ?

ਇਹ ਸਵਾਲ ਕੋਈ ਵੀ ਕਰ ਸਕਦਾ ਹੈ; ਖਾਸ ਕਰਕੇ ਉਹ ਪੱਤਰਕਾਰ ਜਿਨ੍ਹਾਂ ਤੋਂ ਇਸ ਦੌਰ ਦੌਰਾਨ ਇਹ ਫੈਸਲਾ ਨਹੀਂ ਕੀਤਾ ਜਾ ਰਿਹਾ ਕਿ ਸੱਤਾ ਦੇ ਕਰੀਬ ਰਿਹਾ ਜਾਵੇ ਜਾਂ ਸੱਤਾ ਤੋਂ ਦੂਰ। ਪੱਤਰਕਾਰੀ ਲਈ ਸੱਤਾ ਦੇ ਕਰੀਬ ਜਾਂ ਦੂਰ ਹੋਣਾ ਕੋਈ ਮਾਇਨੇ ਨਹੀਂ ਰੱਖਦਾ ਬਲਕਿ ਪੱਤਰਕਾਰੀ ਤਾਂ ਤੱਥਾਂ ਸਹਿਤ ਸੱਤਾ ਉਪਰ ਵੀ ਨਿਗਰਾਨੀ ਰੱਖਦੀ ਹੈ ਅਤੇ ਸੱਤਾ ਨੂੰ ਰਸਤਾ ਵੀ ਦਿਖਾਉਂਦੀ ਹੈ ਕਿ ਉਹ ਗ਼ਲਤ ਬਿਆਨੀ ਕਰਕੇ ਬਚ ਨਹੀਂ ਸਕਦੀ; ਭਾਵ, ਸਵਾਲ ਇਹ ਨਹੀਂ ਕਿ ਪ੍ਰਧਾਨ ਮੰਤਰੀ ਮੋਦੀ ਪ੍ਰੈਸ ਕਾਨਫਰੰਸ ਨਹੀਂ ਕਰਦੇ ਜਾਂ ਫਿਰ ਨਿਊਜ਼ ਚੈਨਲਾਂ ਵਿਚ ਇਕਤਰਫਾ ਭਾਸ਼ਨ ਦੇ ਕੇ ਚਲੇ ਜਾਂਦੇ ਹਨ; ਸਵਾਲ ਇਹ ਹੈ ਕਿ ਪ੍ਰਧਾਨ ਮੰਤਰੀ ਮੋਦੀ ਬਤੌਰ ਸਿਆਸਤਦਾਨ ਆਪਣੀ ਪੋਜੀਸ਼ਨਿੰਗ ਕਰਦੇ ਹਨ। ਲੇਕਿਨ ਮੀਡੀਆ ਤੋਂ ਖੁਦ ਦੀ ਪੋਜੀਸ਼ਨਿੰਗ ਬਤੌਰ ਪੱਤਰਕਾਰ ਕਿਉਂ ਨਹੀਂ ਹੋ ਰਹੀ? ਮਤਲਬ ਪੀ.ਐਮ. ਨੇ ਜੋ ਕਿਹਾ, ਉਹ ਸੱਚ ਹੈ ਵੀ ਜਾਂ ਨਹੀਂ, ਇਹ ਤਾਂ ਮੀਡੀਆ ਹੀ ਦੱਸ ਸਕਦਾ ਹੈ। ਅਸਲ ਟੈਸਟ ਪ੍ਰਧਾਨ ਮੰਤਰੀ ਦੇ ਭਾਸ਼ਨ ਤੋਂ ਬਾਅਦ ਹੋਣਾ ਚਾਹੀਦਾ ਹੈ।

ਕਿਸੇ ਚੈਨਲ ਦਾ ਆਗਾਜ਼ ਹੀ ਜੇ ਪ੍ਰਧਾਨ ਮੰਤਰੀ ਦੇ ਭਾਸ਼ਨ ਨਾਲ ਹੋ ਰਿਹਾ ਹੈ ਤਾਂ ਫਿਰ ਅਗਲਾ ਪ੍ਰੋਗਰਾਮ ਨਾ ਸਹੀ, ਲੇਕਿਨ ਸ਼ਾਮ ਦੇ ਪ੍ਰਾਈਮ ਟਾਈਮ ਵਿਚ ਤੱਥਾਂ ਸਹਿਤ ਚੈਨਲ ਨੂੰ ਇਹ ਦੱਸਣ ਦੀ ਸਮਝ ਤਾਂ ਹੋਣੀ ਚਾਹੀਦੀ ਹੈ ਕਿ ਪ੍ਰਧਾਨ ਮੰਤਰੀ ਜੋ ਕਹਿ ਗਏ, ਉਹ ਕਿੰਨਾ ਸਹੀ ਹੈ। ਮੁਲਕ ਵਿਚ ਜਦੋਂ ਸੱਤਾਧਾਰੀ ਸਿਆਸੀ ਪਾਰਟੀ ਹੀ ਨਹੀਂ, ਬਲਕਿ ਵਜ਼ਾਰਤ ਪੱਧਰ ਦੇ ਮੰਤਰੀ ਅਤੇ ਖੁਦ ਪ੍ਰਧਾਨ ਮੰਤਰੀ ਕੋਈ ਵੀ ਅੰਕੜੇ ਪੇਸ਼ ਕਰਕੇ ਆਪਣੀ ਹਿੱਕ ਥਾਪੜ ਕੇ ਚਲੇ ਜਾਂਦੇ ਹਨ ਤਾਂ ਫਿਰ ਸਵਾਲ ਇਹ ਨਹੀਂ ਕਿ ਸੱਤਾ ਨੇ ਗ਼ਲਤ ਕੀ ਬੋਲਿਆ! ਸਵਾਲ ਇਹ ਹੈ ਕਿ ਪੱਤਰਕਾਰ ਨੇ ਸੱਚ ਜਾਂ ਸਹੀ ਕਿਉਂ ਨਹੀਂ ਬਿਆਨ ਕੀਤਾ।

ਨਿਊਜ਼ ਚੈਨਲ ਦੇ ਉਦਘਾਟਨ ਵਿਚ ਪੀ.ਐਮ. ਮੋਦੀ ਨੇ ਆਪਣੇ ਭਾਸ਼ਨ ਵਿਚ ਕਾਲੇ ਧਨ ਉਪਰ ਲਗਾਮ ਕੱਸਣ ਦਾ ਜ਼ਿਕਰ ਕੀਤਾ। ਬੈਂਕਿੰਗ ਪ੍ਰਣਾਲੀ ਨੂੰ ਕਿੰਨਾ ਮਜ਼ਬੂਤ ਕੀਤਾ, ਇਸ ਦਾ ਵਿਸਤਾਰ ਸਹਿਤ ਜ਼ਿਕਰ ਕੀਤਾ। ਇਥੋਂ ਹੀ ਸਵਾਲ ਉਠਿਆ ਕਿ ਪ੍ਰਧਾਨ ਮੰਤਰੀ ਜੋ ਵੀ ਕਹਿ ਗਏ, ਕੀ ਉਸ ਉਪਰ ਸਵਾਲ ਨਹੀਂ ਉਠਣਾ ਚਾਹੀਦਾ? ਮੋਦੀ ਨੇ ਫਰਮਾਇਆ ਕਿ ਸੁਪਰੀਮ ਕੋਰਟ ਨੇ ਉਸ ਦੇ ਪੀ.ਐਮ. ਬਣਨ ਤੋਂ ਤਿੰਨ ਸਾਲ ਪਹਿਲਾਂ ਹੀ ਇਹ ਕਹਿ ਰੱਖਿਆ ਸੀ ਕਿ ਕਾਲੇ ਧਨ ਉਪਰ ਐਸ.ਆਈ.ਟੀ. (ਵਿਸ਼ੇਸ਼ ਜਾਂਚ ਟੀਮ) ਬਣਾਈ ਜਾਵੇ; ਲੇਕਿਨ ਮਨਮੋਹਨ ਸਰਕਾਰ ਨੇ ਨਹੀਂ ਬਣਾਈ ਅਤੇ ਸੱਤਾ ਵਿਚ ਆਉਂਦੇ ਹੀ ਪਹਿਲੀ ਕੈਬਨਿਟ ਵਿਚ ਉਨ੍ਹਾਂ ਨੇ ਐਸ.ਆਈ.ਟੀ. ਬਣਾਉਣ ਦਾ ਫੈਸਲਾ ਕਰ ਲਿਆ। ਹਕੀਕਤ ਇਹ ਹੈ ਕਿ ਸੁਪਰੀਮ ਕੋਰਟ ਨੇ 2011 ਤੋਂ ਕਾਲੇ ਧਨ ਨੂੰ ਲੈ ਕੇ ਮਨਮੋਹਨ ਸਰਕਾਰ ਕੀ ਕਰ ਰਹੀ ਹੈ, ਇਸ ਦਾ ਜਵਾਬ ਮੰਗਿਆ ਸੀ ਅਤੇ ਸਾਫ ਕਿਹਾ ਸੀ ਕਿ ਵਿਦੇਸ਼ਾਂ ਵਿਚ ਕਿੰਨਾ ਕਾਲਾ ਧਨ ਹੈ, ਇਸ ਦਾ ਕੋਈ ਅੰਕੜਾ ਦੱਸਣ ਦੀ ਹਾਲਤ ਵਿਚ ਸਰਕਾਰ ਕਦੋਂ ਹੋ ਸਕੇਗੀ। ਤੱਤਕਾਲੀ ਵਿਤ ਮੰਤਰੀ ਪ੍ਰਣਬ ਮੁਖਰਜੀ ਨੇ ਸੁਪਰੀਮ ਕੋਰਟ ਵਿਚ ਕਿਹਾ ਸੀ ਕਿ ਜਦ ਤਕ ਦੁਨੀਆ ਦੇ ਤਮਾਮ ਮੁਲਕਾਂ ਨਾਲ ਇਹ ਸਮਝੌਤਾ ਨਹੀਂ ਹੋ ਜਾਂਦਾ ਕਿ ਉਥੋਂ ਦੇ ਬੈਂਕਾਂ ਵਿਚ ਜਮ੍ਹਾਂ ਭਾਰਤੀ ਨਾਗਰਿਕਾਂ ਦੇ ਕਾਲੇ ਧਨ ਦੀ ਜਾਣਕਾਰੀ ਦੇਣਗੇ, ਉਦੋਂ ਤਕ ਮੁਸ਼ਕਿਲ ਹੈ। ਐਸ.ਆਈ.ਟੀ. ਬਣਾਉਣ ਦਾ ਜ਼ਿਕਰ ਸੁਪਰੀਮ ਕੋਰਟ ਨੇ ਫਰਵਰੀ 2014 ਵਿਚ ਜਾ ਕੇ ਕੀਤਾ।

ਬਾਕਾਇਦਾ ਆਰ.ਟੀ.ਆਈ. ਐਕਟ ਤਹਿਤ ਐਸ.ਆਈ.ਟੀ. ਬਣਾਉਣ ਲਈ ਕਿਹਾ ਗਿਆ। ਉਦੋਂ ਮਨਮੋਹਨ ਸਰਕਾਰ ਨੂੰ ਲੱਗਾ ਕਿ ਮੁਲਕ ਵਿਚ ਚੋਣਾਂ ਹੋਣ ਵਾਲੀਆਂ ਹਨ, ਫਿਰ ਚੋਣਾਂ ਤੋਂ ਬਾਅਦ ਜਿਸ ਦੀ ਸਰਕਾਰ ਬਣੇਗੀ, ਉਹ ਐਸ.ਆਈ.ਟੀ. ਬਣਾਏ ਤਾਂ ਬਿਹਤਰ ਹੋਵੇਗਾ। 27 ਮਈ 2014 ਨੂੰ ਮੋਦੀ ਨੇ ਆਪਣੀ ਪਹਿਲੀ ਕੈਬਨਿਟ ਮੀਟਿੰਗ ਵਿਚ ਐਸ.ਆਈ.ਟੀ. ਬਣਾਉਣ ਦਾ ਐਲਾਨ ਕਰ ਦਿੱਤਾ; ਭਾਵ, ਸਵਾਲ ਤਿੰਨ ਸਾਲ ਦਾ ਨਹੀਂ ਸੀ। ਇਸ ਦੇ ਨਾਲ ਹੀ ਇਕ ਹੋਰ ਸੱਚ ਜੋ ਪੀ.ਐਮ.ਮੋਦੀ ਹਮੇਸ਼ਾ ਲੁਕੋ ਲੈਂਦੇ ਹਨ ਕਿ ਐਸ.ਆਈ.ਟੀ. ਤਾਂ ਆਰ.ਟੀ.ਆਈ.



ਕਾਨੂੰਨ ਤਹਿਤ ਬਣੀ ਹੈ। ਇਸ ਲਈ ਇਸ ਬਾਰੇ ਪੂਰੀ ਜਾਣਕਾਰੀ ਜਨਤਾ ਨੂੰ ਮਿਲਣੀ ਚਾਹੀਦੀ ਹੈ। ਐਸ.ਆਈ.ਟੀ. ਬਣਨ ਤੋਂ ਬਾਅਦ 28 ਅਕਤੂਬਰ 2014 ਨੂੰ ਸੁਪਰੀਮ ਕੋਰਟ ਨੇ ਮੋਦੀ ਸਰਕਾਰ ਨੂੰ ਬਾਕਾਇਦਾ ਨਿਰਦੇਸ਼ ਦਿੱਤਾ ਕਿ 24 ਘੰਟੇ ਦੇ ਅੰਦਰ ਅੰਦਰ ਉਹ ਦੱਸੇ ਕਿ ਵਿਦੇਸ਼ੀ ਬੈਂਕਾਂ ਵਿਚ ਕਿੰਨੇ ਭਾਰਤੀਆਂ ਦਾ ਕਾਲਾ ਧਨ ਜਮ੍ਹਾਂ ਹੈ; ਤੇ ਹਾਲਤ ਦੇਖੋ, ਉਸ ਤੋਂ ਬਾਅਦ ਚਾਰ ਸਾਲ ਬੀਤ ਗਏ, ਲੇਕਿਨ ਅੱਜ ਤਕ ਮੋਦੀ ਸਰਕਾਰ ਨੇ ਉਨ੍ਹਾਂ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਜਿਨ੍ਹਾਂ ਦਾ ਕਾਲਾ ਧਨ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਹੈ। ਕੀ ਕਾਲੇ ਧਨ ਉਪਰ ਪ੍ਰਧਾਨ ਮੰਤਰੀ ਦੇ ਬਿਆਨ ਦੇ ਨਾਲ ਹੀ ਇਕ ਰਿਪੋਰਟ ਤੱਥਾਂ ਸਹਿਤ ਦਿਖਾਈ ਨਹੀਂ ਜਾਣੀ ਚਾਹੀਦੀ?

ਖੈਰ! ਆਪਣੇ ਭਾਸ਼ਨ ਵਿਚ ਪ੍ਰਧਾਨ ਮੰਤਰੀ ਮੋਦੀ ਸਭ ਤੋਂ ਜ਼ਿਆਦਾ ਬੈਂਕਾਂ ਨੂੰ ਲੈ ਕੇ ਬੋਲੇ ਕਿ ਕਿਵੇਂ ਉਨ੍ਹਾਂ ਨੇ ਪੰਜ ਸਾਲਾਂ ਦੇ ਅੰਦਰ ਡੁੱਬ ਰਹੀ ਬੈਂਕ ਪ੍ਰਣਾਲੀ ਨੂੰ ਦਰੁਸਤ ਕਰ ਦਿੱਤਾ। ਕੀ ਨਿਊਜ਼ ਚੈਨਲ ਦਾ ਕੰਮ ਸਿਰਫ ਆਪਣੇ ਮੰਚ ਤੋਂ ਮੋਦੀ ਦਾ ਭਾਸ਼ਨ ਦਿਵਾਉਣਾ ਹੀ ਹੋਣਾ ਚਾਹੀਦਾ ਹੈ, ਜਾਂ ਫਿਰ ਚੈਨਲ ਨੂੰ ਇਸ ਨਾਲ ਸੁਨਹਿਰੀ ਮੌਕਾ ਨਹੀਂ ਮਿਲਦਾ ਕਿ ਉਨ੍ਹਾਂ ਦੇ ਮੰਚ ਉਪਰ ਆ ਕੇ ਪ੍ਰਧਾਨ ਮੰਤਰੀ ਕੁਝ ਵੀ ਕਹਿ ਕੇ ਬਿਨਾ ਸਵਾਲ ਨਹੀਂ ਜਾ ਸਕਦੇ। ਸ਼ਾਮ ਦੇ ਪ੍ਰਾਈਮ ਟਾਈਮ ਵਿਚ ਤਾਂ ਬਾਕਾਇਦਾ ਪੰਜ ਸਾਲਾਂ ਅੰਦਰ ਬੈਂਕਾਂ ਦੀ ਜੋ ਬਰਬਾਦੀ ਹੋਈ ਹੈ, ਇਸ ਨੂੰ ਲੈ ਕੇ ਘੰਟੇ ਦਾ ਪ੍ਰੋਗਰਾਮ ਬਣਾਇਆ ਜਾ ਸਕਦਾ ਹੈ, ਤੇ ਖਬਰ ਦਾ ਪੈਗ ਪ੍ਰਧਾਨ ਮੰਤਰੀ ਦਾ ਭਾਸ਼ਨ ਹੀ ਹੈ। ਉਂਜ, ਇਹ ਪਹਿਲੀ ਵਾਰ ਹੋਇਆ ਕਿ ਬੈਂਕਾਂ ਵਿਚ ਜਮ੍ਹਾਂ ਜਨਤਾ ਦੀ ਕਮਾਈ ਦੀ ਲੁੱਟ ਨੂੰ ਲੁਕੋਣ ਲਈ ਪੂਰੀ ਮੋਦੀ ਸਰਕਾਰ ਹੀ ਸਰਗਰਮ ਹੋ ਗਈ।

ਹਾਲਾਤ ਏਨੇ ਮਾੜੇ ਹੋ ਗਏ ਕਿ ਸੱਤਾ ਵਿਚ ਆਉਣ ਤੋਂ ਬਾਅਦ ਸਾਲ-ਦਰ-ਸਾਲ ਬੈਂਕਾਂ ਦੀ ਫਾਈਲ ਸਾਫ ਸੁਥਰੀ ਦਿਖਾਈ ਦੇਵੇ, ਇਸ ਕਾਰਜ ਲਈ ਸਿਲਸਿਲੇਵਾਰ ਤਰੀਕੇ ਨਾਲ ਲੁੱਟ ਦੀ ਰਕਮ ਨੂੰ 'ਰਿਟੇਨ ਆਫ' ਕੀਤਾ ਗਿਆ, ਭਾਵ ਹਿਸਾਬ-ਕਿਤਾਬ ਵਿਚੋਂ ਹਟਾ ਦਿੱਤਾ ਗਿਆ। ਜਦਕਿ ਵਸੂਲੀ ਨਾਂਹ ਦੇ ਬਰਾਬਰ ਹੋਈ। ਮਸਲਨ, 2014-15 ਵਿਚ 49018 ਕਰੋੜ ਰਿਟੇਨ ਆਫ ਕੀਤਾ ਗਿਆ ਅਤੇ ਵਸੂਲੀ ਹੋਈ ਸਿਰਫ 5461 ਕਰੋੜ ਰੁਪਏ। 2015-16 ਵਿਚ 57585 ਕਰੋੜ ਰਿਟੇਨ ਆਫ ਕੀਤਾ ਗਿਆ ਅਤੇ ਵਸੂਲੀ ਕੀਤੀ ਗਈ ਮਹਿਜ਼ 8096 ਕਰੋੜ। 2016-17 ਵਿਚ 81683 ਕਰੋੜ ਰਿਟੇਨ ਆਫ ਕੀਤਾ ਗਿਆ ਅਤੇ ਵਸੂਲੀ ਹੋਈ 8680 ਕਰੋੜ। 2017-18 ਵਿਚ 84272 ਕਰੋੜ ਰਿਟੇਨ ਆਫ ਕੀਤਾ ਗਿਆ ਅਤੇ ਵਸੂਲੀ ਹੋਈ ਮਹਿਜ਼ 7106 ਕਰੋੜ ਰੁਪਏ, ਭਾਵ ਪਹਿਲੇ ਚਾਰ ਸਾਲ ਵਿਚ ਬੈਂਕਾਂ ਦੀਆਂ ਫਾਈਲਾਂ ਵਿਚ ਕਰਜ਼ਾ ਲੈ ਕੇ ਲੁੱਟ ਲਏ ਗਏ 2,72558 ਕਰੋੜ ਰੁਪਏ ਨਜ਼ਰ ਹੀ ਨਾ ਆਉਣ, ਇਸ ਦਾ ਬੰਦੋਬਸਤ ਕੀਤਾ ਗਿਆ ਜਦਕਿ ਬੈਂਕਾਂ ਦੀ ਸਰਗਰਮੀ ਇਨ੍ਹਾਂ ਚਾਰ ਸਾਲਾਂ ਵਿਚ ਮਹਿਜ਼ 29343 ਕਰੋੜ ਰੁਪਏ ਹੀ ਵਸੂਲ ਕਰ ਸਕੀ।

ਫਿਰ ਮੋਦੀ ਰਾਜ ਦੇ ਦੌਰ ਵਿਚ ਬੈਂਕਾਂ ਵਿਚ ਸੁਧਾਰ ਕਿਵੇਂ ਆ ਗਿਆ? ਇਸ ਬਾਰੇ ਅਨੋਖਾ ਸੱਚ ਤਾਂ ਇਹ ਹੈ ਕਿ ਤਕਰੀਬਨ 90 ਫੀਸਦੀ

***ਬੈਂਕਾਂ ਨੂੰ ਇਕ ਲੱਖ ਕਰੋੜ ਰੁਪਏ ਤੋਂ ਉਪਰ ਦਾ ਚੂਨਾ ਬੈਂਕਾਂ ਨੂੰ ਲੱਗ ਚੁੱਕਾ ਹੈ ਅਤੇ 9339 ਕਰਜ਼ਦਾਰ ਐਸੇ ਹਨ ਜੋ ਕਰਜ਼ਾ ਮੋੜ ਸਕਦੇ ਹਨ ਲੇਕਿਨ ਉਨ੍ਹਾਂ ਨੇ ਨਾਂਹ ਕਰ ਦਿੱਤੀ ਹੈ। ਪਿਛਲੇ ਸਾਲ ਸੁਪਰੀਮ ਕੋਰਟ ਨੇ ਜਦੋਂ ਇਨ੍ਹਾਂ ਡਿਫਾਲਟਰਾਂ ਦਾ ਨਾਮ ਪੁੱਛਿਆ ਤਾਂ ਰਿਜ਼ਰਵ ਬੈਂਕ ਨੇ ਕਿਹਾ ਕਿ ਜਿਨ੍ਹਾਂ ਨੇ 500 ਕਰੋੜ ਤੋਂ ਜ਼ਿਆਦਾ ਕਰਜ਼ਾ ਲਿਆ ਹੈ ਅਤੇ ਮੋੜ ਨਹੀਂ ਰਹੇ, ਉਨ੍ਹਾਂ ਦੇ ਨਾਮ ਜਨਤਕ ਕਰਨਾ ਸਹੀ ਨਹੀਂ ਹੋਵੇਗਾ। ਇਸ ਨਾਲ ਅਰਥ ਵਿਵਸਥਾ ਉਪਰ ਅਸਰ ਪਵੇਗਾ।***

ਐਨ.ਪੀ.ਏ. (ਡੁੱਬੇ ਹੋਏ ਕਰਜ਼ੇ) ਰਿਟੇਨ ਆਫ ਕਰ ਦਿੱਤੇ ਗਏ। ਤੇ ਜੇ ਬੈਂਕਾਂ ਦੇ ਜ਼ਰੀਏ ਹਾਲਾਤ ਨੂੰ ਸਮਝਿਆ ਜਾਵੇ ਤਾਂ 2014 ਤੋਂ ਲੈ ਕੇ 2018 ਦਰਮਿਆਨ ਯੂਕੋ ਬੈਂਕ ਨੇ ਕੋਈ ਵਸੂਲੀ ਕੀਤੀ ਹੀ ਨਹੀਂ ਜਦਕਿ ਕਰਜ਼ਾ 6087 ਕਰੋੜ ਰੁਪਏ ਦੇ ਦਿੱਤਾ ਜਿਸ ਨੂੰ ਮੋਦੀ ਸਰਕਾਰ ਨੇ ਰਿਟੇਨ ਆਫ ਕਰਵਾ ਦਿੱਤਾ। ਮੁਲਕ ਦੇ ਸਭ ਤੋਂ ਵੱਡੇ ਭਾਰਤੀ ਸਟੇਟ ਬੈਂਕ ਨੇ ਇਨ੍ਹਾਂ ਚਾਰ ਸਾਲਾਂ ਵਿਚ ਕਰਜ਼ੇ ਦੀ ਵਸੂਲੀ ਮਹਿਜ਼ 10396 ਕਰੋੜ ਰੁਪਏ ਕੀਤੀ। ਜੋ ਵਸੂਲੀ ਨਹੀਂ ਹੋ ਸਕੀ, ਉਹ ਰਕਮ ਹੈ 1,02587 ਕਰੋੜ ਰੁਪਏ। ਇਸ ਰਕਮ ਨੂੰ ਬੈਂਕਾਂ ਦੀਆਂ ਫਾਈਲਾਂ ਵਿਚ ਰਿਟੇਨ ਆਫ ਕਰ ਦਿੱਤਾ ਗਿਆ। ਇਹ ਬਾਕਾਇਦਾ ਰਿਜ਼ਰਵ ਬੈਂਕ ਦੇ ਜ਼ਰੀਏ ਜਾਰੀ ਕੀਤੀ ਗਈ 21 ਬੈਂਕਾਂ ਦੀ ਸੂਚੀ ਹੈ ਜੋ ਸਾਫ-ਸਾਫ ਦੱਸਦੀ ਹੈ ਕਿ ਆਖਿਰ ਜੋ ਐਨ.ਪੀ.ਏ. 2014 ਵਿਚ ਸਵਾ ਦੋ ਲੱਖ ਕਰੋੜ ਰੁਪਏ ਸਨ, ਉਹ 2019 ਵਿਚ ਵਧਦੇ ਵਧਦੇ 12 ਲੱਖ ਕਰੋੜ ਦਾ ਅੰਕੜਾ ਵੀ ਪਾਰ ਕਰ ਚੁੱਕੇ ਹਨ ਅਤੇ ਐਨ.ਪੀ.ਏ ਦਾ ਇਜ਼ਾਫਾ ਮਹਿਜ਼ ਵਿਆਜ਼ ਦਰ ਨਹੀਂ ਹੁੰਦਾ ਬਲਕਿ ਇਸ ਦੌਰ ਵਿਚ ਕਰਜ਼ਾ ਦੇ ਕੇ ਲੁੱਟ ਨੂੰ ਵਧਾਉਣ ਦਾ ਸਿਲਸਿਲਾ ਵੀ ਕਿਸ ਕਦਰ ਸਿਸਟਮ ਦਾ ਹਿੱਸਾ ਬਣ ਗਿਆ।

ਲੁੱਟ ਰੋਕਣ ਦਾ ਜੋ ਦਾਅਵਾ ਪ੍ਰਧਾਨ ਮੰਤਰੀ ਨੇ ਚੈਨਲ ਦੇ ਉਦਘਾਟਨੀ ਭਾਸ਼ਨ ਵਿਚ ਕੀਤਾ, ਉਸ ਉਪਰ ਤਾਂ ਚੈਨਲ ਨੂੰ ਵੱਖਰੀ ਰਿਪੋਰਟ ਤਿਆਰ ਕਰਕੇ ਪੇਸ਼ ਕਰਨੀ ਚਾਹੀਦੀ ਹੈ ਕਿ ਕਿਵੇਂ ਬੀਤੇ ਪੰਜ ਸਾਲਾਂ ਵਿਚ ਬੈਂਕ ਫਰਾਡ ਦੇ ਮਾਮਲੇ ਹਵਾਈ ਰਫਤਾਰ ਨਾਲ ਵਧੇ ਹਨ। ਜ਼ਰਾ ਇਸ ਸਿਲਸਿਲੇ ਨੂੰ ਦੇਖਿਆ ਜਾਵੇ। ਐਸ.ਬੀ.ਆਈ. (2466), ਬੈਂਕ ਆਫ ਬੜੌਦਾ (782), ਬੈਂਕ ਆਫ ਇੰਡੀਆ (579), ਸਿੰਡੀਕੇਟ ਬੈਂਕ (552), ਸੈਂਟਰਲ ਬੈਂਕ ਆਫ ਇੰਡੀਆ (527), ਪੀ.ਐਨ.ਬੀ. (471), ਯੂਨੀਅਨ ਬੈਂਕ ਆਫ ਇੰਡੀਆ (368), ਇੰਡੀਅਨ ਓਵਰਸੀਜ਼ ਬੈਂਕ (342), ਕੇਨਰਾ ਬੈਂਕ (327), ਓਰੀਐਂਟਲ ਬੈਂਕ ਆਫ ਕਾਮਰਸ (297), ਆਈ.ਡੀ.ਬੀ.ਆਈ. (292), ਕਾਰਪੋਰੇਸ਼ਨ ਬੈਂਕ (291), ਇੰਡੀਅਨ ਬੈਂਕ (261), ਯੂਕੋ ਬੈਂਕ (231), ਯੂਨਾਈਟਿਡ ਬੈਂਕ ਆਫ ਇੰਡੀਆ (225), ਬੈਂਕ ਆਫ ਮਹਾਂਰਾਸ਼ਟਰ (170), ਆਂਧਰਾ ਬੈਂਕ (160), ਇਲਾਹਾਬਾਦ ਬੈਂਕ (130), ਵਿਜੇਆ ਬੈਂਕ (114), ਦੇਨਾ ਬੈਂਕ (105), ਪੰਜਾਬ ਐਂਡ ਸਿੰਧ ਬੈਂਕ (58)। ਇਹ ਬੈਂਕਾਂ ਵਿਚ ਹੋਏ ਫਰਾਡਾਂ ਦੀ ਸੂਚੀ ਹੈ। 2015 ਤੋਂ 2017 ਦੇ ਦੌਰਾਨ ਬੈਂਕ ਫਰਾਡਾਂ ਦੀ ਇਹ ਸੂਚੀ ਦੱਸਦੀ ਹੈ ਕਿ ਘੱਟੋ-ਘੱਟ ਹਰ ਬੈਂਕ ਵਿਚ ਫਰਾਡ ਹੋਇਆ। ਸਭ ਤੋਂ ਵੱਧ ਫਰਾਡ ਸਟੇਟ ਬੈਂਕ ਵਿਚ 2466 ਹੋਏ ਅਤੇ ਪੀ.ਐਨ.ਬੀ. ਵਿਚ 471; ਸਾਰਿਆਂ ਨੂੰ ਜੋੜ ਲਿਆ ਜਾਵੇ ਤਾਂ ਕੁਲ 8748 ਬੈਂਕ ਫਰਾਡ ਬੀਤੇ ਤਿੰਨ ਸਾਲ ਵਿਚ ਹੋਏ; ਭਾਵ ਬੈਂਕ ਫਰਾਡ ਦੇ ਅੱਠ ਮਾਮਲੇ ਰੋਜ਼ਾਨਾ ਹੁੰਦੇ ਰਹੇ।

ਸਵਾਲ ਸਿਰਫ ਬੈਂਕ ਫਰਾਡ ਦਾ ਨਹੀਂ; ਸਵਾਲ ਤਾਂ ਇਹ ਹੈ ਕਿ ਬੈਂਕਾਂ ਤੋਂ ਨੀਰਵ ਮੋਦੀ, ਮੇਹੁਲ ਚੌਕਸੀ ਅਤੇ ਮਾਲਿਆ ਦੀ ਤਰਜ਼ 'ਤੇ ਕਰਜ਼ਾ ਲੈ ਕੇ ਨਾ ਮੋੜਨ ਵਾਲਿਆਂ ਦੀ ਤਾਦਾਦ ਕੀ ਹੈ। ਸਵਾਲ ਬੈਂਕ ਦੀ ਲੇਖਾਜੋਖਾ ਰਿਪੋਰਟ ਵਿਚੋਂ ਅਰਬਾਂ ਰੁਪਏ ਹਟਾ ਦੇਣ ਦਾ ਹੈ ਅਤੇ ਸਵਾਲ ਤਾਂ ਸਰਕਾਰ ਵੱਲੋਂ ਬੈਂਕਾਂ ਨੂੰ ਕਰਜ਼ੇ ਦੇ ਅਰਬਾਂ ਰੁਪਏ ਉਪਰ ਲੀਕ ਮਾਰ ਦੇਣ ਦੇ ਲਈ ਸਹਿਯੋਗ ਦੇਣ ਦਾ ਹੈ। ਸਰਕਾਰ ਬੈਂਕਿੰਗ ਪ੍ਰਣਾਲੀ ਦੇ ਉਸ ਚਿਹਰੇ ਨੂੰ ਸਵੀਕਾਰ ਕਰ ਚੁੱਕੀ ਹੈ ਜਿਸ ਵਿਚ ਅਰਬਾਂ ਰੁਪਏ ਦਾ ਕਰਜ਼ਦਾਰ ਰੁਪਏ ਨਾ ਮੋੜੇ। ਕਰੈਡਿਟ ਇਨਫਰਮੇਸ਼ਨ ਬਿਊਰੋ ਆਫ ਇੰਡੀਆ ਮੁਤਾਬਿਕ ਇਸ ਨਾਲ 1,11,738 ਕਰੋੜ ਰੁਪਏ ਦਾ ਚੂਨਾ ਬੈਂਕਾਂ ਨੂੰ ਲੱਗ ਚੁੱਕਾ ਹੈ ਅਤੇ 9339 ਕਰਜ਼ਦਾਰ ਐਸੇ ਹਨ ਜੋ ਕਰਜ਼ਾ ਮੋੜ ਸਕਦੇ ਹਨ ਲੇਕਿਨ ਉਨ੍ਹਾਂ ਨੇ ਨਾਂਹ ਕਰ ਦਿੱਤੀ ਹੈ। ਪਿਛਲੇ ਸਾਲ ਸੁਪਰੀਮ ਕੋਰਟ ਨੇ ਜਦੋਂ ਇਨ੍ਹਾਂ ਡਿਫਾਲਟਰਾਂ ਦਾ ਨਾਮ ਪੁੱਛਿਆ ਤਾਂ ਰਿਜ਼ਰਵ ਬੈਂਕ ਨੇ ਕਿਹਾ ਕਿ ਜਿਨ੍ਹਾਂ ਨੇ 500 ਕਰੋੜ ਤੋਂ ਜ਼ਿਆਦਾ ਕਰਜ਼ਾ ਲਿਆ ਹੈ ਅਤੇ ਮੋੜ ਨਹੀਂ ਰਹੇ, ਉਨ੍ਹਾਂ ਦੇ ਨਾਮ ਜਨਤਕ ਕਰਨਾ ਸਹੀ ਨਹੀਂ ਹੋਵੇਗਾ। ਇਸ ਨਾਲ ਅਰਥ ਵਿਵਸਥਾ ਉਪਰ ਅਸਰ ਪਵੇਗਾ। ਹੁਣ ਐਸੇ ਬੈਂਕਾਂ ਦੀ ਸੂਚੀ ਪੜ੍ਹ ਲਈ ਜਾਵੇ ਕਿ ਕਿਸ ਬੈਂਕ ਨੂੰ ਕਿੰਨੇ ਦਾ ਚੂਨਾ ਲੱਗਿਆ ਅਤੇ ਕਰਜ਼ਾ ਨਾ ਮੋੜਨ ਵਾਲੇ ਕਿੰਨੇ ਹਨ।

ਐਸ.ਬੀ.ਆਈ. ਨੂੰ ਸਭ ਤੋਂ ਜ਼ਿਆਦਾ 27716 ਕਰੋੜ ਦਾ ਚੂਨਾ ਲਗਾਉਣ ਵਿਚ 1665 ਕਰਜ਼ਦਾਰ ਹਨ। ਪੀ.ਐਨ.ਬੀ. ਨੂੰ 12574 ਕਰੋੜ ਦਾ ਚੂਨਾ ਲੱਗਿਆ ਹੈ ਅਤੇ ਕਰਜ਼ਾ ਲੈਣ ਵਾਲਿਆਂ ਦੀ ਤਾਦਾਦ 1018 ਹੈ। ਇਸੇ ਤਰਜ਼ 'ਤੇ ਬੈਂਕ ਆਫ ਇੰਡੀਆ ਨੂੰ 6104 ਕਰੋੜ ਦਾ ਚੂਨਾ 314 ਕਰਜ਼ਦਾਰਾਂ ਨੇ ਲਗਾਇਆ। ਬੈਂਕ ਆਫ ਬੜੌਦਾ ਨੂੰ 5342 ਕਰੋੜ ਦਾ ਚੂਨਾ 243 ਕਰਜ਼ਦਾਰਾਂ ਨੇ ਲਗਾਇਆ। ਯੂਨੀਅਨ ਬੈਂਕ ਨੂੰ 4802 ਕਰੋੜ ਦਾ ਚੂਨਾ 779 ਕਰਜ਼ਦਾਰਾਂ ਨੇ ਲਗਾਇਆ। ਸੈਂਟਰਲ ਬੈਂਕ ਨੂੰ 4429 ਕਰੋੜ ਦਾ ਚੂਨਾ 666 ਕਰਜ਼ਦਾਰਾਂ ਨੇ ਲਗਾਇਆ। ਓਰੀਐਂਟਲ ਬੈਂਕ ਨੂੰ 4244 ਕਰੋੜ ਦਾ ਚੂਨਾ 420 ਕਰਜ਼ਦਾਰਾਂ ਨੇ ਲਗਾਇਆ। ਯੂਕੋ ਬੈਂਕ ਨੂੰ 4100 ਕਰੋੜ ਦਾ ਚੂਨਾ 338 ਕਰਜ਼ਦਾਰਾਂ ਨੇ ਲਗਾਇਆ। ਆਂਧਰਾ ਬੈਂਕ ਨੂੰ 3927 ਕਰੋੜ ਦਾ ਚੂਨਾ 373 ਕਰਜ਼ਦਾਰਾਂ ਨੇ ਲਗਾਇਆ। ਕੇਨਰਾ ਬੈਂਕ ਨੂੰ 3691 ਕਰੋੜ ਦਾ ਚੂਨਾ 473 ਕਰਜ਼ਦਾਰਾਂ ਨੇ ਲਗਾਇਆ। ਆਈ.ਡੀ.ਬੀ.ਆਈ. ਨੂੰ 3659 ਕਰੋੜ ਦਾ ਚੂਨਾ 83 ਕਰਜ਼ਦਾਰਾਂ ਨੇ ਲਗਾਇਆ। ਅਤੇ ਵਿਜੇਆ ਬੈਂਕ ਨੂੰ 3152 ਕਰੋੜ ਦਾ ਚੂਨਾ 112 ਕਰਜ਼ਦਾਰਾਂ ਨੇ ਲਗਾਇਆ। ਇਹ ਸਿਰਫ 12 ਬੈਂਕ ਹਨ ਜਿਨ੍ਹਾਂ ਨੇ ਜਾਣਕਾਰੀ ਦਿੱਤੀ ਕਿ 9339 ਕਰਜ਼ਦਾਰ ਐਸੇ ਹਨ ਜੋ 1,11,738 ਕਰੋੜ ਰੁਪਏ ਨਹੀਂ ਮੋੜ ਰਹੇ। ਫਿਰ ਵੀ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਉਲਟਾ ਸਰਕਾਰ ਬੈਂਕਾਂ ਦੀ ਮਦਦ ਕਰ ਰਹੀ ਹੈ ਕਿ ਆਪਣੇ ਹਿਸਾਬ-ਕਿਤਾਬ ਵਿਚੋਂ ਅਰਬਾਂ ਰੁਪਏ ਦੀ ਕਰਜ਼ਦਾਰੀ ਨੂੰ ਹੀ ਹਟਾ ਦਿਓ।

ਜ਼ਾਹਿਰ ਹੈ ਕਿ ਪ੍ਰਧਾਨ ਮੰਤਰੀ ਨੂੰ ਉਦਘਾਟਨ ਵਿਚ ਸੱਦ ਕੇ ਚੈਨਲ ਨੇ ਆਪਣੀ ਧਾਂਕ ਜਮਾ ਲਈ, ਲੇਕਿਨ ਪ੍ਰਧਾਨ ਮੰਤਰੀ ਦੇ ਕਥਨ ਪਿਛਲੇ ਸੱਚ ਨੂੰ ਜੇ ਚੈਨਲ ਦਿਖਾਉਣ ਦੀ ਹਿੰਮਤ ਰੱਖਦਾ ਤਾਂ ਇਹ ਵਾਕਈ ਭਾਰਤਵਰਸ਼ ਕਹਾਉਂਦਾ, ਵਰਨਾ ਰਾਏਸੀਨਾ ਹਿਲਜ਼ ਅਤੇ ਲੁਟੀਅਨਜ਼ ਦੀ ਦਿੱਲੀ ਵਿਚ ਵਸੇ ਸ਼ਾਈਨਿੰਗ ਇੰਡੀਆ ਦੀ ਕਹਾਣੀ ਤਾਂ ਉਹ ਲਾਲ ਗਲੀਚਾ ਹੈ ਜਿਸ ਉਪਰ ਚਲਦੇ ਹੋਏ ਨਜ਼ਰ ਆਉਣ ਦਾ ਸ਼ੌਕ ਹਰ ਮੀਡੀਆ ਵਾਲੇ ਨੂੰ ਹੁੰਦਾ ਜਾਂਦਾ ਹੈ।

# ਜਲ੍ਹਿਆਂਵਾਲਾ ਬਾਗ ਸਾਕੇ ਦੇ ਸੌ ਸਾਲ ਅਤੇ ਅਜੋਕੇ ਸਰੋਕਾਰ

***(ਪਿਛਲੇ ਸਫੇ ਦੀ ਬਾਕੀ)***

ਆਪਣੇ ਸਾਂਝੇ ਦੁਸ਼ਮਣ ਦੀ ਸ਼ਨਾਖਤ ਕਰਦੇ ਹੋਏ ਆਪਸੀ ਸਾਂਝ ਅਤੇ ਏਕਤਾ ਨੂੰ ਮਜ਼ਬੂਤ ਬਣਾਉਣ ਦੀ ਜ਼ਰੂਰਤ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ ਸੀ ਅਤੇ ਇਸ ਪਾਸੇ ਠੋਸ ਪੇਸ਼ਕਦਮੀਂ ਕਰਦਿਆਂ ਬਸਤੀਵਾਦੀ ਰਾਜ ਨੂੰ ਦ੍ਰਿੜ ਚੁਣੌਤੀ ਦਿੱਤੀ ਸੀ। ਅਮਰੀਕਾ ਵਿਚ ਗ਼ਦਰ ਪਾਰਟੀ ਵੱਲੋਂ ਅਪਣਾਏ ਬੁਨਿਆਦੀ ਪ੍ਰੋਗਰਾਮ ਤੋਂ ਲੈ ਕੇ ਨੌਜਵਾਨ ਭਾਰਤ ਸਭਾ, ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਅਤੇ ਉਸ ਦੌਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀਆਂ ਹੋਰ ਕਈ ਇਨਕਲਾਬੀ ਅਤੇ ਦੇਸ਼ਭਗਤ ਜਥੇਬੰਦੀਆਂ ਦੇ ਮਨੋਰਥ ਪੱਤਰਾਂ ਵਿਚ ਮਜ਼ਹਬ, ਜਾਤ, ਖੇਤਰ ਆਦਿ ਸੰਕੀਰਨ ਦਾਇਰਿਆਂ ਤੋਂ ਉਪਰ ਉਠ ਕੇ ਵਿਸ਼ਾਲ ਅਵਾਮ ਨੂੰ ਕਲਾਵੇ ਵਿਚ ਲੈਣ ਵਾਲੇ ਸਾਂਝੇ ਹਿਤ ਨੂੰ ਅਧਾਰ ਬਣਾਇਆ ਗਿਆ ਸੀ। ਕਿਰਤੀ ਕਿਸਾਨ ਪਾਰਟੀ, ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੀਆਂ ਲਹਿਰਾਂ ਦਾ ਸਿਧਾਂਤਕ ਅਧਾਰ ਹੀ ਕਿਰਤੀ ਅਵਾਮ ਦੀ ਜਮਾਤੀ ਏਕਤਾ ਸੀ। ਅਜੋਕੇ ਸਮਾਜੀ ਤੇ ਰਾਜਸੀ ਪ੍ਰਬੰਧ ਹੇਠ ਦਾਬੇ ਅਤੇ ਲੁੱਟ-ਖਸੁੱਟ ਦਾ ਸ਼ਿਕਾਰ ਤਮਾਮ ਹਿੱਸਿਆਂ ਨੂੰ ਸਾਂਝੇ ਦੁਸ਼ਮਣ ਦੀ ਸ਼ਨਾਖਤ ਕਰਨ ਦੀ ਜ਼ਰੂਰਤ ਨੂੰ ਆਪਣੀ ਚੇਤਨਾ ਅਤੇ ਸੂਝ ਦਾ ਹਿੱਸਾ ਬਣਾਉਣਾ 1919 ਦੇ ਸਾਕੇ ਦੀ ਇਤਿਹਾਸਕ ਵਿਰਾਸਤ ਦਾ ਬਹੁਤ ਹੀ ਪ੍ਰਸੰਗਿਕ ਸਬਕ ਹੈ ਜਿਸ ਨੂੰ ਆਤਮਸਾਤ ਕਰਨਾ ਜ਼ਰੂਰੀ ਹੈ।

ਅੰਗਰੇਜ਼ ਬਸਤੀਵਾਦੀਆਂ ਵਾਲਾ ਤਾਕਤ ਦਾ ਗ਼ਰੂਰ ਅੱਜ ਦੇ ਹੁਕਮਰਾਨਾਂ ਦੀ ਜਾਬਰ ਫਿਤਰਤ ਵਿਚੋਂ ਡੁੱਲ੍ਹ-ਡੁੱਲ੍ਹ ਪੈ ਰਿਹਾ ਹੈ। ਜਿਵੇਂ ਓਡਵਾਇਰ ਨੂੰ ਰੌਲਟ ਐਕਟ ਵਿਰੁਧ ਸ਼ਾਂਤਮਈ ਪ੍ਰਦਰਸ਼ਨਾਂ ਵਿਚੋਂ ਰਾਜ ਵਿਰੁਧ ਖਤਰਨਾਕ ਸਾਜ਼ਿਸ਼ ਅਤੇ ਬਗ਼ਾਵਤ ਦੀ ਬੂ ਆ ਰਹੀ ਸੀ, ਉਸੇ ਤਰ੍ਹਾਂ ਅੱਜ ਹਿੰਦੂਤਵ ਫਾਸ਼ੀਵਾਦੀ ਤਾਕਤ ਬੁੱਧੀਜੀਵੀਆਂ ਅਤੇ ਜਮਹੂਰੀ ਸ਼ਖਸੀਅਤਾਂ ਦੀ ਸਥਾਪਤੀ ਨਾਲ ਅਸਹਿਮਤੀ ਨੂੰ ਰਾਜ ਵਿਰੁਧ ਬਗ਼ਾਵਤ ਅਤੇ ਮਾਓਵਾਦੀ ਸਾਜ਼ਿਸ਼ ਕਰਾਰ ਦੇ ਕੇ ਕੁਚਲਣ ਲਈ ਪੂਰਾ ਤਾਣ ਲਗਾ ਰਹੀ ਹੈ ਤੇ ਜਮਹੂਰੀ, ਅਗਾਂਹਵਧੂ ਮੁੱਲਾਂ ਨੂੰ ਮਿਥ ਕੇ ਤਹਿਸ-ਨਹਿਸ ਕਰ ਰਹੀ ਹੈ। ਸ਼ਤਾਬਦੀ ਨੂੰ ਰਸਮੀਂ ਤੌਰ 'ਤੇ ਮਨਾਉਣ ਤੋਂ ਪਾਰ ਜਾ ਕੇ ਅੱਜ ਦੀਆਂ ਚੁਣੌਤੀਆਂ ਨੂੰ ਸਮਝਣ ਦੇ ਕਾਬਲ ਹੋਣਾ ਹੀ ਇਸ ਸਾਕੇ ਦੇ ਸ਼ਹੀਦਾਂ ਨੂੰ ਸਹੀ ਮਾਇਨਿਆਂ ਵਿਚ ਯਾਦ ਕਰਨਾ ਹੈ।

# ਸੱਤਾਧਾਰੀ ਧਿਰ ਖਿਲਾਫ ਭੁਗਤਦੇ ਨੇ ਪੰਜਾਬ ਦੇ ਵੋਟਰ

**ਚੰਡੀਗੜ੍ਹ:** ਪੰਜਾਬ ਦੇ ਵੋਟਰਾਂ ਨੇ ਸੰਸਦੀ ਚੋਣਾਂ ਦੌਰਾਨ ਅਕਸਰ ਸੂਬੇ ਵਿਚਲੀ ਹਾਕਮ ਧਿਰ ਨੂੰ ਸਿਆਸੀ ਝਟਕਾ ਹੀ ਦਿੱਤਾ ਹੈ। ਪੰਜਾਬੀਆਂ ਦਾ ਸੰਸਦੀ ਚੋਣਾਂ ਦੌਰਾਨ ਫਤਵਾ ਹਮੇਸ਼ਾ ਹੈਰਾਨ ਕਰਨ ਵਾਲਾ ਰਿਹਾ ਹੈ ਤੇ ਦੇਸ਼ ਦੇ ਹੋਰਨਾਂ ਸੂਬਿਆਂ ਦੇ ਨਤੀਜੇ ਦੇ ਉਲਟ ਵੀ ਰਿਹਾ ਹੈ। ਸਭ ਤੋਂ ਵੱਡੀ ਮਿਸਾਲ 5 ਸਾਲ ਪਹਿਲਾਂ ਹੋਈਆਂ ਸੰਸਦੀ ਚੋਣਾਂ ਹਨ ਜਦੋਂ 'ਆਪ' ਨੂੰ ਸਮੁੱਚੇ ਦੇਸ਼ ਨੇ ਨਕਾਰ ਦਿੱਤਾ ਪਰ ਪੰਜਾਬ 'ਚੋਂ 4 ਉਮੀਦਵਾਰ ਜਿੱਤ ਗਏ ਸਨ।

ਸੂਬੇ ਵਿਚ ਪਿਛਲੇ ਢਾਈ ਦਹਾਕਿਆਂ ਦੌਰਾਨ ਹੋਈਆਂ ਚੋਣਾਂ ਦਾ ਅਧਿਐਨ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਸਿਰਫ 1998 ਦੀਆਂ ਸੰਸਦੀ ਚੋਣਾਂ ਦੌਰਾਨ ਉਸ ਸਮੇਂ ਦੀ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਦੇ ਪੱਖ ਵਿਚ ਬਹੁ ਗਿਣਤੀ ਸੀਟਾਂ ਆਈਆਂ ਸਨ। ਉਸ ਤੋਂ ਇਕ ਸਾਲ ਬਾਅਦ ਹੀ 1999 ਦੀਆਂ ਚੋਣਾਂ ਦੌਰਾਨ ਤਾਂ ਸੁਖਬੀਰ ਸਿੰਘ ਬਾਦਲ ਨੂੰ ਵੀ ਫਰੀਦਕੋਟ ਹਲਕੇ ਤੋਂ ਹਾਰ ਦਾ ਮੂੰਹ ਦੇਖਣਾ ਪਿਆ ਸੀ। ਰੋਚਕ ਤੱਥ ਇਹ ਹੈ ਕਿ ਇਸ ਵਾਰੀ ਸਥਿਤੀ ਵਿਚ ਕੁਝ ਅੰਤਰ ਦਿਖਾਈ ਦੇ ਰਿਹਾ ਹੈ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਤੋਂ ਜੇ ਸੂਬੇ ਦੇ ਲੋਕ ਖੁਸ਼ ਦਿਖਾਈ ਨਹੀਂ ਦੇ ਰਹੇ ਤਾਂ ਇਕ ਦਹਾਕਾ ਸੱਤਾ ਦਾ ਸੁੱਖ ਭੋਗਣ ਵਾਲੇ ਅਕਾਲੀਆਂ ਖਿਲਾਫ ਵੀ ਲੋਕਾਂ ਦਾ ਰੋਹ ਹਾਲ ਦੀ ਘੜੀ ਠੰਢਾ ਹੋਇਆ ਦਿਖਾਈ ਨਹੀਂ ਦੇ ਰਿਹਾ। ਇਹੀ ਕਾਰਨ ਹੈ ਕਿ ਕਾਂਗਰਸ ਨੂੰ ਇਨ੍ਹਾਂ ਚੋਣਾਂ ਦੌਰਾਨ ਚੰਗੀ ਕਾਰਗੁਜ਼ਾਰੀ ਦੀ ਉਮੀਦ ਹੈ।

ਪੰਜਾਬ ਵਿਚ ਅਤਿਵਾਦ ਦੇ ਕਾਲੇ ਦੌਰ ਦੌਰਾਨ ਗਵਰਨਰੀ ਰਾਜ ਤੋਂ ਬਾਅਦ 1992 ਦੀਆਂ ਵਿਧਾਨ ਸਭਾ ਤੇ ਸੰਸਦੀ ਚੋਣਾਂ ਤਾਂ ਭਾਵੇਂ ਬਹੁਤ ਘੱਟ ਵੋਟ ਫੀਸਦੀ ਨਾਲ ਕਾਂਗਰਸ ਨੇ ਜਿੱਤ ਹਾਸਲ ਕੀਤੀ



ਸੀ ਪਰ ਕਾਂਗਰਸ ਦੇ ਹੀ ਇਸੇ ਸ਼ਾਸਨ ਦੌਰਾਨ ਜਦੋਂ 1996 ਵਿਚ ਸੰਸਦੀ ਚੋਣਾਂ ਦਾ ਇਮਤਿਹਾਨ ਹੋਇਆ ਤਾਂ ਕਾਂਗਰਸ ਨੂੰ ਇਕ ਵੀ ਸੀਟ ਨਹੀਂ ਸੀ ਮਿਲੀ। ਉਸ ਪਿਛੋਂ 1997 ਵਿਚ ਪੰਜਾਬ ਅੰਦਰ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣੀ।

ਸਰਕਾਰ ਬਣਨ ਤੋਂ ਇਕ ਸਾਲ ਬਾਅਦ ਹੀ 1998 'ਚ ਹੋਈਆਂ ਸੰਸਦੀ ਚੋਣਾਂ ਦੌਰਾਨ ਤਾਂ ਗੱਠਜੋੜ ਦੀ ਕਾਰਗੁਜ਼ਾਰੀ ਠੀਕ ਰਹੀ ਪਰ ਜਿਵੇਂ ਹੀ 1999 ਦੀਆਂ ਚੋਣਾਂ ਦਾ ਇਮਤਿਹਾਨ ਸਿਰ 'ਤੇ ਆਇਆ ਤਾਂ ਅਕਾਲੀਆਂ ਦੇ ਪੱਲੇ ਦੋ ਸੀਟਾਂ ਪਈਆਂ ਤੇ ਭਾਜਪਾ ਨੇ ਸਿਰਫ ਇਕ ਸੀਟ ਹੀ ਜਿੱਤੀ ਸੀ। ਬਾਦਲ ਪਰਿਵਾਰ ਨੇ ਫਰੀਦਕੋਟ ਦੀ ਸੀਟ ਵੱਕਾਰ ਦਾ ਸਵਾਲ ਬਣਾ ਕੇ ਲੜੀ ਸੀ ਤੇ ਸੂਬੇ ਵਿਚ ਸਰਕਾਰ ਹੋਣ ਦੇ ਬਾਵਜੂਦ ਜਿੱਤ ਨਹੀਂ ਸਨ ਸਕੇ। ਸਾਲ 2002 ਵਿਚ ਪੰਜਾਬ ਅੰਦਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਬਣੀ ਤੇ ਕੈਪਟਨ ਅਮਰਿੰਦਰ ਸਿੰਘ ਦੇ ਸਾਹਮਣੇ ਵੀ ਸਵਾ ਦੋ ਸਾਲਾਂ ਤੋਂ ਬਾਅਦ 2004 ਦੀਆਂ ਸੰਸਦੀ ਚੋਣਾਂ ਆ ਗਈਆਂ। ਇਨ੍ਹਾਂ ਚੋਣਾਂ ਦੌਰਾਨ ਕਾਂਗਰਸ ਸਿਰਫ ਜਲੰਧਰ ਤੇ ਪਟਿਆਲਾ ਦੀਆਂ ਦੋ ਸੀਟਾਂ ਹੀ ਜਿੱਤ ਸਕੀ ਸੀ। ਦੂਜੇ ਪਾਸੇ, ਅਕਾਲੀ-ਭਾਜਪਾ ਗੱਠਜੋੜ ਨੇ 11 ਸੀਟਾਂ ਜਿੱਤੀਆਂ ਸਨ। ਪੰਜਾਬ ਵਿਚ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੱਤਾ ਤਬਦੀਲੀ ਆਈ ਤੇ ਅਕਾਲੀ-ਭਾਜਪਾ ਸਰਕਾਰ ਹੋਂਦ ਵਿਚ ਆ ਗਈ। ਗੱਠਜੋੜ ਸਰਕਾਰ ਦੇ ਇਸ ਸ਼ਾਸਨ ਦੌਰਾਨ ਜਦੋਂ 2009 ਦੀਆਂ ਸੰਸਦੀ ਚੋਣਾਂ ਆਈਆਂ ਤਾਂ ਕਾਂਗਰਸ ਨੇ ਵੀ 6 ਸੀਟਾਂ ਜਿੱਤ ਲਈਆਂ ਸਨ। ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਹੀ ਸਥਾਪਤ ਧਿਰਾਂ ਕਾਂਗਰਸ ਤੇ ਅਕਾਲੀ ਦਲ ਲਈ ਸਭ ਤੋਂ ਚੁਣੌਤੀ ਪੂਰਨ 2014 ਦੀਆਂ ਸੰਸਦੀ ਚੋਣਾਂ ਰਹੀਆਂ।

## ਕਾਂਗਰਸ ਵੱਲੋਂ ਪੰਜਾਬ ਤੇ ਹਰਿਆਣਾ 'ਚ 'ਆਪ' ਨਾਲ ਗੱਠਜੋੜ ਤੋਂ ਕੋਰੀ ਨਾਂਹ

**ਨਵੀਂ ਦਿੱਲੀ:** ਕਾਂਗਰਸ ਨੇ ਸਾਫ ਕਰ ਦਿੱਤਾ ਕਿ ਉਹ ਆਗਾਮੀ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਨਾਲ ਹਰਿਆਣਾ ਤੇ ਪੰਜਾਬ 'ਚ ਕਿਸੇ ਤਰ੍ਹਾਂ ਦਾ ਗੱਠਜੋੜ ਨਹੀਂ ਕਰੇਗੀ। ਪਾਰਟੀ ਨੇ ਕਿਹਾ ਕਿ ਉਹ ਜਲਦੀ ਹੀ ਇਨ੍ਹਾਂ ਦੋਵਾਂ ਰਾਜਾਂ ਲਈ ਉਮੀਦਵਾਰਾਂ ਦੇ ਨਾਂ ਐਲਾਨ ਦੇਵੇਗੀ।

ਕਾਂਗਰਸ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ 'ਆਪ' ਆਗੂਆਂ ਨੇ ਦਾਅਵਾ ਕੀਤਾ ਸੀ ਕਿ ਕਾਂਗਰਸ ਨਾਲ ਦਿੱਲੀ ਵਿਚ ਚੋਣ ਗੱਠਜੋੜ ਤਾਂ ਹੀ ਸੰਭਵ ਹੈ ਜੇਕਰ ਦੋਵੇਂ ਪਾਰਟੀਆਂ ਹਰਿਆਣਾ ਤੇ ਚੰਡੀਗੜ੍ਹ ਵਿਚ ਮਿਲ ਕੇ ਚੋਣਾਂ ਲੜਦੀਆਂ ਹਨ। ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਪਾਰਟੀ ਕੌਮੀ ਰਾਜਧਾਨੀ ਵਿਚ 'ਆਪ' ਨਾਲ ਚੋਣ ਗੱਠਜੋੜ ਬਾਰੇ ਹਾਲ ਦੀ ਘੜੀ ਕਿਸੇ ਨਤੀਜੇ 'ਤੇ ਨਹੀਂ ਪੁੱਜ ਸਕੀ। ਪੰਜਾਬ ਜਾਂ ਹਰਿਆਣਾ ਵਿਚ ਆਮ ਆਦਮੀ ਪਾਰਟੀ ਸਮੇਤ ਕਿਸੇ ਵੀ ਹੋਰ ਪਾਰਟੀ ਨਾਲ ਚੋਣ ਗੱਠਜੋੜ ਬਾਰੇ ਕੋਈ ਗੱਲਬਾਤ ਨਹੀਂ ਹੋਈ।

# ਦੁਆਬੇ ਦੀ ਦਲਿਤ ਵੱਸੋਂ ਉਲਝਾਏਗੀ ਸਿਆਸੀ ਧਿਰਾਂ ਦੀ ਤਾਣੀ

**ਚੰਡੀਗੜ੍ਹ:** ਵਧੇਰੇ ਦਲਿਤ ਵਸੋਂ ਵਾਲਾ ਦੁਆਬਾ ਖੇਤਰ ਚਾਰ ਦਹਾਕੇ ਤੋਂ ਵੱਧ ਸਮਾਂ ਕਾਂਗਰਸ ਦਾ ਗੜ੍ਹ ਸਮਝਿਆ ਜਾਂਦਾ ਰਿਹਾ ਹੈ। ਪਿਛਲੀ ਸਦੀ ਦੇ ਆਖਰੀ ਦਹਾਕੇ ਵਿਚ ਬਸਪਾ ਦੇ ਉਭਾਰ ਨੇ ਕਾਂਗਰਸ ਨੂੰ ਵੱਡੀ ਚੁਣੌਤੀ ਦਿੱਤੀ ਸੀ ਤੇ ਪਹਿਲੀ ਵਾਰ 1996 ਦੀਆਂ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਨਾਲ ਬਸਪਾ ਦਾ ਗੱਠਜੋੜ ਹੋਇਆ ਤਾਂ ਦੁਆਬੇ ਦੀਆਂ ਤਿੰਨ ਸੀਟਾਂ ਵਿਚੋਂ ਦੋ ਹੁਸ਼ਿਆਰਪੁਰ ਤੇ ਫਿਲੌਰ ਤੋਂ ਬਸਪਾ ਉਮੀਦਵਾਰ ਜੇਤੂ ਰਹੇ ਸਨ ਤੇ ਤੀਜਾ ਜਲੰਧਰ ਹਲਕੇ ਤੋਂ ਅਕਾਲੀ ਉਮੀਦਵਾਰ ਜਿੱਤੇ ਸਨ।

ਇਸ ਤਰ੍ਹਾਂ ਪਹਿਲੀ ਵਾਰ ਕਾਂਗਰਸ ਨੂੰ ਦੁਆਬਾ ਖੇਤਰ ਵਿਚ ਇੰਨੀ ਵੱਡੀ ਮਾਰ ਝੱਲਣੀ ਪਈ ਸੀ। ਬਸਪਾ ਦੀ ਚੜ੍ਹਤ ਸਮੇਂ ਨੌਜਵਾਨ ਦਲਿਤ ਆਗੂਆਂ ਦਾ ਇਕ ਵੱਡਾ ਪੂਰ ਵੀ ਪੈਦਾ ਹੋਇਆ। ਦੁਆਬਾ ਖੇਤਰ 'ਚ ਬਸਪਾ ਦੀ ਲਹਿਰ ਦੇ ਕਮਜ਼ੋਰ ਹੋਣ ਨਾਲ ਅਕਾਲੀ ਦਲ ਨੂੰ ਵੱਡਾ ਲਾਭ ਹੋਇਆ ਨਜ਼ਰ ਆ ਰਿਹਾ ਹੈ। ਕਾਂਗਰਸ ਵਿਰੋਧ 'ਚ ਉਭਰੀ ਬਸਪਾ 'ਚ ਪੈਦਾ ਹੋਈ ਨਵੀਂ ਨੌਜਵਾਨ ਲੀਡਰਸ਼ਿਪ ਦਾ ਕਾਫੀ ਅਹਿਮ ਹਿੱਸਾ ਅਕਾਲੀ ਦਲ 'ਚ ਜਾ ਸ਼ਾਮਲ ਹੋਇਆ। ਆਦਮਪੁਰ ਤੋਂ ਵਿਧਾਇਕ ਪਵਨ ਟੀਨੂੰ, ਫਿਲੌਰ ਦੇ ਵਿਧਾਇਕ ਬਲਦੇਵ ਸਿੰਘ ਖਹਿਰਾ ਤੇ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਸੁੱਖੀ ਬਸਪਾ ਦੀ ਹੀ ਪੈਦਾਵਾਰ ਹਨ। ਦੋ ਵਾਰ ਵਿਧਾਇਕ ਬਣੇ ਮੋਹਨ ਲਾਲ ਬੰਗਾ, ਸਾਬਕਾ ਵਿਧਾਇਕ ਅਵਿਨਾਸ਼ ਚੰਦਰ, ਦਰਸ਼ਨ ਲਾਲ ਜੇਠੂ ਮਜਾਰਾ ਤੋਂ ਇਲਾਵਾ ਦਰਜਨ ਦੇ ਕਰੀਬ ਹੋਰ ਅਜਿਹੇ ਆਗੂ ਹਨ ਜਿਹੜੇ ਬਸਪਾ ਤੋਂ ਅਕਾਲੀ ਦਲ 'ਚ ਆਏ। ਦੂਜੇ ਪਾਸੇ ਕਾਂਗਰਸ ਦੁਆਬਾ ਖੇਤਰ ਵਿਚ ਨਵੀਂ ਦਲਿਤ ਲੀਡਰਸ਼ਿਪ ਪੈਦਾ ਕਰਨ ਜਾਂ ਉਭਾਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ।

ਦੁਆਬੇ ਦੀ ਕਾਂਗਰਸ ਵਿਚ ਬਹੁਤ ਪਹਿਲਾਂ ਤੋਂ ਮਾਸਟਰ ਗੁਰਬੰਤਾ ਸਿੰਘ, ਦਰਸ਼ਨ ਸਿੰਘ ਕੇ.ਪੀ., ਫਗਵਾੜਾ ਦੇ ਜੋਗਿੰਦਰ ਸਿੰਘ ਮਾਨ ਤੇ ਚੌਧਰੀ ਜਗਤ ਰਾਮ ਦੇ ਪਰਿਵਾਰਾਂ ਦੀ ਚੜ੍ਹਤ ਰਹੀ ਹੈ। ਪਿਛਲੇ ਦੋ ਦਹਾਕੇ ਤੋਂ ਤਾਂ ਸਿਰਫ ਚੌਧਰੀ ਤੇ ਕੇ.ਪੀ. ਪਰਿਵਾਰ ਦਾ ਹੀ ਦਬਦਬਾ ਰਹਿ ਗਿਆ ਸੀ।

ਪੂਰੇ ਦੁਆਬੇ ਵਿਚ ਸਿਰਫ ਜਲੰਧਰ ਪੱਛਮੀ ਦੇ ਸੁਸ਼ੀਲ ਰਿੰਕੂ ਤੇ ਚੱਬੇਵਾਲ ਦੇ ਵਿਧਾਇਕ ਡਾ. ਰਾਜ ਕੁਮਾਰ ਹੀ ਹਨ ਜੋ ਕਾਂਗਰਸ ਵਿਚ ਨਵੇਂ ਆਗੂ ਬਣੇ ਹਨ। ਬਸਪਾ ਦੇ ਉਭਾਰ ਨੇ ਕਾਂਗਰਸ ਦੇ ਮਜ਼ਬੂਤ ਕਿਲ੍ਹੇ ਨੂੰ ਅਜਿਹੀ ਵੱਡੀ ਸੰਨ੍ਹ ਲਗਾਈ ਕਿ ਉਹ ਮੁੜ ਪੈਰ ਨਹੀਂ ਲਗਾ ਸਕੇ, ਸਗੋਂ ਬਸਪਾ ਦੇ ਖਲਾਅ ਨੂੰ ਅਕਾਲੀਆਂ ਨੇ ਭਰ ਲਿਆ ਹੈ। ਕਿਸੇ ਵੇਲੇ ਦਲਿਤ ਰਾਖਵੀਆਂ ਸੀਟਾਂ ਅਸਲ ਵਿਚ ਕਾਂਗਰਸ ਦੀਆਂ ਰਾਖਵੀਆਂ ਸੀਟਾਂ ਹੀ ਸਮਝੀਆਂ ਜਾਂਦੀਆਂ ਰਹੀਆਂ ਹਨ, ਪਰ ਹੁਣ ਹਾਲਾਤ ਬਦਲ ਗਏ ਹਨ। ਦੁਆਬੇ ਦੀਆਂ ਕੁੱਲ 23 ਸੀਟਾਂ ਵਿਚੋਂ 8 ਰਾਖਵੀਆਂ ਹਨ। ਫਰਵਰੀ 2017 ਦੀ ਵਿਧਾਨ ਸਭਾ ਚੋਣ ਵਿਚ ਪੂਰੇ ਪੰਜਾਬ ਵਿਚ ਅਕਾਲੀ ਦਲ ਦੀ ਸਥਿਤੀ ਬੇਹੱਦ ਕਮਜ਼ੋਰ ਸੀ, ਪਰ ਦੁਆਬੇ ਦੀਆਂ 8 ਰਾਖਵੀਆਂ ਸੀਟਾਂ 'ਚੋਂ ਚਾਰ ਅਕਾਲੀ-ਭਾਜਪਾ ਗੱਠਜੋੜ ਦੇ ਹਿੱਸੇ ਆਈਆਂ ਹਨ। ਫਗਵਾੜਾ ਤੋਂ ਭਾਜਪਾ ਦੇ ਸੋਮ ਪ੍ਰਕਾਸ਼ ਅਤੇ ਆਦਮਪੁਰ, ਫਿਲੌਰ ਤੇ ਬੰਗਾ ਤੋਂ ਅਕਾਲੀ ਦਲ ਦੇ ਵਿਧਾਇਕ ਹਨ। ਲੋਕ ਸਭਾ ਦੀ ਉਮੀਦਵਾਰੀ ਨੂੰ ਲੈ ਕੇ ਸਾਬਕਾ ਮੰਤਰੀ ਤੇ ਸੀਨੀਅਰ ਕਾਂਗਰਸ ਆਗੂ ਸ੍ਰੀ ਮਹਿੰਦਰ ਸਿੰਘ ਕੇ.ਪੀ. ਵੱਲੋਂ ਬਗਾਵਤ ਦੇ ਰਾਹ ਤੁਰ ਪੈਣ ਨਾਲ ਦੁਆਬੇ 'ਚ ਕਾਂਗਰਸ ਦਾ ਥੰਮ੍ਹ ਰਿਹਾ ਦਲਿਤ ਪਰਿਵਾਰ ਉਨ੍ਹਾਂ ਦੇ ਹੱਥੋਂ ਕਿਰਦਾ ਨਜ਼ਰ ਆ ਰਿਹਾ ਹੈ। ਕਾਂਗਰਸ ਹਲਕੇ ਕੇ.ਪੀ. ਦੀ ਬਗਾਵਤ ਨੂੰ ਦੁਆਬੇ 'ਚ ਪਾਰਟੀ ਲਈ ਵੱਡਾ ਝਟਕਾ ਮੰਨ ਰਹੇ ਹਨ।

## ਅਕਾਲੀ ਦਲ ਨੇ ਰਣੀਕੇ ਨੂੰ ਫਰੀਦਕੋਟ ਤੋਂ ਮੈਦਾਨ 'ਚ ਉਤਾਰਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਫਰੀਦਕੋਟ ਸੀਟ ਤੋਂ ਪਾਰਟੀ ਦਾ ਉਮੀਦਵਾਰ ਬਣਾਉਣ ਦਾ ਐਲਾਨ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਰਣੀਕੇ ਨੂੰ ਟਿਕਟ ਦੇਣ ਦਾ ਐਲਾਨ ਕੀਤਾ ਜੋ ਪਾਰਟੀ ਦੇ ਅਨੁਸੂਚਿਤ ਜਾਤਾਂ ਬਾਰੇ ਵਿੰਗ ਦੇ ਮੁਖੀ ਹਨ।



ਸ਼੍ਰੋਮਣੀ ਅਕਾਲੀ ਦਲ ਨੇ ਹੁਣ ਤੱਕ ਸੱਤ ਸੀਟਾਂ 'ਤੇ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਪਾਰਟੀ ਵੱਲੋਂ ਪੰਜਾਬ ਦੀਆਂ 13 'ਚੋਂ 10 ਸੀਟਾਂ ਉਤੇ ਚੋਣ ਲੜੀ ਜਾ ਰਹੀ ਹੈ ਜਦਕਿ ਭਾਈਵਾਲ ਭਾਜਪਾ ਨੂੰ ਤਿੰਨ ਸੀਟਾਂ ਦਿੱਤੀਆਂ ਗਈਆਂ ਹਨ। ਸ੍ਰੀ ਰਣੀਕੇ ਨੂੰ ਫਰੀਦਕੋਟ ਤੋਂ ਉਮੀਦਵਾਰ ਉਸ ਸਮੇਂ ਐਲਾਨਿਆ ਗਿਆ ਹੈ ਜਦੋਂ ਕਾਂਗਰਸ ਨੇ ਗਾਇਕ ਮੁਹੰਮਦ ਸਦੀਕ ਨੂੰ ਰਾਖਵੇਂ ਹਲਕੇ ਤੋਂ ਟਿਕਟ ਦਿੱਤੀ ਹੈ। ਆਮ ਆਦਮੀ ਪਾਰਟੀ ਨੇ ਮੌਜੂਦਾ ਸੰਸਦ ਮੈਂਬਰ ਸਾਧੂ ਸਿੰਘ ਅਤੇ ਪੰਜਾਬ ਏਕਤਾ ਪਾਰਟੀ ਨੇ ਮਾਸਟਰ ਬਲਦੇਵ ਸਿੰਘ 'ਤੇ ਦਾਅ ਖੇਡਿਆ ਹੈ। ਸ੍ਰੀ ਰਣੀਕੇ ਅੰਮ੍ਰਿਤਸਰ ਜ਼ਿਲ੍ਹੇ ਦੀ ਅਟਾਰੀ (ਰਾਖਵੀਂ) ਸੀਟ ਤੋਂ ਚਾਰ ਵਾਰ ਵਿਧਾਇਕ ਰਹੇ ਹਨ।

## 'ਆਪ' ਆਗੂ ਡਾ. ਗੌਸਲ ਵੱਲੋਂ ਮੁਢਲੀ ਮੈਂਬਰਸ਼ਿਪ ਤੋਂ ਵੀ ਅਸਤੀਫਾ

**ਸੰਗਰੂਰ:** ਆਮ ਆਦਮੀ ਪਾਰਟੀ ਦੀ ਫਾਊਂਡਰ ਮੈਂਬਰ ਡਾ. ਅਮਨਦੀਪ ਕੌਰ ਗੌਸਲ ਜਿਨ੍ਹਾਂ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ, ਨੇ ਹੁਣ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇ ਦਿੱਤਾ ਹੈ। ਡਾ. ਗੌਸਲ ਪਾਰਟੀ ਦੇ ਸੂਬਾ ਜਨਰਲ ਸਕੱਤਰ ਦੇ ਨਾਲ-ਨਾਲ ਪਾਰਟੀ ਦੇ ਸਟਾਰ ਪ੍ਰਚਾਰਕ ਵੱਲੋਂ ਕੰਮ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪਾਰਟੀ ਦੀ ਪੰਜਾਬ ਯੂਨਿਟ ਵੱਲੋਂ ਪਾਰਟੀ 'ਚ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਗਏ ਹਨ ਕਿ ਉਨ੍ਹਾਂ ਕੋਲ ਹੁਣ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਤੋਂ ਸਿਵਾਏ ਹੋਰ ਕੋਈ ਰਾਹ ਨਹੀਂ ਬਚਿਆ। ਹੁਣ ਉਹ ਆਪਣੀਆਂ ਸੇਵਾਵਾਂ ਨੂੰ ਕਿਸ ਪਾਰਟੀ ਨੂੰ ਦੇਣਗੀਆਂ ਇਸ ਬਾਰੇ ਉਹ ਜਲਦੀ ਹੀ ਆਪਣੇ ਸਾਥੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਫੈਸਲਾ ਲੈਣਗੇ।

# ਹੇਮਾ ਮਾਲਿਨੀ 'ਤੇ ਜ਼ਾਬਤੇ ਦੀ ਉਲੰਘਣਾ ਦਾ ਕੇਸ ਦਰਜ

**ਮਥੁਰਾ:** ਬਾਲੀਵੁੱਡ ਅਭਿਨੇਤਰੀ ਤੇ ਭਾਜਪਾ ਦੀ ਮਥੁਰਾ ਤੋਂ ਸੰਸਦ ਮੈਂਬਰ ਹੇਮਾ ਮਾਲਿਨੀ 'ਤੇ ਇਕ ਚੋਣ ਸਭਾ ਕਰਵਾਉਣ ਦੇ ਮਾਮਲੇ ਵਿਚ ਜ਼ਾਬਤੇ ਦੀ ਉਲੰਘਣਾ ਦਾ ਕੇਸ ਦਰਜ ਕੀਤਾ ਗਿਆ ਹੈ। ਇਹ ਮਾਮਲਾ ਛਾਤਾ ਤਹਿਸੀਲ ਖੇਤਰ ਦੇ ਚੈਮੂਹਾਂ ਬਲਾਕ ਦੇ ਦਿੱਲੀ ਆਗਰਾ ਕੌਮੀ ਮਾਰਗ 'ਤੇ ਸਥਿਤ ਆਝਈ ਖੁਰਦ ਪਿੰਡ ਵਿਚ ਚੋਣ ਸਭਾ ਕਰਵਾਉਣ ਨਾਲ ਸਬੰਧਤ ਹੈ। ਇਲਾਕੇ ਦੇ ਉਪ ਜ਼ਿਲ੍ਹਾ ਅਧਿਕਾਰੀ ਤੇ ਸਹਾਇਕ ਚੋਣ ਅਧਿਕਾਰੀ ਆਰ.ਡੀ. ਰਾਮ ਨੇ ਆਝਈ ਪਿੰਡ ਦੇ ਸਕੂਲ ਵਿਚ ਬਿਨਾਂ ਮਨਜ਼ੂਰੀ ਚੋਣ ਸਭਾ ਕਰਵਾਉਣ 'ਤੇ ਮਾਲਿਨੀ ਖਿਲਾਫ ਵਰਿੰਦਾਵਨ ਥਾਣੇ ਵਿਚ ਜ਼ਾਬਤੇ ਦੀ ਉਲੰਘਣਾ ਦਾ ਕੇਸ ਦਰਜ ਕੀਤਾ ਹੈ।

ਇਸ ਮਾਮਲੇ ਸਬੰਧੀ ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਭਾਜਪਾ ਉਮੀਦਵਾਰ ਵੱਲੋਂ ਚੋਣ ਸਭਾ ਕਰਵਾਉਣ ਵਾਲੇ ਪੰਕਜ ਸ਼ਰਮਾ ਨੇ ਪਿੰਡ ਵਿਚ ਸਭਾ ਦੀ ਮਨਜ਼ੂਰੀ ਲਈ ਸੀ ਪਰ ਉਸੇ ਦਿਨ ਪਿੰਡ ਵਿਚ ਸਭਾ ਨਾ ਕਰ ਕੇ ਸਕੂਲ ਵਿਚ ਜਮਾਤਾਂ ਲੱਗੀਆਂ ਹੋਣ ਦੌਰਾਨ ਹੀ ਮੰਚ ਅਤੇ ਹੋਰ ਪ੍ਰਬੰਧ ਕਰ ਕੇ ਸਭਾ ਕਰਵਾਈ ਗਈ। ਉਨ੍ਹਾਂ ਕਿਹਾ ਕਿ ਇਹ ਪੂਰੀ ਤਰ੍ਹਾਂ ਜ਼ਾਬਤੇ ਦੀ ਉਲੰਘਣਾ ਸੀ। ਉਨ੍ਹਾਂ ਕਿਹਾ ਕਿ ਜਾਣਕਾਰੀ ਮਿਲਣ ਤੇ ਰਾਸ਼ਟਰੀ ਲੋਕ ਦਲ ਆਗੂ ਤਾਰਾ ਚੰਦਰ ਗੋਸਵਾਮੀ ਦੀ ਸ਼ਿਕਾਇਤ 'ਤੇ ਭਾਜਪਾ ਉਮੀਦਵਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕੀਤਾ ਗਿਆ ਸੀ।

ਜਵਾਬ ਤਸੱਲੀਬਖਸ਼ ਨਾ ਹੋਣ 'ਤੇ ਕੇਸ



ਦਰਜ ਕੀਤਾ ਗਿਆ ਹੈ। ਮਾਮਲੇ ਦੀ ਰਿਪੋਰਟ ਚੋਣ ਕਮਿਸ਼ਨ ਨੂੰ ਭੇਜ ਦਿੱਤੀ ਹੈ। ਵਰਿੰਦਾਵਨ ਥਾਣਾ ਮੁਖੀ ਸੰਜੀਵ ਦੂਬੇ ਮੁਤਾਬਕ ਹੇਮਾ ਮਾਲਿਨੀ ਤੇ ਪੰਕਜ ਸ਼ਰਮਾ ਨੂੰ ਨੋਟਿਸ ਜਾਰੀ ਕੀਤੇ ਗਏ ਸਨ ਤੇ ਤਸੱਲੀ ਨਾ ਹੋਣ 'ਤੇ ਕੇਸ ਦਰਜ ਕਰ ਲਿਆ ਗਿਆ ਹੈ।

## ਪੀ.ਡੀ.ਏ. ਵੱਲੋਂ ਲੁਧਿਆਣਾ ਤੋਂ ਸਿਮਰਜੀਤ ਬੈਂਸ ਮੈਦਾਨ 'ਚ

**ਲੁਧਿਆਣਾ:** ਪੰਜਾਬ ਡੈਮੋਕਰੈਟਿਕ ਅਲਾਇੰਸ ਦੇ ਮੈਂਬਰਾਂ ਨੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਚੋਣ ਮੈਦਾਨ ਵਿਚ ਉਤਾਰ ਦਿੱਤਾ। ਇਸ ਸਬੰਧੀ ਐਲਾਨ ਲੋਕ ਇਨਸਾਫ ਪਾਰਟੀ ਦੇ ਸਰਪ੍ਰਸਤ ਜਥੇਦਾਰ ਬਲਵਿੰਦਰ ਸਿੰਘ ਬੈਂਸ ਨੇ ਕੀਤਾ। ਲੋਕ ਇਨਸਾਫ ਪਾਰਟੀ ਵੱਲੋਂ ਮੁੱਖ ਦਫਤਰ ਕੋਟ ਮੰਗਲ ਸਿੰਘ ਵਿਚ ਪਾਰਟੀ ਦੀ ਸਮੂਹ ਮੈਂਬਰਸ਼ਿਪ ਨੇ ਲੁਧਿਆਣਾ ਤੋਂ ਉਮੀਦਵਾਰ ਦੇ ਨਾਂ ਦਾ ਐਲਾਨ ਕੀਤਾ। ਉਹ ਚੋਣ ਨਿਸ਼ਾਨ 'ਲੈਟਰ ਬਾਕਸ' 'ਤੇ ਚੋਣ ਲੜਨਗੇ। ਪਾਰਟੀ ਮੁਖੀ ਦਾ ਨਾਂ ਐਲਾਨੇ ਜਾਣ ਤੋਂ ਬਾਅਦ ਉਹ ਦਫਤਰ ਤੋਂ ਸਭ ਤੋਂ ਪਹਿਲਾਂ ਆਪਣੀ ਮਾਤਾ ਕੋਲ ਆਸ਼ੀਰਵਾਦ ਲੈਣ ਪੁੱਜੇ ਤੇ ਫਿਰ ਗੁਰਦੁਆਰਾ ਕੋਟ ਮੰਗਲ ਸਿੰਘ ਵਿਖੇ ਚੋਣਾਂ ਵਿਚ ਜਿੱਤ ਪ੍ਰਾਪਤੀ ਦੀ ਅਰਦਾਸ ਕਰਵਾਈ।

# ਕਾਂਗਰਸ ਨੇ ਪੰਜਾਬ ਲਈ ਤਿੰਨ ਹੋਰ ਉਮੀਦਵਾਰ ਐਲਾਨੇ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਨੇ ਪੰਜਾਬ ਦੇ ਤਿੰਨ ਹੋਰ ਲੋਕ ਸਭਾ ਹਲਕਿਆਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਨਾਲ ਐਲਾਨੇ ਗਏ ਉਮੀਦਵਾਰਾਂ ਦੀ ਕੁੱਲ ਗਿਣਤੀ ਨੌਂ ਹੋ ਗਈ ਹੈ। ਜਾਣਕਾਰੀ ਅਨੁਸਾਰ ਫਤਿਹਗੜ੍ਹ ਸਾਹਿਬ ਤੋਂ ਸਾਬਕਾ ਆਈ.ਏ.ਐਸ. ਅਧਿਕਾਰੀ ਡਾ. ਅਮਰ ਸਿੰਘ, ਫਰੀਦਕੋਟ ਤੋਂ ਗਾਇਕ ਮੁਹੰਮਦ ਸਦੀਕ ਅਤੇ ਖਡੂਰ ਸਾਹਿਬ ਤੋਂ ਸੀਨੀਅਰ ਕਾਂਗਰਸ ਆਗੂ ਜਸਬੀਰ ਸਿੰਘ ਡਿੰਪਾ ਨੂੰ ਉਮੀਦਵਾਰ ਐਲਾਨਿਆ ਗਿਆ ਹੈ।



ਫਤਿਹਗੜ੍ਹ ਸਾਹਿਬ ਤੋਂ ਟਿਕਟ ਦੇ ਕਈ ਦਾਅਵੇਦਾਰ ਸਨ ਪਰ ਉਨ੍ਹਾਂ ਸਾਰਿਆਂ ਉਪਰ ਡਾ. ਅਮਰ ਸਿੰਘ ਭਾਰੂ ਪਏ। ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਹੀ ਟਿਕਟ ਦਿੱਤੇ ਜਾਣ ਦਾ ਇਸ਼ਾਰਾ ਮਿਲ ਗਿਆ ਸੀ, ਜਿਸ ਕਰਕੇ ਉਨ੍ਹਾਂ ਨੇ ਹਲਕੇ ਵਿਚ ਵਰਕਰ ਮੀਟਿੰਗਾਂ ਸ਼ੁਰੂ ਕਰਕੇ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਸੀ। ਕਾਂਗਰਸ ਦੀ ਕੇਂਦਰੀ ਚੋਣ ਕਮੇਟੀ ਨੇ ਬਾਕਾਇਦਾ ਉਨ੍ਹਾਂ ਦੇ ਨਾਂ 'ਤੇ ਮੋਹਰ ਲਾ ਦਿੱਤੀ ਹੈ। ਖਡੂਰ ਸਾਹਿਬ ਹਲਕੇ ਤੋਂ ਕਾਂਗਰਸ ਪਾਰਟੀ ਦੀ ਟਿਕਟ ਦੇ ਤਿੰਨ ਤਕੜੇ ਦਾਅਵੇਦਾਰ ਸਨ, ਜਿਨ੍ਹਾਂ ਵਿਚੋਂ ਜਸਬੀਰ ਸਿੰਘ ਡਿੰਪਾ ਟਿਕਟ ਲੈਣ ਵਿਚ ਸਫਲ ਹੋ ਗਏ। ਇਸ ਹਲਕੇ ਤੋਂ ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਨੇ ਟਿਕਟ ਹਾਸਲ ਕਰਨ ਲਈ ਕਾਫੀ ਯਤਨ ਕੀਤੇ ਸਨ। ਇਸ ਹਲਕੇ ਤੋਂ ਦਿਲਚਸਪ ਮੁਕਾਬਲਾ ਹੋਣ ਦੇ ਆਸਾਰ ਹਨ ਕਿਉਂਕਿ ਹਲਕੇ ਤੋਂ ਬੀਬੀ ਜਗੀਰ ਕੌਰ ਅਤੇ ਮਨੁੱਖੀ ਅਧਿਕਾਰ ਕਾਰਕੁਨ ਖਾਲੜਾ ਦੀ ਪਤਨੀ ਚੋਣ ਮੈਦਾਨ ਵਿਚ ਹਨ। ਫਰੀਦਕੋਟ ਲੋਕ ਸਭਾ ਹਲਕੇ ਤੋਂ ਕਾਂਗਰਸ ਲੀਡਰਸ਼ਿਪ ਵਾਲਮੀਕ ਭਾਈਚਾਰੇ ਦੇ ਕਿਸੇ ਆਗੂ ਨੂੰ ਟਿਕਟ ਦੇਣਾ ਚਾਹੁੰਦੀ ਸੀ ਪਰ ਹਲਕੇ ਵਿਚ ਕੋਈ ਵੀ ਕੱਦਾਵਰ ਨੇਤਾ ਨਾ ਹੋਣ ਕਰਕੇ ਪੰਜਾਬੀ ਗਾਇਕ ਮੁਹੰਮਦ ਸਦੀਕ ਨੂੰ ਟਿਕਟ ਦਿੱਤੀ ਗਈ।

## 'ਆਪ' ਨੇ ਪਟਿਆਲਾ ਤੇ ਫਿਰੋਜ਼ਪੁਰ ਤੋਂ ਉਮੀਦਵਾਰ ਐਲਾਨੇ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਨੇ ਲੋਕ ਸਭਾ ਹਲਕਾ ਪਟਿਆਲਾ ਅਤੇ ਫਿਰੋਜ਼ਪੁਰ ਤੋਂ ਪਾਰਟੀ ਦੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਨੀਨਾ ਮਿੱਤਲ ਨੂੰ ਪਟਿਆਲਾ ਅਤੇ ਹਰਜਿੰਦਰ ਸਿੰਘ ਕਾਕਾ ਸਰਾਂ ਨੂੰ ਫਿਰੋਜ਼ਪੁਰ ਤੋਂ ਲੋਕ ਸਭਾ ਉਮੀਦਵਾਰ ਬਣਾਇਆ ਗਿਆ ਹੈ। ਰਾਜਪੁਰਾ ਨਾਲ ਸਬੰਧਤ ਨੀਨਾ ਮਿੱਤਲ ਪਾਰਟੀ ਦੇ ਟਰੇਡ ਵਿੰਗ ਪੰਜਾਬ ਦੀ ਪ੍ਰਧਾਨ ਹੈ। ਨੀਨਾ ਮਿੱਤਲ (47) ਇਕ ਸਫਲ ਕਾਰੋਬਾਰੀ ਔਰਤ ਹੋਣ ਦੇ ਨਾਲ ਸਮਾਜ ਸੇਵਕਾ ਵਜੋਂ ਵੀ ਸਰਗਰਮ ਹੈ। ਪਾਰਟੀ ਦੇ ਪੁਰਾਣੇ ਵਾਲੰਟੀਅਰ ਹਰਜਿੰਦਰ ਸਿੰਘ ਕਾਕਾ ਸਰਾਂ (48) ਫਿਰੋਜ਼ਪੁਰ ਦੇ ਤਲਵੰਡੀ ਭਾਈ ਦੇ ਕਿਸਾਨ ਪਰਿਵਾਰ ਨਾਲ ਸਬੰਧਤ ਹਨ।ਸ

# ਅਕਾਲ ਤਖਤ ਵੱਲੋਂ 'ਸਿੱਖ ਹੈਰੀਟੇਜ ਕਮਿਸ਼ਨ' ਬਣਾਉਣ ਦਾ ਫੈਸਲਾ

**ਅੰਮ੍ਰਿਤਸਰ:** ਇਤਿਹਾਸਕ ਤੇ ਪੁਰਾਤਨ ਸਿੱਖ ਇਮਾਰਤਾਂ ਦੀ ਸਾਂਭ-ਸੰਭਾਲ ਵਾਸਤੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 'ਸਿੱਖ ਹੈਰੀਟੇਜ ਕਮਿਸ਼ਨ' ਬਣਾਉਣ ਦਾ ਐਲਾਨ ਕੀਤਾ ਹੈ, ਜੋ ਦੇਸ਼-ਵਿਦੇਸ਼ਾਂ ਵਿਚ 60-70 ਸਾਲ ਤੋਂ ਵਧੇਰੇ ਪੁਰਾਣੀਆਂ ਤੇ ਇਤਿਹਾਸਕ ਇਮਾਰਤਾਂ ਦੀ ਸਾਂਭ-ਸੰਭਾਲ ਲਈ ਜ਼ਿੰਮੇਵਾਰ ਹੋਵੇਗਾ। ਇਹ ਫੈਸਲਾ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਮੰਗ 'ਤੇ ਲਿਆ ਗਿਆ ਹੈ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਤਰਨ ਤਾਰਨ ਸਥਿਤ ਦਰਬਾਰ ਸਾਹਿਬ ਦੀ ਇਤਿਹਾਸਕ ਦਰਸ਼ਨੀ ਡਿਉਢੀ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਏ ਜਾਣ ਦਾ ਸਿੱਖ ਸੰਗਤ ਨੇ ਸਖਤ ਵਿਰੋਧ ਕੀਤਾ ਸੀ, ਜਿਸ ਦੀ ਜਾਂਚ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਈ ਗਈ। ਜਾਂਚ ਕਮੇਟੀ ਦੀ ਸਿਫਾਰਸ਼ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਕਾਨੂੰਨੀ ਕਾਰਵਾਈ ਨੂੰ ਵੀ ਹਰੀ ਝੰਡੀ ਦਿੱਤੀ ਗਈ ਹੈ।

ਇਸੇ ਘਟਨਾਕ੍ਰਮ ਤੋਂ ਬਾਅਦ ਅਕਾਲ ਤਖਤ ਦੇ ਜਥੇਦਾਰ ਨੇ ਸਿੱਖ ਹੈਰੀਟੇਜ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਤਿੰਨ ਵੱਖੋ-ਵੱਖਰੇ ਵਫਦ ਅਕਾਲ ਤਖਤ ਦੇ ਜਥੇਦਾਰ ਨੂੰ ਮਿਲੇ ਅਤੇ ਮੰਗ ਪੱਤਰ ਸੌਂਪੇ। ਇਨ੍ਹਾਂ ਵਫਦਾਂ ਦੀ ਅਗਵਾਈ ਉਘੇ ਵਕੀਲ ਐਚ.ਐਸ. ਫੂਲਕਾ, ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਮੁਖੀ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸਿੱਖ ਜਥੇਬੰਦੀਆਂ ਦਾ ਗੁੱਟ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨ ਦੇ ਆਗੂ ਪਰਮਪਾਲ ਸਿੰਘ ਸਭਰਾ ਅਤੇ ਮੁਖਦੇਵ ਸਿੰਘ ਫਗਵਾੜਾ ਨੇ ਕੀਤੀ।



ਅਕਾਲ ਤਖਤ ਦੇ ਜਥੇਦਾਰ ਨੇ ਆਖਿਆ ਕਿ ਜਲਦੀ ਹੀ ਸਿੱਖ ਹੈਰੀਟੇਜ ਕਮਿਸ਼ਨ ਕਾਇਮ ਕੀਤਾ ਜਾਵੇਗਾ, ਜਿਸ ਵਿਚ ਦੋ ਇਤਿਹਾਸਕਾਰ, ਦੋ ਭਵਨ ਨਿਰਮਾਣਕਾਰ ਅਤੇ ਦੋ ਹੋਰ ਮਾਹਿਰ ਸ਼ਾਮਲ ਹੋਣਗੇ। 60 ਤੋਂ 70 ਸਾਲ ਤੱਕ ਪੁਰਾਣੀਆਂ ਤੇ ਇਤਿਹਾਸਕ ਇਮਾਰਤਾਂ ਦੀ ਸਾਂਭ-ਸੰਭਾਲ ਅਤੇ ਮੁਰੰਮਤ ਦੇ ਮਾਮਲੇ ਵਿਚ ਸਿੱਖ ਹੈਰੀਟੇਜ ਕਮਿਸ਼ਨ ਕੋਲੋਂ ਅਗਾਊਂ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ। ਇਹ ਕਮਿਸ਼ਨ ਦੇਸ਼-ਵਿਦੇਸ਼ਾਂ ਵਿਚ ਗੁਰਦੁਆਰਿਆਂ ਦੀਆਂ ਇਮਾਰਤਾਂ ਦੇ ਰੱਖ-ਰਖਾਅ ਦੀ ਨਿਗਰਾਨੀ ਕਰੇਗਾ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਵਿਰਾਸਤੀ ਕਮੇਟੀ ਬਣਾਈ ਗਈ ਹੈ, ਜਿਸ ਬਾਰੇ ਜਥੇਦਾਰ ਨੇ ਆਖਿਆ ਕਿ ਸਿੱਖ ਹੈਰੀਟੇਜ ਕਮਿਸ਼ਨ ਵੱਖਰਾ ਹੋਵੇਗਾ ਅਤੇ ਇਹ ਅਕਾਲ ਤਖਤ ਅਧੀਨ ਕੰਮ ਕਰੇਗਾ। ਇਹ ਸੰਗਤ ਦੀ ਮੰਗ 'ਤੇ ਬਣਾਇਆ ਗਿਆ ਹੈ।

ਤਰਨ ਤਾਰਨ ਦੇ ਗੁਰਦੁਆਰੇ ਦੀ ਦਰਸ਼ਨੀ ਡਿਉਢੀ ਮਾਮਲੇ ਵਿਚ ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਜਾਂਚ ਕਮੇਟੀ ਦੀ ਰਿਪੋਰਟ ਅਕਾਲ ਤਖਤ ਵਿਖੇ ਪੁੱਜ ਗਈ ਹੈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਕੁਝ ਕਰਮਚਾਰੀਆਂ ਦੀ ਸ਼ਮੂਲੀਅਤ ਵੀ ਸਾਹਮਣੇ ਆਈ ਹੈ ਅਤੇ ਉਨ੍ਹਾਂ ਖਿਲਾਫ ਵੀ ਕਾਰਵਾਈ ਹੋਵੇਗੀ।


Document Preparation for



- Wills & Trusts ਵਸੀਅਤਨਾਮੇ
- Divorce ਤਲਾਕ
- Pre & Post Nuptial ਹਰ ਤਰ੍ਹਾਂ ਦੇ ਇਕਰਾਰਨਾਮੇ
- Affidavits ਐਫੀਡੇਵਿਟ
- Grant Deeds ਗਰਾਂਟ ਡੀਡ
- Notary ਨੋਟਰੀ

Call Sarvinder

Ph: 510-648-5554

dolly@worryfreelegaldocs.com; www.worryfreelegaldocs.com

35672 Terrace Drive, Fremont, CA 94536

Registered and bonded LDA# 154, Alameda County.

I am not an attorney. I can only provide self help services at your specific direction.



US Business Brokers Inc.

American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032


Financing - Loans

ਬਿਜਨਸ ਵੇਚਣ/ਖਰੀਦਣ ਤੇ ਫਾਇਨਾਂਸ ਕਰਵਾਉਣ ਲਈ

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...






Contact us for any Financing Need Nationwide.

- FAST APPROVAL
- QUICK CLOSINGS • SBA 504 & 7A
- CONVENTIONAL LOANS
- HOTELS, MOTELS
- GAS STATIONS, TRUCK STOPS
- INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

Contact us Buy or Sell business

AJ Sandhu (MBA)

Managing Broker/Realtor/Consultant
Licensed in IL, IN, WA


916-995-0783 (Cell)
425-529-6283 (Cell)
630-206-2467 (Fax)
www.ubbchicago.com
aj@ubbchicago.com



Homeopathicvibes

Harminder Singh Gill

Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)

Now we have two locations:

940 E. El Camino Real, Sunnyvale, CA 94087
www.homeopathicvibes.com

Ph: (408) 737-7100

Fax: (408)737-7102
39210 State St., Suite 111, Fremont, CA 94538

We sell and ship homeopathic remedies through out North America.



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਡੇਰਾ ਪ੍ਰੇਮੀਆਂ ਦੀਆਂ ਵੋਟਾਂ ਤੋਂ ਤ੍ਰਹਿਣ ਲੱਗੀਆਂ ਸਿਆਸੀ ਧਿਰਾਂ

**ਸੰਗਰੂਰ:** ਤਕਰੀਬਨ ਡੇਢ ਵਰ੍ਹੇ ਪਹਿਲਾਂ 25 ਅਗਸਤ 2017 ਨੂੰ ਸੀ.ਬੀ.ਆਈ. ਦੀ ਪੰਚਕੂਲਾ ਵਿਸ਼ੇਸ਼ ਅਦਾਲਤ ਵੱਲੋਂ ਵੱਖ-ਵੱਖ ਕੇਸਾਂ 'ਚ ਦੋਸ਼ੀ ਐਲਾਨੇ ਡੇਰਾ ਸਿਰਸਾ ਮੁਖੀ ਦੀ ਗ੍ਰਿਫਤਾਰੀ ਤੋਂ ਪਹਿਲਾਂ ਤੱਕ ਪੰਜਾਬ, ਹਰਿਆਣਾ ਤੇ ਰਾਜਸਥਾਨ ਸਮੇਤ ਕਈ ਰਾਜਾਂ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਵਾਲੇ ਡੇਰਾ ਪ੍ਰੇਮੀ ਐਤਕੀਂ ਕਿਸੇ ਵੀ ਸਿਆਸੀ ਪਾਰਟੀ ਦੇ ਚੋਣ ਏਜੰਡੇ 'ਤੇ ਵਿਖਾਈ ਨਹੀਂ ਦੇ ਰਹੇ।

ਪੰਚਕੂਲਾ ਕਾਂਡ ਤੋਂ ਪਹਿਲਾਂ ਤੱਕ ਇਨ੍ਹਾਂ ਰਾਜਾਂ ਦੀ ਰਾਜਨੀਤੀ ਨੂੰ ਆਪਣੀ ਮੁੱਠੀ 'ਚ ਸਮਝਣ ਵਾਲੇ ਡੇਰਾ ਪ੍ਰੇਮੀਆਂ ਦਾ ਐਤਕੀਂ ਲੋਕ ਸਭਾ ਚੋਣਾਂ 'ਚ ਮਨ ਬੁਝਿਆ-ਬੁਝਿਆ ਜਾਪ ਰਿਹਾ ਹੈ। ਇਹ ਪਹਿਲਾ ਮੌਕਾ ਹੈ ਜਦੋਂ ਬਹੁਤੀਆਂ ਸਿਆਸੀ ਪਾਰਟੀਆਂ ਵੋਟਾਂ ਲਈ ਡੇਰੇ ਤੱਕ ਪਹੁੰਚ ਕਰਨ ਤੋਂ ਸਾਫ ਇਨਕਾਰ ਕਰ ਚੁੱਕੀਆਂ ਹਨ। ਜਾਣਕਾਰੀ ਮੁਤਾਬਕ ਡੇਰਾ ਪ੍ਰੇਮੀ ਪੰਚਕੂਲਾ ਹਿੰਸਾ ਮਾਮਲੇ ਕਾਰਨ ਜਿਥੇ ਹਰਿਆਣਾ ਦੀ ਭਾਜਪਾ ਸਰਕਾਰ ਤੋਂ ਡਾਢੇ ਖਫਾ ਵਿਖਾਈ ਦੇ ਰਹੇ ਹਨ, ਉਥੇ ਪੰਜਾਬ 'ਚ ਬੇਅਦਬੀ ਕਾਂਡ ਦੀ ਪੜਤਾਲ ਕਰ ਰਹੀ ਐਸ.ਆਈ.ਟੀ. ਵੱਲੋਂ ਬੇਅਦਬੀ ਕਾਂਡ ਦੀਆਂ ਤਾਰਾਂ ਡੇਰੇ ਨਾਲ ਜੋੜਨ ਦੇ ਦਿੱਤੇ ਜਾ ਰਹੇ ਸੰਕੇਤਾਂ ਕਾਰਨ ਪ੍ਰੇਮੀਆਂ ਦਾ ਕੈਪਟਨ ਸਰਕਾਰ ਤੋਂ ਵੀ ਮੋਹ ਭੰਗ ਹੁੰਦਾ ਜਾਪ ਰਿਹਾ ਹੈ। ਸੂਤਰਾਂ ਮੁਤਾਬਕ ਡੇਰਾ ਮੁਖੀ ਦੀ ਗ੍ਰਿਫਤਾਰੀ ਤੋਂ ਬਾਅਦ ਭਾਵੇਂ ਡੇਰੇ ਦੇ ਸ਼ਰਧਾਲੂਆਂ ਦੀ ਗਿਣਤੀ 'ਚ ਭਾਰੀ ਗਿਰਾਵਟ ਆਈ ਹੈ ਅਤੇ ਡੇਰੇ ਨਾਲ ਨਵੇਂ ਸ਼ਰਧਾਲੂ ਵੀ ਨਹੀਂ ਜੁੜ ਰਹੇ ਹਨ ਪਰ ਫਿਰ ਵੀ ਪੰਜਾਬ ਦੇ ਕਰੀਬ 13 ਜ਼ਿਲ੍ਹਿਆਂ ਅੰਦਰ 35 ਲੱਖ ਤੋਂ ਵੱਧ ਡੇਰਾ ਪ੍ਰੇਮੀ ਹਾਲੇ ਵੀ ਡੇਰੇ ਦੇ ਇਸ਼ਾਰੇ 'ਤੇ ਮਾਲਵੇ ਦੀਆਂ ਸੱਤ ਲੋਕ ਸਭਾ ਸੀਟਾਂ ਫਰੀਦਕੋਟ, ਫਿਰੋਜ਼ਪੁਰ, ਬਠਿੰਡਾ, ਸੰਗਰੂਰ, ਲੁਧਿਆਣਾ, ਫਤਹਿਗੜ੍ਹ ਸਾਹਿਬ ਤੇ ਪਟਿਆਲਾ ਦੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੇ ਹਨ।

ਉਧਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਦੌਰਾਨ ਡੇਰਾ ਮੁਖੀ ਤੋਂ ਪੁੱਛ ਪੜਤਾਲ ਕਰਨ ਲਈ ਰੋਹਤਕ ਦੀ ਸੁਨਾਰੀਆ ਜੇਲ੍ਹ ਪਹੁੰਚੀ ਐਸ.ਆਈ.ਟੀ. ਨੂੰ ਜੇਲ੍ਹ ਅਧਿਕਾਰੀਆਂ ਵੱਲੋਂ ਮੁਲਾਕਾਤ ਕਰਨ ਦੀ ਇਜਾਜ਼ਤ ਨਾ ਦੇਣ ਨੂੰ ਵੀ ਸਿਆਸੀ ਨੁਕਤਾ ਨਜ਼ਰ ਨਾਲ ਵੇਖਿਆ ਜਾ ਰਿਹਾ ਹੈ। ਸਮਝਿਆ ਜਾ ਰਿਹਾ ਹੈ ਕਿ ਹਰਿਆਣਾ ਦੀ ਭਾਜਪਾ ਸਰਕਾਰ ਲੋਕ ਸਭਾ ਚੋਣਾਂ ਤੱਕ ਐਸ.ਆਈ.ਟੀ. ਅਧਿਕਾਰੀਆਂ ਦੀ ਡੇਰਾ ਮੁਖੀ ਨਾਲ ਪੜਤਾਲੀਆ ਮੁਲਾਕਾਤ ਨੂੰ ਟਾਲ ਸਕਦੀ ਹੈ ਤਾਂ ਜੋ ਲੋਕ ਸਭਾ ਚੋਣਾਂ 'ਚ ਡੇਰੇ ਦੇ ਗੁੱਸੇ ਨੂੰ ਘਟਾਇਆ ਜਾ ਸਕੇ। ਜਾਣਕਾਰੀ ਮੁਤਾਬਕ ਐਸ.ਆਈ.ਟੀ. ਨੇ ਡੇਰਾ ਮੁਖੀ ਤੋਂ ਪੜਤਾਲ ਕਰਨ ਲਈ ਫਰੀਦਕੋਟ ਦੇ ਇਲਾਕਾ ਮੈਜਿਸਟ੍ਰੇਟ ਏਕਤਾ ਉਪਲ ਤੋਂ 20 ਮਾਰਚ ਨੂੰ ਬਾਕਾਇਦਾ ਲੋੜੀਂਦੀ ਪ੍ਰਵਾਨਗੀ ਹਾਸਲ ਕਰ ਲਈ ਸੀ ਅਤੇ ਜਾਂਚ ਟੀਮ ਨੇ ਪੜਤਾਲ ਲਈ ਪੰਜਾਬ ਸਰਕਾਰ ਰਾਹੀਂ ਹਰਿਆਣਾ ਸਰਕਾਰ ਦੇ ਜੇਲ੍ਹ ਵਿਭਾਗ ਨਾਲ 22 ਮਾਰਚ ਤੋਂ ਰਾਬਤਾ ਬਣਾਇਆ ਹੋਇਆ ਸੀ ਪਰ ਜੇਲ੍ਹ ਅਧਿਕਾਰੀਆਂ ਨੇ ਡੇਰਾ ਮੁਖੀ ਨਾਲ ਮੁਲਾਕਾਤ ਕਰਵਾਉਣ ਤੋਂ ਸਾਫ ਇਨਕਾਰ ਕਰਦਿਆਂ ਜਾਂਚ ਟੀਮ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਪ੍ਰਵਾਨਗੀ ਲਿਆਉਣ ਲਈ ਆਖ ਕੇ ਬੇਰੰਗ ਮੋੜ ਦਿੱਤਾ। ਸੂਤਰਾਂ ਮੁਤਾਬਕ ਵੱਖ ਵੱਖ ਸਿਆਸੀ ਪਾਰਟੀਆਂ ਦੀਆਂ ਲੋਕ ਸਭਾ ਚੋਣਾਂ ਦੀ ਮਾਈਕਰੋ ਮੈਨੇਜਮੈਂਟ 'ਚ ਲੱਗੀਆਂ ਟੀਮਾਂ ਬੇਸ਼ੱਕ ਪ੍ਰਤੱਖ ਤੌਰ 'ਤੇ ਡੇਰੇ ਦਾ ਨਾਂ ਤੱਕ ਲੈਣ ਤੋਂ ਵੀ ਟਾਲਾ ਵੱਟ ਰਹੀਆਂ ਹਨ ਪਰ ਉਹ ਡੇਰੇ ਦੇ ਬੱਝਵੇਂ ਵੋਟ ਬੈਂਕ ਨੂੰ ਕਿਸੇ ਵੀ ਕੀਮਤ 'ਤੇ ਛੱਡਣਾ ਵੀ ਨਹੀਂ ਚਾਹੁੰਦੀਆਂ।

## ਡੇਰਾ ਸਿਰਸਾ ਵੱਲੋਂ ਪੈਰੋਕਾਰਾਂ ਦੀ ਸਿਆਸੀ ਨਬਜ਼ ਟੋਹਣੀ ਸ਼ੁਰੂ

**ਬਠਿੰਡਾ:** ਡੇਰਾ ਸਿਰਸਾ ਨੇ ਲੋਕ ਸਭਾ ਚੋਣਾਂ ਮੌਕੇ ਪੈਰੋਕਾਰਾਂ ਦੀ ਨਬਜ਼ ਟੋਹਣੀ ਸ਼ੁਰੂ ਕਰ ਦਿੱਤੀ ਹੈ। ਡੇਰਾ ਮੁਖੀ ਦੇ ਰੋਹਤਕ ਜੇਲ੍ਹ ਜਾਣ ਮਗਰੋਂ ਡੇਰਾ ਆਗੂ ਹੁਣ ਪੈਰੋਕਾਰਾਂ ਦਾ ਸਿਆਸੀ ਰੌਂਅ ਜਾਣਨ ਦੇ ਰਾਹ ਤੁਰੇ ਹਨ। ਡੇਰੇ ਵੱਲੋਂ ਸਿਆਸੀ ਤੌਰ 'ਤੇ ਨਵਾਂ ਫੈਸਲਾ ਲਿਆ ਜਾਣਾ ਹੈ ਤੇ ਨਾਲ ਹੀ ਡੇਰਾ ਆਗੂ ਹੁਣ ਆਪਣਾ ਸਿਆਸੀ ਵਜ਼ਨ ਵੀ ਮਾਪਣਗੇ। ਡੇਰਾ ਸਿਰਸਾ ਦਾ ਆਧਾਰ ਪਹਿਲਾਂ ਹਰਿਆਣਾ ਦੇ ਨਾਲ ਲੱਗਦੇ ਜ਼ਿਲ੍ਹਿਆਂ ਵਿਚ ਰਿਹਾ ਹੈ ਜਿਸ ਨੂੰ ਵੱਡੀ ਸੱਟ ਡੇਰਾ ਮੁਖੀ ਨੂੰ ਸਜ਼ਾ ਹੋਣ ਮਗਰੋਂ ਵੱਜੀ ਹੈ। ਡੇਰਾ ਸਿਰਸਾ ਹੁਣ ਰੂਹਾਨੀ ਸਥਾਪਨਾ ਮਹੀਨਾ ਮਨਾ ਰਿਹਾ ਹੈ। ਵੇਰਵਿਆਂ ਅਨੁਸਾਰ ਡੇਰਾ ਸਿਰਸਾ ਨੇ ਰੂਹਾਨੀ ਸਥਾਪਨਾ ਮਹੀਨਾ ਮਨਾਉਣ ਦੇ ਬਹਾਨੇ ਸਿਆਸੀ ਪਕੜ ਵੇਖਣੀ ਸ਼ੁਰੂ ਕੀਤੀ ਹੈ। ਆਖਿਆ ਇਹੋ ਜਾ ਰਿਹਾ ਹੈ ਕਿ ਇਸ ਮਹੀਨੇ ਵਿਚ ਮਾਨਵਤਾ ਦੀ ਭਲਾਈ ਜਿਵੇਂ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਤੇ ਕਿਤਾਬਾਂ ਕਾਪੀਆਂ ਦੀ ਵੰਡ ਕੀਤੀ ਜਾਣੀ ਹੈ।

## ਸ਼ਿਸ਼ਟਾਚਾਰ ਦੇ ਨਾਤੇ ਗਏ ਸੀ ਡੇਰਾ ਬਿਆਸ: ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਡੇਰਾ ਬਿਆਸ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਬੀਬੀ ਆਸ਼ਾ ਕੁਮਾਰੀ ਸ਼ਿਸ਼ਟਾਚਾਰ ਦੇ ਨਾਤੇ ਗਏ ਸਨ। ਉਨ੍ਹਾਂ ਬਿਨਾਂ ਕਿਸੇ ਡੇਰੇ ਦਾ ਨਾਂ ਲਏ ਕਿਹਾ ਕਿ ਇਕ ਸੌਦ ਖ਼ਰਾਬ ਨਿਕਲ ਗਿਆ ਹੈ ਪਰ ਬਾਕੀ ਅਜਿਹੇ ਨਹੀਂ ਹਨ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਨਾਲ ਉਨ੍ਹਾਂ ਦੀ ਇਹ ਸ਼ਿਸ਼ਟਾਚਾਰ ਨਾਤੇ ਭੇਟ ਸੀ। ਉਨ੍ਹਾਂ ਇਸ ਮੌਕੇ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਪੰਥ 'ਚੋਂ ਛੇਕਿਆ ਗਿਆ ਸੀ, ਵੋਟ ਅਤੇ ਨੋਟ ਲੈਣ ਵਾਲਿਆਂ ਨੂੰ ਪੰਥ ਤੋਂ ਬਾਹਰ ਕੀਤਾ ਜਾਣਾ ਚਾਹੀਦਾ ਸੀ ਪਰ ਅੱਜ ਤੱਕ ਅਜਿਹੇ ਆਗੂਆਂ 'ਤੇ ਕੋਈ ਕਾਰਵਾਈ ਨਹੀਂ ਹੋਈ ਹੈ।

# ਰਵਾਇਤੀ ਧਿਰਾਂ ਨੂੰ ਠਿੱਬੀ ਲਾਉਣ ਲਈ ਪੰਜਾਬ ਵਿਚ 'ਮਹਾਂਗੱਠਜੋੜ' ਲਈ ਮੁੜ ਸਰਗਰਮੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦਾ ਮੈਦਾਨ ਜਿਉਂ-ਜਿਉਂ ਭਖਦਾ ਜਾ ਰਿਹਾ ਹੈ, ਸਿਆਸੀ ਪਾਰਟੀਆਂ ਨੂੰ ਹਾਲਾਤ ਸਮਝ ਆਉਣੇ ਸ਼ੁਰੂ ਹੋ ਗਏ ਹਨ। ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਟੱਕਰ ਦੇਣ ਦੀ ਕੋਸ਼ਿਸ਼ ਵਿਚ ਜੁਟੀਆਂ ਪਾਰਟੀਆਂ



ਨੂੰ ਲੱਗਣ ਲੱਗਾ ਹੈ ਕਿ ਇਕਜੁਟ ਹੋਏ ਬਿਨਾਂ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਣਾ। ਇਸ ਲਈ ਇਕ ਵਾਰ ਫਿਰ ਏਕੇ ਦੀਆਂ ਸੁਰਾਂ ਉੱਭਰਨ ਲੱਗੀਆਂ ਹਨ।

ਸੂਤਰਾਂ ਮੁਤਾਬਕ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬ) ਤੇ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਬਾਕੀ ਸਾਰੀਆਂ ਵਿਰੋਧੀ ਧਿਰਾਂ ਨੂੰ ਇਕ ਪਲੇਟਫਾਰਮ ਉਪਰ ਲਿਆਉਣ ਦੇ ਯਤਨ ਸ਼ੁਰੂ ਹੋਏ ਹਨ। ਇਸ ਲਈ ਪੰਜਾਬ ਏਕਤਾ ਪਾਰਟੀ (ਪੀ.ਈ.ਪੀ.) ਦੇ ਐਡਹਾਕ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਮੈਦਾਨ ਵਿਚ ਉਤਾਰੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਸਾਰੀਆਂ ਵਿਰੋਧੀ ਧਿਰਾਂ ਦਾ ਸਾਂਝਾ ਉਮੀਦਵਾਰ ਐਲਾਨਣ ਦੀ ਸਹਿਮਤੀ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਕਾਬਲੇਗੌਰ ਹੈ ਕਿ ਇਸ ਵੇਲੇ ਇਕ ਪਾਸੇ ਬਹੁਜਨ ਸਮਾਜ ਪਾਰਟੀ (ਬਸਪਾ), ਸੀ.ਪੀ.ਆਈ., ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਖਹਿਰਾ ਦੀ ਪੀ.ਈ.ਪੀ., ਡਾ. ਧਰਮਵੀਰ ਗਾਂਧੀ ਦੀ ਨਵਾਂ ਪੰਜਾਬ ਪਾਰਟੀ ਤੇ ਮੰਗਤ ਰਾਮ ਪਾਸਲਾ ਦੀ ਆਰ.ਐਮ.ਪੀ.ਆਈ. ਵੱਲੋਂ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਦੇ ਬੈਨਰ ਹੇਠ ਸਾਂਝੇ ਤੌਰ 'ਤੇ ਚੋਣ ਲੜੀ ਜਾ ਰਹੀ ਹੈ।

ਦੂਜੇ ਪਾਸੇ ਆਮ ਆਦਮੀ ਪਾਰਟੀ (ਆਪ), ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਤੇ ਸੀ.ਪੀ.ਆਈ. (ਐਮ) ਵੱਲੋਂ ਵੱਖੋ-ਵੱਖਰੇ ਤੌਰ 'ਤੇ ਚੋਣ ਲੜੀ ਜਾ ਰਹੀ ਹੈ। ਇਸ ਤਰ੍ਹਾਂ ਮੁਕੰਮਲ ਰੂਪ ਵਿਚ ਤੀਜਾ ਫਰੰਟ ਨਾ ਉਸਰਨ ਕਾਰਨ ਸਾਫ ਹੋ ਗਿਆ ਹੈ ਕਿ ਇਨ੍ਹਾਂ ਚੋਣਾਂ ਵਿਚ ਵੀ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਭਾਜਪਾ ਦਾ ਮੁਕਾਬਲਾ ਕਰਨ ਵਾਲੀ ਤੀਸਰੀ ਧਿਰ ਨਹੀਂ ਉਸਰ ਸਕੀ। ਹੁਣ 'ਆਪ' ਤੋਂ ਅਸਤੀਫਾ ਦੇ ਚੁੱਕੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਸਾਰੀਆਂ ਵਿਰੋਧੀ ਧਿਰਾਂ ਨੂੰ ਇਕੱਠੇ ਕਰਨ ਦਾ ਬੀੜਾ ਚੁੱਕਿਆ ਹੈ। ਉਨ੍ਹਾਂ ਵੱਲੋਂ ਇਸ ਦੀ ਸ਼ੁਰੂਆਤ ਖਡੂਰ ਸਾਹਿਬ ਹਲਕੇ ਤੋਂ ਕੀਤੀ ਗਈ ਹੈ।

ਫੂਲਕਾ ਦਾ ਕਹਿਣਾ ਹੈ ਕਿ ਉਹ ਸਾਰੀਆਂ ਵਿਰੋਧੀ ਧਿਰਾਂ ਨੂੰ ਇਕਜੁਟ ਕਰਨ ਦਾ ਮੁੱਢ ਖਡੂਰ ਸਾਹਿਬ ਹਲਕੇ ਤੋਂ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਸਾਰੀਆਂ ਧਿਰਾਂ ਦੀ ਸਾਂਝੀ ਉਮੀਦਵਾਰ ਬਣਾਉਣ ਤੋਂ ਬੰਨ੍ਹ ਰਹੇ ਹਨ। ਫੂਲਕਾ ਨੇ ਦੱਸਿਆ ਕਿ ਬੀਬੀ ਖਾਲੜਾ ਦੇ ਪਤੀ ਜਸਵੰਤ ਸਿੰਘ ਖਾਲੜਾ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੁਰਬਾਨੀ ਦਿੱਤੀ ਹੈ। ਉਨ੍ਹਾਂ ਤੋਂ ਬਾਅਦ ਵੀ ਬੀਬੀ ਖਾਲੜਾ ਇਸ ਮਿਸ਼ਨ ਨੂੰ ਅੱਗੇ ਵਧਾ ਰਹੀ ਹੈ। ਉਨ੍ਹਾਂ ਦੱਸਿਆ ਕਿ ਖਡੂਰ ਸਾਹਿਬ ਤੋਂ ਬੀਬੀ ਖਾਲੜਾ ਨੂੰ ਸਾਰੀਆਂ ਵਿਰੋਧੀ ਪਾਰਟੀਆਂ ਦਾ ਸਾਂਝਾ ਉਮੀਦਵਾਰ ਮੰਨਣ ਲਈ ਉਨ੍ਹਾਂ ਨੇ 'ਆਪ' ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨਾਲ ਸੰਪਰਕ ਕੀਤਾ ਹੈ ਤੇ ਹਾਂ ਪੱਖੀ ਗੱਲ ਹੋਈ ਹੈ। ਚੀਮਾ ਨੇ ਕਿਹਾ ਹੈ ਕਿ ਜੇ ਬੀਬੀ ਖਾਲੜਾ ਨੂੰ ਖਹਿਰਾ ਦੀ ਪਾਰਟੀ ਦੀ ਥਾਂ ਸਾਂਝੇ ਉਮੀਦਵਾਰ ਵਜੋਂ ਲੜਾਉਣ ਦਾ ਫੈਸਲਾ ਹੋ ਸਕਦਾ ਹੈ ਤਾਂ ਉਨ੍ਹਾਂ ਦੀ ਪਾਰਟੀ ਬੀਬੀ ਨੂੰ ਹਮਾਇਤ ਦੇਣ ਬਾਰੇ ਸੋਚ ਸਕਦੀ ਹੈ।

ਫੂਲਕਾ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਬਾਬਤ ਅਕਾਲੀ ਦਲ (ਟਕਸਾਲੀ) ਦੇ ਸਕੱਤਰ ਜਨਰਲ ਸੇਵਾ ਸਿੰਘ ਸੇਖਵਾਂ ਤੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਆਪਣੇ ਉਮੀਦਵਾਰ ਜਨਰਲ ਜੇਜੇ ਸਿੰਘ ਨੂੰ ਵਾਪਸ ਲੈ ਕੇ ਬੀਬੀ ਖਾਲੜਾ ਦੀ ਮਦਦ ਕਰਨ ਲਈ ਕਿਹਾ ਹੈ ਤੇ ਉਨ੍ਹਾਂ ਦਾ ਹੁੰਗਾਰਾ ਵੀ ਹਾਂ-ਪੱਖੀ ਹੈ। ਉਹ ਇਸ ਸਬੰਧੀ ਜੇਜੇ ਸਿੰਘ ਨੂੰ ਵੀ ਮਿਲੇ ਹਨ ਤੇ ਉਨ੍ਹਾਂ ਨੂੰ ਵੀ ਆਪਣਾ ਨਾਮ ਵਾਪਸ ਲੈਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਨੇ ਖਹਿਰਾ ਨਾਲ ਵੀ ਇਸ ਬਾਬਤ ਗੱਲ ਕੀਤੀ ਹੈ।

# ਸਿੱਧੂ ਵੱਲੋਂ ਕਾਂਗਰਸ ਦੇ ਚੋਣ ਪ੍ਰਚਾਰ ਕਰਨ ਲਈ ਕਮਰ ਕੱਸੇ

**ਨਵੀਂ ਦਿੱਲੀ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਕੇ ਗਿਲੇ-ਸ਼ਿਕਵੇ ਦੂਰ ਕੀਤੇ ਅਤੇ ਕਾਂਗਰਸ ਲਈ ਚੋਣ ਪ੍ਰਚਾਰ ਕਰਨ ਲਈ ਕਮਰ ਕੱਸ ਲਈ। ਉਹ 40 ਦਿਨ ਪ੍ਰਚਾਰ ਮੁਹਿੰਮ ਨਾਲ ਜੁੜੇ ਰਹਿਣਗੇ।

ਸ੍ਰੀ ਸਿੱਧੂ ਵੱਲੋਂ ਦਿੱਲੀ ਵਿਚ ਰਾਹੁਲ ਗਾਂਧੀ ਨਾਲ ਖੁਸ਼ਨੁਮਾ ਮਾਹੌਲ ਵਿਚ ਮੁਲਾਕਾਤ ਕੀਤੀ ਗਈ। ਉਥੋਂ ਸ੍ਰੀ ਸਿੱਧੂ ਨੂੰ ਕਾਂਗਰਸ ਲਈ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਮਿਲੀ ਅਤੇ ਸਿੱਧੂ ਨੂੰ ਚੋਣ ਪ੍ਰਚਾਰ ਦੀ ਤਿਆਰੀ ਲਈ ਕਾਂਗਰਸ ਦੇ ਸੀਨੀਅਰ ਆਗੂ ਅਹਿਮਦ ਪਟੇਲ ਨਾਲ ਗੱਲਬਾਤ ਕਰਕੇ ਅਗਲੀ ਰਣਨੀਤੀ ਵਿਚਾਰਨ ਦੀ ਹਦਾਇਤ ਕੀਤੀ ਗਈ। ਸ੍ਰੀ ਸਿੱਧੂ ਨੇ ਇਨ੍ਹਾਂ ਦੋਵਾਂ ਆਗੂਆਂ ਨਾਲ ਮੁਲਾਕਾਤ ਕਰਨ ਮਗਰੋਂ ਦੱਸਿਆ ਕਿ ਉਹ ਚੋਣ ਪ੍ਰਚਾਰ ਵਿਚ ਜੁਟ ਜਾਣਗੇ। ਉਨ੍ਹਾਂ ਵੱਲੋਂ ਦੇਸ਼ ਭਰ ਵਿਚ ਕਾਂਗਰਸ ਲਈ ਚੋਣ ਪ੍ਰਚਾਰ ਕੀਤਾ ਜਾਵੇਗਾ। ਪੰਜਾਬ ਦੇ ਇਸ ਮੰਤਰੀ ਤੇ ਸਾਬਕਾ ਕ੍ਰਿਕਟ ਖਿਡਾਰੀ ਦੀ ਚੋਣ ਪ੍ਰਚਾਰਕ ਵਜੋਂ ਉਨ੍ਹਾਂ ਇਲਾਕਿਆਂ ਵਿਚ ਵਿਸ਼ੇਸ਼ ਮੰਗ ਰਹਿੰਦੀ ਹੈ, ਜੋ ਸਿਰਫ ਪੰਜਾਬੀ ਵਸੋਂ ਵਾਲੇ ਇਲਾਕੇ ਹਨ ਜਾਂ ਜਿਥੇ ਨੌਜਵਾਨਾਂ ਵਿਚ ਕ੍ਰਿਕਟ ਸਿਤਾਰਿਆਂ ਪ੍ਰਤੀ ਖਿੱਚ ਰਹਿੰਦੀ ਹੈ। ਉਹ ਲੱਛੇਦਾਰ ਭਾਸ਼ਣਾਂ ਲਈ ਜਾਣੇ ਜਾਂਦੇ ਹਨ ਤੇ ਕਾਮੇਡੀ ਪ੍ਰੋਗਰਾਮਾਂ ਕਾਰਨ ਦੇਸ਼-ਵਿਦੇਸ਼ ਵਿਚ



ਹਾਸਰਸ ਸ਼ਖਸੀਅਤ ਵਜੋਂ ਵੀ ਪਛਾਣ ਰੱਖਦੇ ਹਨ। ਸ੍ਰੀ ਸਿੱਧੂ ਵੱਲੋਂ ਕਾਂਗਰਸ ਲਈ ਦਿੱਲੀ ਦੇ ਰਾਜੌਰੀ ਗਾਰਡਨ ਸਮੇਤ ਹੋਰ ਇਲਾਕਿਆਂ ਵਿਚ ਚੋਣ ਪ੍ਰਚਾਰ ਕੀਤਾ ਜਾ ਚੁੱਕਿਆ ਹੈ। ਇਸ ਤੋਂ ਪਹਿਲਾਂ ਉਹ ਅਜਿਹਾ ਹੀ ਭਾਜਪਾ ਲਈ ਹਰਿਆਣਾ ਤੇ ਦਿੱਲੀ ਵਿਚ ਕਰ ਚੁੱਕੇ ਹਨ।

# ਗੂਗਲ ਇਸ਼ਤਿਹਾਰਾਂ 'ਤੇ ਸਭ ਤੋਂ ਵੱਧ ਖਰਚ ਕਰਨ ਵਾਲੀ ਸਿਆਸੀ ਪਾਰਟੀ ਹੈ ਭਾਜਪਾ

**ਨਵੀਂ ਦਿੱਲੀ:** ਸੱਤਾਧਾਰੀ ਪਾਰਟੀ ਭਾਜਪਾ ਗੂਗਲ 'ਚ ਇਸ਼ਤਿਹਾਰਾਂ ਦੇ ਮਾਮਲੇ 'ਚ ਸਾਰੀਆਂ ਸਿਆਸੀ ਪਾਰਟੀਆਂ ਨੂੰ ਪਿੱਛੇ ਛੱਡਦਿਆਂ ਤਕਰੀਬਨ 32 ਫੀਸਦੀ ਹਿੱਸੇਦਾਰੀ ਨਾਲ ਪਹਿਲੇ ਨੰਬਰ 'ਤੇ ਹੈ। ਇਹ ਖੁਲਾਸਾ ਭਾਰਤੀ ਪਾਰਦਰਸ਼ਿਤਾ ਰਿਪੋਰਟ 'ਚ ਛਪੇ ਅੰਕੜਿਆਂ ਨਾਲ ਹੋਇਆ ਹੈ। ਰਿਪੋਰਟ ਮੁਤਾਬਕ ਸਿਆਸੀ ਪਾਰਟੀਆਂ ਨੇ ਫਰਵਰੀ 2019 ਤੱਕ ਇਸ਼ਤਿਹਾਰਾਂ 'ਤੇ 3.76 ਕਰੋੜ ਰੁਪਏ ਖਰਚ ਕੀਤੇ ਹਨ, ਜਿਨ੍ਹਾਂ ਵਿਚ ਭਾਜਪਾ 1.21 ਕਰੋੜ ਰੁਪਏ ਖਰਚ ਕਰਕੇ ਚੋਟੀ 'ਤੇ ਹੈ।

ਭਾਜਪਾ ਨੇ ਕੁੱਲ ਇਸ਼ਤਿਹਾਰਾਂ ਤਕਰੀਬਨ 32 ਫੀਸਦੀ ਖਰਚ ਕੀਤਾ ਹੈ। ਭਾਜਪਾ ਨੇ ਇਹ ਰਕਮ 554 ਇਸ਼ਤਿਹਾਰਾਂ 'ਤੇ ਖਰਚ ਕੀਤੀ ਹੈ। ਜਦਕਿ ਦੂਜੇ ਪਾਸੇ ਮੁੱਖ ਵਿਰੋਧੀ ਕਾਂਗਰਸ ਧਿਰ ਨੂੰ ਇਸ ਸੂਚੀ 'ਚ ਛੇਵਾਂ ਸਥਾਨ ਹਾਸਲ ਹੋਇਆ ਹੈ। ਰਿਪੋਰਟ ਮੁਤਾਬਕ ਕਾਂਗਰਸ ਨੇ ਇਸ਼ਤਿਹਾਰਾਂ 'ਤੇ 54,100 ਰੁਪਏ ਖਰਚ ਕੀਤੇ ਹਨ। ਕਾਂਗਰਸ ਵੱਲੋਂ ਇਹ ਰਕਮ 14 ਇਸ਼ਤਿਹਾਰਾਂ ਲਈ ਖਰਚ ਕੀਤੀ ਗਈ ਹੈ। ਭਾਜਪਾ ਗੂਗਲ 'ਤੇ ਵੀਡੀਓ ਪ੍ਰਿੰਟ ਅਤੇ ਡਿਜੀਟਲ ਇਸ਼ਤਿਹਾਰਾਂ ਰਾਹੀਂ ਕਈ ਪ੍ਰਚਾਰ ਮੁਹਿੰਮ ਚਲਾ ਰਹੀ ਹੈ, ਜਿਸ 'ਚ ਸਭ ਤੋਂ ਅਹਿਮ 'ਮੈਂ ਵੀ ਚੌਕੀਦਾਰ' ਹੈ। ਚੋਣਾਂ ਦੇ ਮੱਦੇਨਜ਼ਰ ਗੂਗਲ ਨੇ ਫਰਵਰੀ 'ਚ ਇਸ਼ਤਿਹਾਰਾਂ ਬਾਰੇ ਆਈ ਨੀਤੀ ਲਾਗੂ ਕੀਤੀ ਹੈ ਜਿਸ ਕਾਰਨ ਇਸ਼ਤਿਹਾਰ ਕਰਨ ਵਾਲੇ ਨੂੰ ਚੋਣ ਕਮਿਸ਼ਨ ਤੋਂ ਇਸ਼ਤਿਹਾਰ ਜਾਰੀ ਕਰਨ ਤੋਂ ਪਹਿਲਾਂ ਪਾਰਟੀ ਜਾਂ ਵਿਅਕਤੀ ਨੂੰ ਸਰਟੀਫਿਕੇਟ ਮੁਹੱਈਆ ਕਰਵਾਉਣਾ ਹੋਵੇਗਾ।

ਇਸ ਰਿਪੋਰਟ 'ਚ ਭਾਜਪਾ ਤੋਂ ਬਾਅਦ ਦੂਜੇ ਨੰਬਰ 'ਤੇ ਆਂਧਰਾ ਪ੍ਰਦੇਸ਼ ਦੀ ਜਗਨ ਮੋਹਨ ਰੈਡੀ ਦੀ ਅਗਵਾਈ ਵਾਲੀ ਵਾਈ.ਐਸ.ਆਰ. ਕਾਂਗਰਸ ਹੈ, ਜਿਸ ਨੇ ਇਸ਼ਤਿਹਾਰਾਂ 'ਤੇ 1.04 ਕਰੋੜ ਖਰਚ ਕੀਤੇ ਹਨ, ਜਦਕਿ ਟੀ. ਡੀ. ਪੀ. ਲਈ ਪ੍ਰਚਾਰ ਕਰਨ ਵਾਲੀ ਪ੍ਰਮਾਵਯਮ ਸਟ੍ਰੇਟਜੀ ਕਸਲਟਿੰਗ ਪ੍ਰਾਈਵੇਟ ਲਿਮਟਿਡ ਤੀਜੇ ਨੰਬਰ 'ਤੇ ਹੈ।

ਗੂਗਲ ਨੇ ਇਹ ਸਪੱਸ਼ਟੀਕਰਨ ਵੀ ਦਿੱਤਾ ਕਿ ਇਸ਼ਤਿਹਾਰ ਜਨਤਕ ਕਰਨ ਤੋਂ ਪਹਿਲਾਂ ਉਹ ਇਸ਼ਤਿਹਾਰ ਦੇਣ ਵਾਲੇ ਦੀ ਪਛਾਣ ਦੀ ਵੀ ਤਸਦੀਕ ਕਰਦਾ ਹੈ। ਗੂਗਲ ਨੇ ਉਕਤ ਉਲੰਘਣਾ ਕਰਨ ਕਾਰਨ 4 ਸਿਆਸੀ ਪਾਰਟੀਆਂ ਨੂੰ ਬਲਾਕ ਵੀ ਕਰ ਦਿੱਤਾ।

# ਪਰਵਾਸੀ ਪੰਜਾਬੀਆਂ ਨੇ ਕਨ੍ਹੱਈਆ ਕੁਮਾਰ 'ਤੇ ਵਰ੍ਹਾਇਆ ਡਾਲਰਾਂ ਦਾ ਮੀਂਹ

**ਜਲੰਧਰ:** ਪੰਜਾਬੀਆਂ ਨੇ ਬਿਹਾਰ ਵਿਚ ਬੇਗੂਸਰਾਏ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਕਨ੍ਹੱਈਆ ਕੁਮਾਰ 'ਤੇ ਨੋਟਾਂ, ਪੌਂਡਾਂ ਤੇ ਡਾਲਰਾਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ ਹੈ। ਵਿਦੇਸ਼ਾਂ ਵਿਚ ਬੈਠੇ ਪੰਜਾਬੀ ਕਨ੍ਹੱਈਆ ਕੁਮਾਰ ਨੂੰ ਚੋਣ



ਫੰਡ ਭੇਜਣ ਲਈ ਕੋਈ ਕਸਰ ਨਹੀਂ ਛੱਡ ਰਹੇ। ਪੰਜਾਬ ਵਿਚੋਂ ਵੀ ਜਿਥੇ ਲੋਕ ਕਨ੍ਹੱਈਆ ਲਈ ਪੈਸੇ ਇਕੱਠੇ ਕਰਕੇ ਭੇਜ ਰਹੇ ਹਨ, ਉਥੇ ਉਸ ਦੇ ਚੋਣ ਪ੍ਰਚਾਰ 'ਚ ਸਾਥ ਦੇਣ ਵਾਸਤੇ ਵੀ ਤਿਆਰੀਆਂ ਕਰ ਰਹੇ ਹਨ। ਜਲੰਧਰ ਤੋਂ ਕਨ੍ਹੱਈਆ ਕੁਮਾਰ ਦੀ ਹਮਾਇਤ ਲਈ ਜਾਣ ਵਾਲੇ ਐਡਵੋਕੇਟ ਰਜਿੰਦਰ ਮੰਡ ਨੇ ਦੱਸਿਆ ਕਿ ਚੋਣ ਫੰਡ ਵਾਸਤੇ ਉਹ 50 ਹਜ਼ਾਰ ਰੁਪਏ ਇਕੱਠੇ ਕਰ ਕੇ ਦੇਣਗੇ। ਉਨ੍ਹਾਂ ਦੇ ਨਾਲ ਇਕ ਹੋਰ ਸਾਥੀ ਹਫਤੇ ਲਈ ਕਨ੍ਹੱਈਆ ਕੁਮਾਰ ਦੇ ਚੋਣ ਪ੍ਰਚਾਰ ਲਈ ਜਾਵੇਗਾ।

ਅਮਰੀਕਾ ਤੋਂ ਆਏ ਰਮਨਜੀਤ ਨੇ ਦੱਸਿਆ ਕਿ ਉਹ ਕਨ੍ਹੱਈਆ ਕੁਮਾਰ ਨੂੰ 15 ਹਜ਼ਾਰ ਰੁਪਏ ਭੇਜ ਚੁੱਕੇ ਹਨ ਤੇ ਆਪਣੇ ਹੋਰ ਸਾਥੀਆਂ ਨੂੰ ਪੈਸੇ ਭੇਜਣ ਲਈ ਕਹਿ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਵਿਦੇਸ਼ਾਂ ਵਿਚ ਪਰਵਾਸੀ ਪੰਜਾਬੀ ਜਿਥੇ ਸੂਬੇ ਵਿਚ ਬਾਦਲਾਂ ਤੇ ਮੋਦੀ ਵਿਰੁੱਧ ਉਮੀਦਵਾਰਾਂ ਦੀ ਮਦਦ ਕਰ ਰਹੇ ਹਨ। ਅਮਰੀਕਾ ਤੋਂ ਇਲਾਵਾ ਕਨ੍ਹੱਈਆ ਲਈ ਕੈਨੇਡਾ, ਇੰਗਲੈਂਡ, ਜਰਮਨੀ ਅਤੇ ਆਸਟਰੇਲੀਆ ਤੋਂ ਵੀ ਆਰਥਿਕ ਮਦਦ ਭੇਜੀ ਜਾ ਰਹੀ ਹੈ। ਪੰਜਾਬ ਵਿਚੋਂ ਪੈਸੇ ਭੇਜਣ ਵਾਲਿਆਂ ਦੀ ਸੂਚੀ ਵਿਚ ਗੁਰਮੀਤ ਸੁਗਲੀ, ਡਾ. ਜੱਸ ਮੰਡ ਤੇ ਸੁਕੀਰਤ ਆਨੰਦ ਸ਼ਾਮਲ ਹਨ।

ਕਨ੍ਹੱਈਆ ਕੁਮਾਰ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਉਹ 70 ਲੱਖ ਰੁਪਏ ਹੀ ਖਰਚ ਸਕਦੇ ਹਨ। ਜੇ ਉਸ ਦੇ ਖਾਤੇ ਵਿਚ ਵਾਧੂ ਪੈਸੇ ਆਉਂਦੇ ਹਨ ਤਾਂ ਉਹ ਇਹ ਸਾਰੇ ਪੈਸੇ ਸੀ.ਪੀ.ਆਈ. ਦੀ ਕੇਂਦਰੀ ਕਮੇਟੀ ਨੂੰ ਸੌਂਪ ਦੇਣਗੇ। ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਵਿੱਕੀ ਮਹੇਸ਼ਰੀ ਜਿਹੜੇ ਕਿ ਪੰਜਾਬ ਨਾਲ ਸਬੰਧਤ ਹਨ, ਵੀ ਬੇਗੂਸਰਾਏ 'ਚ ਚੋਣ ਪ੍ਰਚਾਰ ਲਈ ਕਨ੍ਹੱਈਆ ਕੁਮਾਰ ਦਾ ਸਾਥ ਦੇਣ ਲਈ ਤਿਆਰੀਆਂ 'ਚ ਲੱਗੇ ਹੋਏ ਹਨ।


BOLLYWOOD EVENTS
Presents
BOLLYWOOD EVENTS
PRODUCTIONS PRESENTS
Anjaneyap
ANJANEYAP GLOBAL TARESH ANAND
RADIO MIRCHI
Gurdas maan
LIVE IN CONCERT
MAY 18TH 2019 @ 7:30PM
CITY NATIONAL CIVIC
135 W SAN CARLOS ST, SAN JOSE, CA 95113
-MC BY- SHAKTI MANAK
TICKETS : $49 • $56 • $69 • $79 • $99 • VIP • VVIP • ELITE
TICKETS AVAILABLE @
AMIT GAMBHIR
HUNGAMACITY
Sulekha.com
eventcombo
Ticketing Partner
ekam
AUTO SALE
FOR MORE INFO CONTACT
BOLLYWOOD EVENTS (408) 755-1400 | BIKRAM (669) 265-4063
JESSY (669) 292-7700

# ਪਹਿਲੀ ਵਾਰੀ ਦਸਤਾਰਧਾਰੀ ਗੁਰਸਿੱਖ ਦੇ ਸੈਨੇਟ 'ਚ ਜਾਣ ਦੀ ਬਣੀ ਸੰਭਾਵਨਾ

## ਮੈਨੀ ਗਰੇਵਾਲ ਲਈ ਫੰਡ ਰੇਜ਼ਰ

**ਯੂਨੀਅਨ ਸਿਟੀ (ਬਿਊਰੋ):** ਇੱਥੇ ਰਾਜਾ ਸਵੀਟਸ ਵਿਖੇ ਲੰਘੇ ਵੀਰਵਾਰ ਅਮੋਲਕ ਸਿੰਘ ਗਾਖਲ ਅਤੇ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਅਮਰੀਕੀ ਸੈਨੇਟ ਦੇ ਡਿਸਟ੍ਰਿਕ 5 ਤੋਂ ਚੋਣ ਲੜ ਰਹੇ ਮੈਨੀ ਗਰੇਵਾਲ ਲਈ ਇਕ ਫੰਡ ਰੇਜ਼ਰ ਕੀਤਾ ਗਿਆ। ਇਸ ਮੌਕੇ ਧਾਰਮਕ, ਸਮਾਜਕ ਅਤੇ ਖੇਡਾਂ ਦੇ ਖੇਤਰ ਨਾਲ ਜੁੜੀਆਂ ਵੱਖ ਵੱਖ ਸੰਸਥਾਵਾਂ ਅਤੇ ਕੈਲੀਫੋਰਨੀਆਂ ਦੀਆਂ ਉਘੀਆਂ ਪੰਜਾਬੀ



ਮੈਨੀ ਗਰੇਵਾਲ

ਸ਼ਖਸੀਅਤਾਂ ਨੇ ਭਰਵੀਂ ਹਾਜ਼ਰੀ ਲਵਾਈ।

ਮਾਡੈਸਟੋ ਦੇ ਵਾਈਸ ਮੇਅਰ ਮੈਨੀ ਗਰੇਵਾਲ ਨੇ ਅਮਰੀਕੀ ਸਿਆਸਤ ਵਿਚ ਸਫਰ ਮਾਡੈਸਟੋ ਪਲੈਨਿੰਗ ਕਮਿਸ਼ਨਰ ਵਜੋਂ ਸ਼ੁਰੂ ਕੀਤਾ ਸੀ। ਜੇ ਉਹ ਚੋਣ ਜਿੱਤ ਜਾਂਦੇ ਹਨ ਤਾਂ ਇਤਿਹਾਸ ਵਿਚ ਇਹ ਪਹਿਲੀ ਵਾਰੀ ਹੋਵੇਗਾ ਕਿ ਕੋਈ ਦਸਤਾਰਧਾਰੀ ਸਿੱਖ ਅਮਰੀਕੀ ਸੈਨੇਟ ਵਿਚ ਪ੍ਰਵੇਸ਼ ਕਰੇਗਾ। ਜਿਸ ਤਰ੍ਹਾਂ ਦਾ ਹੁੰਗਾਰਾ ਮੈਨੀ ਗਰੇਵਾਲ ਨੂੰ ਪੰਜਾਬੀਆਂ ਅਤੇ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਤੋਂ ਮਿਲ ਰਿਹਾ ਹੈ, ਉਸ ਤੋਂ ਆਸ ਬੱਝਦੀ ਹੈ ਕਿ ਜਿੱਤ ਮੈਨੀ ਗਰੇਵਾਲ ਦੇ ਹਿੱਸੇ ਆ ਸਕਦੀ ਹੈ।

ਯੂਨਾਈਟਿਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਤੇ ਪੱਤਰਕਾਰ ਐਸ. ਅਸ਼ੋਕ ਭੌਰਾ ਨੇ ਮੈਨੀ ਗਰੇਵਾਲ ਦਾ ਤੁਆਰਫ ਕਰਵਾਉਂਦਿਆਂ ਕਿਹਾ ਕਿ ਜੇ ਉਹ ਜਿੱਤ ਹਾਸਲ ਕਰਦੇ ਹਨ ਤਾਂ ਉਨ੍ਹਾਂ ਤੋਂ ਇਹ ਆਸ ਰੱਖਣੀ ਜਾਇਜ਼ ਹੋਵੇਗੀ ਕਿ ਉਹ ਸਿੱਖਾਂ ਦੀ ਪਛਾਣ ਭੇਦਭਾਵ ਤੇ ਨਸਲੀ ਵਿਤਕਰੇ ਨੂੰ ਖਤਮ ਕਰਨ ਲਈ ਵੀ ਉਚੇਚੇ ਯਤਨ ਕਰਨਗੇ।

ਇਕੱਠ ਨੂੰ ਸੰਬੋਧਨ ਕਰਦਿਆਂ ਮੈਨੀ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਗੁਰਸਿੱਖ ਹੈ ਤੇ ਉਹ 45 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ ਅਤੇ ਉਨ੍ਹਾਂ ਦਾ ਕਾਰੋਬਾਰੀ ਤੇ ਹੋਰ ਖੇਤਰਾਂ 'ਚ ਸਤਿਕਾਰਯੋਗ ਨਾਂ ਤੇ ਥਾਂ ਵੀ ਹੈ। ਇਸੇ ਕਰਕੇ ਉਹ ਪਲੈਨਿੰਗ ਕਮਿਸ਼ਨਰ ਤੋਂ ਸ਼ੁਰੂ ਹੋ ਕੇ ਮਾਡੈਸਟੋ ਦੇ ਵਾਈਸ ਮੇਅਰ ਹਨ ਤੇ ਸੈਨੇਟ ਜਾਣ ਦਾ ਉਨ੍ਹਾਂ ਦਾ ਸੁਪਨਾ ਲਗਨ ਅਤੇ ਹਮਦਰਦਾਂ ਦੀ ਹੱਲਾਸ਼ੇਰੀ ਕਰਕੇ ਵੀ ਹੈ। ਉਨ੍ਹਾਂ ਕਿਹਾ ਕਿ



ਅਮੋਲਕ ਸਿੰਘ ਗਾਖਲ

ਉਹ ਸਿਰਫ ਪੰਜਾਬੀਆਂ ਦੀਆਂ ਸਮੱਸਿਆਵਾਂ ਵੱਲ ਹੀ ਧਿਆਨ ਨਹੀਂ ਦੇਣਗੇ ਸਗੋਂ ਬਿਨਾ ਕਿਸੇ ਭਿੰਨਭੇਦ ਤੋਂ ਬਾਕੀ ਭਾਈਚਾਰੇ ਨੂੰ ਵੀ ਨਾਲ ਲੈ ਕੇ ਤੁਰਨਗੇ। ਇਹੀ ਕਾਰਨ ਹੈ ਕਿ ਜੋ ਸ਼ੁਰੂ ਵਿਚ



ਦਸਤਾਰ ਉਤਾਰ ਕੇ ਨਾਲ ਚੱਲਣ ਦੀ ਸ਼ਰਤ ਰੱਖਦੇ ਸਨ, ਉਹ ਵੀ ਸਮੂਹਿਕ ਤੌਰ 'ਤੇ ਉਨ੍ਹਾਂ ਦੀ ਚੋਣ ਮੁਹਿੰਮ ਦਾ ਹਿੱਸਾ ਬਣੇ ਹੋਏ ਹਨ। ਉਨ੍ਹਾਂ ਨੂੰ ਆਸ ਹੈ ਕਿ ਅਮਰੀਕਨ ਕਾਂਗਰਸ ਵਿਚ ਡੈਮੋਕਰੇਟਿਕ ਪਾਰਟੀ ਵਲੋਂ ਇਕ ਦਸਤਾਰਧਾਰੀ ਸਿੱਖ ਦਾ ਦਾਖਲ ਹੋਵੇਗਾ।

ਯੂਨਾਈਟਿਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਸ ਫੰਡ ਰੇਜ਼ਰ ਵਿਚ ਸਮੁੱਚੇ ਭਾਈਚਾਰੇ ਦਾ ਇਕ ਮੰਚ 'ਤੇ ਇਕੱਤਰ ਹੋਣਾ ਵੱਡੀ ਮਾਣ ਵਾਲੀ ਗੱਲ ਹੈ। ਉਨ੍ਹਾਂ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਤੇ ਯੂਨਾਈਟਿਡ ਸਪੋਰਟਸ ਕਲੱਬ ਦੀ ਬੇਨਤੀ 'ਤੇ ਜੇ ਏਨੀ ਵੱਡੀ ਗਿਣਤੀ ਵਿਚ ਨਾਮੀ ਪੰਜਾਬੀ ਸ਼ਖਸੀਅਤਾਂ ਦਾ ਇਸ ਸਮਾਗਮ ਵਿਚ ਪੁੱਜਣਾ ਉਨ੍ਹਾਂ ਲਈ ਰੂਹ ਨੂੰ ਸਕੂਨ ਦੇਣ ਵਾਲੀ ਗੱਲ ਹੈ। ਉਹ ਭਵਿੱਖ ਵਿਚ ਵੀ ਪੰਜਾਬੀ ਭਾਈਚਾਰੇ ਨੂੰ ਇਕ ਮੰਚ 'ਤੇ ਇਕੱਤਰ ਕਰਨ ਅਤੇ ਮੈਨੀ ਗਰੇਵਾਲ ਵਰਗੇ ਪੰਜਾਬੀ ਨੌਜਵਾਨਾਂ ਨੂੰ ਵੱਡੀਆਂ ਪ੍ਰਾਪਤੀਆਂ ਲਈ ਸਹਿਯੋਗ ਦਿੰਦੇ ਰਹਿਣਗੇ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਮਾਈਕ ਬੋਪਾਰਾਏ, ਇਕਬਾਲ ਸਿੰਘ ਗਾਖਲ, ਬਲਵਿੰਦਰ ਸਿੰਘ ਵਾਲੀਆ, ਮੇਜਰ ਸਿੰਘ, ਸੁਰਜੀਤ ਸਿੰਘ ਟੁੱਟ, ਰਾਣਾ ਟੁੱਟ, ਸੁਖਦੇਵ ਸਿੰਘ ਬੈਨੀਵਾਲ, ਨਰਿੰਦਰ ਸਿੰਘ ਸਹੋਤਾ, ਪ੍ਰੀਤਮ ਸਿੰਘ ਗਰੇਵਾਲ, ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ, ਕੁਲਜੀਤ ਨਿੱਝਰ, ਗੁਰਨਾਮ ਸਿੰਘ, ਤੀਰਥ ਗਾਖਲ, ਰਾਣਾ ਕਾਹਲੋਂ, ਐਸ. ਪੀ. ਸਿੰਘ, ਗੁਰਮੀਤ ਸਿੰਘ ਖਾਲਸਾ, ਜਗਤਾਰ ਸਿੰਘ ਜੱਗੀ, ਦਰਸ਼ਨ ਸਿੰਘ, ਸੁੱਖੀ ਚਾਹਲ, ਗੁਰਚਰਨ ਸਿੰਘ ਮਾਨ, ਜਸਵਿੰਦਰ ਸਿੰਘ ਜੰਡੀ, ਸਰਬਜੀਤ ਕੌਰ ਚੀਮਾ, ਪਰਮਜੀਤ ਸਿੱਧੂ, ਮਿੱਕੀ ਸਰਾਂ, ਮਨਜਿੰਦਰ ਸੰਧੂ, ਸੁੱਚਾ ਰਾਮ ਭਾਰਟਾ, ਸੰਤੋਖ ਜੱਜ, ਸੁਖਦੇਵ ਗਰੇਵਾਲ, ਭੁਪਿੰਦਰ ਸਿੰਘ ਪਰਮਾਰ, ਡਾ. ਪ੍ਰਿਤਪਾਲ ਸਿੰਘ, ਜਸਵੰਤ ਸਿੰਘ ਹੋਠੀ, ਮੰਗਲ ਸਿੰਘ ਭੰਡਾਲ, ਮੈਨੀ ਭੰਡਾਲ, ਗੁਰਮੀਤ ਸਿੰਘ ਬਾਜਵਾ, ਲਖਵੀਰ ਸਿੰਘ ਪਟਵਾਰੀ, ਜੁਗਰਾਜ ਸਿੰਘ ਸਹੋਤਾ, ਰਣਧੀਰ ਸਿੰਘ ਕੰਗ, ਕਸ਼ਮੀਰ ਸਿੰਘ ਸਾਹੀ, ਮਨਵੀਰ ਭੌਰਾ, ਜਸਜੀਤ ਸਿੰਘ, ਇਕਬਾਲ ਸਿੰਘ, ਗੁਰਾ ਸਿੰਘ, ਹਰਜੀਤ ਸਿੰਘ, ਹਰਮਿੰਦਰ ਸਿੰਘ, ਬਲਜੀਤ ਸਿੰਘ ਸੰਧੂ, ਸੁਰਜੀਤ ਸਿੰਘ ਸੰਧੂ, ਚਰਨਜੀਤ ਸਿੰਘ ਸੰਧੂ, ਅਨਮੋਲ ਭੌਰਾ, ਜਸਵੀਰ ਤੱਖਰ, ਕਾਲਾ ਸਿੰਘ ਗਾਖਲ, ਇੰਦਰਜੀਤ ਸਿੰਘ ਥਿੰਦ ਤੇ ਹੋਰ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।

ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਅਤੇ ਰਾਜਾ ਸਵੀਟਸ ਦੇ ਮਾਲਕ ਮੱਖਣ ਸਿੰਘ ਬੈਂਸ ਵਲੋਂ ਸਭ ਲਈ ਚਾਹ ਪਾਣੀ ਤੇ ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ।

# ਸਾਰੇਗਾਮਾ ਵੱਲੋਂ ਆਡੀਓ ਪਲੇਅਰ 'ਕਾਰਵਾਂ ਪ੍ਰੀਮੀਅਮ' ਲਾਂਚ

**ਨਿਊ ਯਾਰਕ (ਬਿਊਰੋ):** ਆਪਣੇ ਪਹਿਲੇ ਅਹਿਮ ਉਤਪਾਦ 'ਕਾਰਵਾਂ' ਜੋ ਦਨੀਆਂ ਦਾ ਪਹਿਲਾ ਪੋਰਟੇਬਲ ਡਿਜ਼ੀਟਲ ਆਡੀਓ ਪਲੇਅਰ ਹੈ ਜਿਸ ਵਿਚ ਸਟੀਰੀਓ ਸਪੀਕਰ ਲੱਗੇ ਹੋਏ ਹਨ ਅਤੇ ਇਸ ਵਿਚ 5000 ਸਦਾ ਬਹਾਰ ਹਿੰਦੀ ਗੀਤ ਸ਼ਾਮਿਲ ਕੀਤੇ ਗਏ ਹਨ, ਦੀ ਸ਼ਾਨਦਾਰ ਕਾਮਯਾਬੀ




ਤੋਂ ਬਾਅਦ ਸਾਰੇਗਾਮਾ ਨੇ 'ਕਾਰਵਾਂ ਪ੍ਰੀਮੀਅਮ' ਰਿਲੀਜ਼ ਕੀਤਾ ਹੈ।

ਕੰਪਨੀ ਅਨੁਸਾਰ ਕਾਰਵਾਂ ਪ੍ਰੀਮੀਅਮ ਵਿਚ ਸਾਰੇ ਨਵੇਂ ਫੀਚਰ ਪਿਛਲੇ ਕੁਝ ਮਹੀਨਿਆਂ ਦੌਰਾਨ ਗਾਹਕਾਂ ਤੋਂ ਮਿਲੇ ਸੁਝਾਵਾਂ ਦੇ ਆਧਾਰ 'ਤੇ ਪਾਏ ਗਏ ਹਨ। ਇਨ੍ਹਾਂ ਵਿਚ ਸਭ ਤੋਂ ਅਹਿਮ ਫੀਚਰ ਕੰਪੈਨੀਅਨ ਐਪ (ਆਈ ਓ ਐਸ ਅਤੇ ਐਂਡਰਾਇਡ) ਹੈ, ਜੋ ਸਰੋਤਿਆਂ ਨੂੰ ਕਾਰਵਾਂ ਪ੍ਰੀਮੀਅਮ 'ਤੇ ਆਪਣੀ ਮਰਜ਼ੀ ਦੀ ਪਲੇਅ ਲਿਸਟ ਬਣਾਉਣ ਅਤੇ ਮਨਪਸੰਦ ਗੀਤ ਚੁਣਨ ਦੀ ਖੁੱਲ੍ਹ ਦਿੰਦਾ ਹੈ।

ਕੰਪਨੀ ਵੱਲੋਂ ਜਾਰੀ ਪ੍ਰੈਸ ਰਿਲੀਜ਼ ਵਿਚ ਦੱਸਿਆ ਗਿਆ ਹੈ ਕਿ 'ਕਾਰਵਾਂ ਪ੍ਰੀਮੀਅਮ' ਨੀਲੇ ਰੰਗ ਵਿਚ ਮਾਰਕੀਟ ਵਿਚ ਲਿਆਂਦਾ ਗਿਆ ਹੈ ਅਤੇ ਉਸ ਦੀ ਕੀਮਤੀ 119.99 ਡਾਲਰ ਰੱਖੀ ਗਈ ਹੈ। ਇਸ ਤੋਂ ਪਹਿਲਾਂ ਜਾਰੀ ਕੀਤਾ ਗਿਆ ਕਾਰਵਾਂ ਦਾ ਪਹਿਲਾ ਰੂਪ ਵੀ ਮਾਰਕੀਟ ਵਿਚ ਮਿਲਦਾ ਰਹੇਗਾ, ਜਿਸ ਦੀ ਕੀਮਤ 109.99 ਡਾਲਰ ਹੈ। ਯਾਦ ਰਹੇ, ਸਾਰੇਗਾਮਾ ਕੰਪਨੀ ਪਹਿਲਾਂ ਭਾਰਤ ਵਿਚ 'ਗ੍ਰਾਮੋਫੋਨ ਕੰਪਨੀ ਆਫ ਇੰਡੀਆ ਲਿਮਟਿਡ' ਦੇ ਨਾਂ ਨਾਲ ਮਸ਼ਹੂਰ ਰਹੀ ਹੈ ਅਤੇ ਇਹ ਦੁਨੀਆਂ ਦੀਆਂ ਵੱਡੀਆਂ ਕੰਪਨੀਆਂ ਵਿਚ ਸ਼ੁਮਾਰ ਹੈ। ਕਾਰਵਾਂ ਪ੍ਰੀਮੀਅਮ ਰੀਚਾਰਜ ਕੀਤੇ ਜਾਣ ਵਾਲੀ ਬੈਟਰੀ ਹੋਵੇਗੀ ਜੋ 5 ਘੰਟੇ ਚੱਲ ਸਕਦੀ ਹੈ। ਇਸ ਲਈ ਭਾਰਤ ਭਰ ਵਿਚ ਸਰਵਿਸ ਨੈਟਵਰਕ ਰਾਹੀਂ ਇਕ ਸਾਲ ਦੀ ਗਾਰੰਟੀ ਸ਼ਾਮਲ ਹੈ।

ਸਾਰੇਗਾਮਾ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਵਿਕਰਮ ਮਹਿਰਾ ਨੇ ਦੱਸਿਆ ਕਿ ਉਨ੍ਹਾਂ ਲਈ ਗਾਹਕਾਂ ਦੀ ਪਸੰਦ ਸਭ ਤੋਂ ਅਹਿਮ ਹੈ ਅਤੇ ਕਾਰਵਾਂ ਬਾਰੇ ਪਿਛਲੇ 12 ਮਹੀਨਿਆਂ ਤੋਂ ਹਾਸਿਲ ਹੋਈ ਰਾਏ ਦੇ ਆਧਾਰ 'ਤੇ ਹੀ 'ਕਾਰਵਾਂ ਪ੍ਰੀਮੀਅਮ' ਲਾਂਚ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗਾਹਕਾਂ ਨੇ ਆਪਣੀ ਰਾਏ ਵਿਚ ਉਨ੍ਹਾਂ ਸਟੇਸ਼ਨਾਂ ਦਾ ਜ਼ਿਕਰ ਵੀ ਕੀਤਾ ਸੀ ਜਿੱਥੇ ਸਬੰਧਤ ਗੀਤ ਫਿਲਮ ਦੀ ਨਾਇਕਾ ਅਤੇ ਨਾਇਕ 'ਤੇ ਫਿਲਮਾਏ ਗਏ ਸਨ। ਇਸ ਤਰ੍ਹਾਂ 'ਕਾਰਵਾਂ ਪ੍ਰੀਮੀਅਮ' ਵਿਚ 50 ਤੋਂ ਵਧ ਅਜਿਹੇ ਸਟੇਸ਼ਨ ਸ਼ਾਮਿਲ ਕੀਤੇ ਗਏ ਹਨ, ਜੋ ਦਲੀਪ ਕੁਮਾਰ, ਅਮਿਤਾਭ ਬੱਚਨ, ਸ਼ਰਮੀਲਾ ਟੈਗੋਰ, ਰਿਸ਼ੀ ਕਪੂਰ ਆਦਿ ਵਰਗੇ ਕਲਾਕਾਰਾਂ ਨੂੰ ਸਮਰਪਿਤ ਹਨ। ਇਸ ਦੇ ਨਾਲ ਹੀ ਗਾਇਕਾਂ, ਗੀਤਕਾਰਾਂ ਅਤੇ ਸੰਗੀਤਕਾਰਾਂ ਨਾਲ ਸਬੰਧਤ 80 ਤੋਂ ਵਧ ਸਟੇਸ਼ਨ ਪਹਿਲਾਂ ਹੀ ਚੱਲ ਰਹੇ ਹਨ। ਕਾਰਵਾਂ ਪ੍ਰੀਮੀਅਮ ਨੂੰ ਹੁਣ ਐਫ. ਐਮ. ਰੇਡੀਓ ਦੇ ਨਾਲ ਨਾਲ ਏ. ਐਮ. ਰੇਡੀਓ ਨਾਲ ਵੀ ਜੋੜਿਆ ਗਿਆ ਹੈ। ਹੋਰ ਜਾਣਕਾਰੀ ਜੈ ਪ੍ਰਤੀਕ ਸਿੰਘ ਫੋਨ: 859-490-0156 ਜਾਂ ਈਮੇਲ: jai.prateek@rp-sg.in ਰਾਹੀਂ ਹਾਸਲ ਕੀਤੀ ਜਾ ਸਕਦੀ ਹੈ।

# ਵਿਸਾਖੀ ਨੂੰ ਮੁੱਖ ਰੱਖ ਕੇ ਪੀ. ਸੀ. ਏ. ਵੱਲੋਂ ਵਿਸ਼ੇਸ਼ ਦੀਵਾਨ

**ਫਰਿਜ਼ਨੋ (ਬਿਊਰੋ):** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ. ਸੀ. ਏ.) ਵਲੋਂ ਵਿਸਾਖੀ ਨੂੰ ਮੁਖ ਰੱਖ ਕੇ ਇਥੇ ਗੁਰਦੁਆਰਾ ਸਿੰਘ ਸਭਾ ਵਿਖੇ



4 ਤੋਂ 7 ਅਪਰੈਲ ਤੱਕ ਵਿਸ਼ੇਸ਼ ਗੁਰਮਤਿ ਦੀਵਾਨ ਸਜਾਏ ਗਏ, ਜਿਸ ਦੌਰਾਨ ਸਿੱਖ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਭਾਈ ਧੂੰਦਾ ਨੇ ਸੰਗਤ ਨੂੰ ਵਹਿਮ-ਭਰਮ ਛੱਡ ਕੇ ਗੁਰੂ ਸ਼ਬਦ 'ਤੇ ਪਹਿਰਾ ਦੇਣ ਦੀ ਪੁਰਜ਼ੋਰ ਅਪੀਲ ਕੀਤੀ। ਇਸ ਮੌਕੇ ਬਹੁਤ ਸਾਰੀਆਂ ਸੰਗਤਾਂ ਅੰਮ੍ਰਿਤ ਛਕ ਕੇ ਗੁਰੂ ਵਾਲੀਆਂ ਬਣੀਆਂ।

ਇਸ ਮੌਕੇ ਗੁਰੂ ਘਰ ਦੇ ਹਜ਼ੂਰੀ ਰਾਗੀ ਡਾ. ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਨੇ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ। ਸਟੇਜ ਦੀ ਸੇਵਾ ਗੁਰਪ੍ਰੀਤ ਸਿੰਘ ਮਾਨ ਨੇ ਕੀਤੀ।

# ਨਿਹੰਗ ਬਾਬਾ ਸ਼ਮਸ਼ੇਰ ਸਿੰਘ ਦੀ ਯਾਦ ਵਿਚ ਵਿਸ਼ੇਸ਼ ਸਮਾਗਮ

**ਫਰਿਜ਼ਨੋ (ਬਿਊਰੋ):** ਜਿਲਾ ਲੁਧਿਆਣਾ ਦੇ ਇਤਿਹਾਸਕ ਪਿੰਡ ਗੁਰੂਸਰ ਸੁਧਾਰ ਦੀਆਂ 'ਗੁਰੂ ਹਰਗੋਬਿੰਦ ਸਾਹਿਬ ਜੀ' ਦੇ ਨਾਂ ਹੇਠ ਚਲ ਰਹੀਆਂ ਵਿਦਿਅਕ ਸੰਸਥਾਵਾਂ ਦੇ ਬਾਨੀ ਨਿਹੰਗ ਬਾਬਾ ਸ਼ਮਸ਼ੇਰ ਸਿੰਘ ਬ੍ਰਹਮ ਗਿਆਨੀ ਦੀ ਨਿੱਘੀ




ਯਾਦ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਇਨ੍ਹਾਂ ਸੰਸਥਾਵਾਂ ਦੇ ਸਾਬਕਾ ਵਿਦਿਆਰਥੀਆਂ ਦੀ ਐਸੋਸੀਏਸ਼ਨ ਅਤੇ ਇਲਾਕਾ ਨਿਵਾਸੀਆਂ ਵਲੋਂ ਰਲ ਕੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਕਰਵਾਏ ਗਏ।

ਗੁਰੂਘਰ ਦੇ ਹਜ਼ੂਰੀ ਕੀਰਤਨੀ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਅਤੇ ਕਥਾਵਾਚਕ ਭਾਈ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਭਾਈ ਸਰਬਜੀਤ ਸਿੰਘ ਧੂੰਦਾ ਨੇ ਵੀ ਗੁਰਬਾਣੀ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰੋਗਰਾਮ ਦੌਰਾਨ ਨਿਹੰਗ ਬਾਬਾ ਸ਼ਮਸ਼ੇਰ ਸਿੰਘ ਦੀ ਸੱਚੀ-ਸੁੱਚੀ ਜ਼ਿੰਦਗੀ ਅਤੇ ਇਲਾਕੇ ਭਰ ਨੂੰ ਵਿੱਦਿਅਕ ਦੇਣ ਸਬੰਧੀ ਵਿਚਾਰਾਂ ਹੋਈਆਂ। ਗੁਰੂਸਰ ਸੁਧਾਰ ਕਾਲਜ ਨੂੰ ਪੰਜਾਬ ਦਾ ਪਹਿਲਾ ਪੇਂਡੂ ਕਾਲਜ ਹੋਣ ਦਾ ਮਾਣ ਪ੍ਰਾਪਤ ਹੈ। ਬੀਬੀ ਗੁੱਡੀ ਸਿੱਧੂ ਨੇ ਸਮੂਹ ਸਾਬਕਾ ਵਿਦਿਆਰਥੀਆਂ ਨੂੰ ਇਹੋ ਜਿਹੇ ਮਹਾਨ ਪੁਰਸ਼ਾਂ ਦੇ ਦਿਨ ਮਨਾਉਣ 'ਤੇ ਵਧਾਈ ਦਿੱਤੀ।

# ਤਾਮਿਲਨਾਡੂ 'ਚ ਪੇਰੀਆਰ ਦੇ ਬੁੱਤ ਦੀ ਭੰਨ ਤੋੜ

**ਪੁੱਡੂਕੋਟਾਈ:** ਦ੍ਰਾਵਿੜ ਅੰਦੋਲਨ ਦੇ ਬਾਨੀ ਅਤੇ ਤਰਕਵਾਦੀ ਆਗੂ ਈਵੀ ਰਾਮਾਸਵਾਮੀ ਜੋ ਪੇਰੀਆਰ ਵਜੋਂ ਜਾਣੇ ਜਾਂਦੇ ਹਨ, ਦੇ ਆਦਮ ਕੱਦ ਬੁੱਤ ਦੀ ਜ਼ਿਲ੍ਹੇ ਦੇ ਅਰਾਨਥਾਂਗੀ ਵਿਚ ਭੰਨ ਤੋੜ ਕੀਤੇ ਜਾਣ ਦਾ ਪਤਾ ਚਲਿਆ ਹੈ। ਇਹ ਬੁੱਤ ਸਰਕਾਰੀ ਹਸਪਤਾਲ ਨੇੜੇ ਸਥਿਤ ਸੀ। ਬੁੱਤ ਦਾ ਸਿਰ ਟੁੱਟਾ ਹੋਇਆ ਤੇ ਜ਼ਮੀਨ 'ਤੇ ਪਿਆ ਸੀ। ਸਥਾਨਕ ਆਗੂਆਂ ਨੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਅਤੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।

# ਰਾਜ਼ੀਨਾਮਾ ਕਰਾਉਣ ਗਏ ਸਰਪੰਚ ਨੂੰ ਗੱਡੀ ਹੇਠਾਂ ਦਰੜਿਆ

**ਬਟਾਲਾ:** ਨਜ਼ਦੀਕੀ ਪਿੰਡ ਦੌਲਤਪੁਰ ਵਿਚ ਰਾਜ਼ੀਨਾਮੇ ਲਈ ਇਕੱਠੀਆਂ ਹੋਈਆਂ ਦੋ ਧਿਰਾਂ ਦਰਮਿਆਨ ਹੋਈ ਖੂਨੀ ਝੜਪ ਵਿਚ ਪਿੰਡ ਰਿਆੜ ਪੱਤੀ ਦੇ ਨੌਜਵਾਨ ਕਾਂਗਰਸੀ ਸਰਪੰਚ ਨਵਦੀਪ ਸਿੰਘ (30) ਨੂੰ ਇਕ ਅਕਾਲੀ ਆਗੂ ਅਤੇ ਸਾਬਕਾ ਸਰਪੰਚ ਦੀ ਧਿਰ ਨੇ ਪਹਿਲਾਂ ਕੁੱਟ-ਕੁੱਟ ਕੇ ਜਖਮੀ ਕੀਤਾ ਅਤੇ ਬਾਅਦ ਵਿਚ ਗੱਡੀ ਚੜ੍ਹਾ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਦੋਵਾਂ ਧਿਰਾਂ ਦਰਮਿਆਨ ਇੱਟਾਂ-ਰੋੜੇ ਵੀ ਚੱਲੇ ਅਤੇ ਮ੍ਰਿਤਕ ਸਰਪੰਚ ਦੇ ਦੋ ਹੋਰ ਸਾਥੀ ਜੋਬਨਪ੍ਰੀਤ ਸਿੰਘ ਅਤੇ ਭੁਪਿੰਦਰ ਸਿੰਘ ਵੀ ਜਖਮੀ ਹੋਏ ਹਨ।

ਨਵਦੀਪ ਸਿੰਘ ਦੇ ਪਿਤਾ ਖਜ਼ਾਨ ਸਿੰਘ ਨੇ ਦੱਸਿਆ ਕਿ ਉਸ ਦਾ ਜਵਾਈ ਇੰਦਰਜੀਤ ਸਿੰਘ ਪਿੰਡ ਦੌਲਤਪੁਰ ਦਾ ਮੌਜੂਦਾ ਸਰਪੰਚ ਹੈ ਅਤੇ ਉਸ ਦਾ ਪਿੰਡ ਦੇ ਸਾਬਕਾ ਅਕਾਲੀ ਸਰਪੰਚ ਮਿੱਤਰਪਾਲ ਸਿੰਘ ਨਾਲ ਕੋਈ ਵਿਵਾਦ ਸੀ। ਇਸੇ ਵਿਵਾਦ ਨੂੰ ਖਤਮ ਕਰਨ



ਲਈ ਦੋਵੇਂ ਧਿਰਾਂ ਇਕੱਠੀਆਂ ਹੋਈਆਂ ਸਨ ਜਿਥੇ ਨਵਦੀਪ ਸਿੰਘ ਵੀ ਮੌਜੂਦ ਸੀ। ਉਸ ਨੇ ਦੋਸ਼ ਲਾਇਆ ਕਿ ਤਕਰਾਰ ਵਧਣ ਮਗਰੋਂ ਦੂਸਰੀ ਧਿਰ ਦੇ ਵਿਅਕਤੀਆਂ ਨੇ ਪਹਿਲਾਂ ਉਸ ਦੇ ਲੜਕੇ ਦੀ ਕੁੱਟਮਾਰ ਕੀਤੀ ਅਤੇ ਬਾਅਦ ਵਿਚ ਉਸ ਨੂੰ ਸੜਕ 'ਤੇ ਰੱਖ ਕੇ ਉਸ ਉਪਰੋਂ ਵਾਰ-ਵਾਰ ਗੱਡੀ ਚੜ੍ਹਾ ਕੇ ਉਸ ਦਾ ਕਤਲ ਕਰ ਦਿੱਤਾ।

ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ
ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

ਖਾਲਸੇ ਦੇ ਸਾਜਨਾ ਪੁਰਬ ਅਤੇ ਵਿਸਾਖੀ ਦੀ ਲੱਖ ਲੱਖ ਵਧਾਈ ਹੋਵੇ



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

**Paradise Ballrooms**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਖੂਬ ਭਰਿਆ ਗਦਰੀ ਬਾਬਿਆਂ ਨੂੰ ਸਮਰਪਿਤ 19ਵਾਂ ਸਾਲਾਨਾ ਮੇਲਾ

## ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ
## ਡਾ. ਵਰਿਆਮ ਸਿੰਘ ਸੰਧੂ ਰਹੇ ਸਰੋਤਿਆਂ ਲਈ ਖਿੱਚ ਦਾ ਕਾਰਨ

**ਫਰਿਜ਼ਨੋ (ਬਿਊਰੋ):** ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਦੇ ਸ਼ਹੀਦੀ ਸਾਕੇ ਦੀ ਸੌਵੀਂ ਬਰਸੀ ਮੌਕੇ ਇਸ ਇਤਿਹਾਸਕ ਤ੍ਰਾਸਦੀ ਨੂੰ ਯਾਦ ਕਰਨ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਪ੍ਰੋਗਰਾਮ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ 31 ਮਾਰਚ 2019 ਨੂੰ ਇਥੇ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਲੋਕ ਇਕੱਤਰ ਹੋਏ। ਇਹ ਸੰਸਥਾ ਪਿਛਲੇ 19 ਸਾਲਾਂ ਤੋਂ ਇਥੇ ਲਗਾਤਾਰ ਮੇਲੇ ਅਤੇ ਹੋਰ ਪ੍ਰੋਗਰਾਮ ਕਰਵਾ ਕੇ ਲੋਕਾਂ ਨੂੰ ਗਦਰੀ ਸ਼ਹੀਦਾਂ ਅਤੇ ਹੋਰ ਦੇਸ਼ ਭਗਤਾਂ ਦੀ ਵਿਰਾਸਤ ਨਾਲ ਜੋੜਨ ਦਾ ਕੰਮ ਕਰ ਰਹੀ ਹੈ।

ਮੇਲੇ ਦਾ ਮੁੱਖ ਆਕਰਸ਼ਣ ਮੁੱਖ ਬੁਲਾਰੇ ਪ੍ਰਸਿਧ ਕਹਾਣੀਕਾਰ ਅਤੇ ਕਈ ਕਿਤਾਬਾਂ ਦੇ ਲੇਖਕ ਡਾ. ਵਰਿਆਮ ਸਿੰਘ ਸੰਧੂ ਸਨ, ਜੋ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਵੱਧ ਗਦਰੀ ਪੈਦਾ ਕਰਨ ਵਾਲੇ ਉਸ ਪਿੰਡ ਸੁਰ ਸਿੰਘ ਦੇ ਜੰਮਪਲ ਹਨ, ਜਿਸ ਨੇ ਅਹਿਮਦ ਸ਼ਾਹ ਅਬਦਾਲੀ ਦੇ ਦਰਬਾਰ ਸਾਹਿਬ ਢਾਹੁਣ ਪਿਛੋਂ ਮੁੜ ਉਸਾਰੀ ਦੀ ਅਗਵਾਈ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਦੇ ਹਰ ਘੋਲ ਵਿਚ ਵੱਧ ਚੜ੍ਹ ਕੇ ਹਿਸਾ ਪਾਇਆ ਹੈ।

ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਡਾ. ਵਰਿਆਮ ਸਿੰਘ ਨੇ ਕਿਹਾ ਕਿ ਦੇਸ਼ ਲਈ ਕੁਰਬਾਨੀਆਂ ਕਰਨ ਵਾਲਿਆਂ ਨੂੰ ਭਾਰਤ ਦੇ ਕੌਮੀ ਸੰਘਰਸ਼ ਵਿਚ ਕਦੇ ਵੀ ਸਹੀ ਥਾਂ ਨਹੀਂ ਦਿੱਤੀ ਗਈ। ਦੇਸ਼ ਦੇ ਅਜੋਕੇ ਹਾਕਮ ਵੀ ਬਰਤਾਨਵੀ ਹਾਕਮਾਂ ਵਾਂਗ ਹੀ ਨਹੀਂ ਚਾਹੁੰਦੇ ਕਿ ਅਸਲ ਦੇਸ਼ ਭਗਤਾਂ ਦੀ ਵੀਰ ਗਾਥਾ ਲੋਕਾਂ ਸਾਹਮਣੇ ਪੇਸ਼ ਕੀਤੀ ਜਾਵੇ ਕਿਉਂਕਿ ਇਹ ਹਾਕਮ ਉਨ੍ਹਾਂ ਮਰਜੀਵੜਿਆਂ ਦੇ ਕਾਰਨਾਮਿਆਂ ਸਾਹਮਣੇ ਬੌਣੇ ਹਨ। ਭਾਰਤ ਦਾ ਇਤਿਹਾਸ ਉਸ ਦੇ ਸ਼ਹੀਦਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਜੇ ਅਸੀਂ ਚਾਹੁੰਦੇ ਹਾਂ ਕਿ ਅੱਜ ਦੇ ਨੌਜਵਾਨ ਦੇਸ਼ ਦੀ ਤਰੱਕੀ ਵਿਚ ਆਪਣਾ ਹਿੱਸਾ ਪਾਉਣ ਤਾਂ ਲੋੜ ਸ਼ਹੀਦਾਂ ਦੇ ਪਾਏ ਪੂਰਨਿਆਂ ਨੂੰ ਪਿਛੇ ਪਾਉਣ ਦੀ ਨਹੀਂ, ਸਗੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਦੀ ਹੈ।

ਡਾ. ਸੰਧੂ ਨੇ ਆਖਿਆ ਕਿ ਬਾਬਾ ਸੋਹਣ ਸਿੰਘ ਭਕਨਾ ਕਿਹਾ ਕਰਦੇ ਸਨ, ਅੰਗਰੇਜ਼ਾਂ ਦੇ ਜ਼ੁਲਮ ਤਸੀਹੇ ਅਤੇ ਮੁਕੱਦਮੇ ਮੇਰੀ ਧੌਣ ਨਹੀਂ ਝੁਕਾ ਸਕੇ ਪਰ ਆਜ਼ਾਦ ਦੇਸ਼ ਦੇ ਹਾਕਮਾਂ ਨੇ ਮੇਰੀ ਕਮਰ ਕੁੱਬੀ ਕਰ ਦਿਤੀ ਹੈ, ਜੋ ਸ਼ਹੀਦਾਂ ਦੀ ਪਿੱਠ ਲੁਆਉਣ 'ਤੇ ਤੁਲੇ ਹੋਏ ਹਨ ਅਤੇ ਲੋਕਾਂ ਨੂੰ ਵਰਗਲਾ ਕੇ ਝੂਠੇ ਪਾਠ ਪੜ੍ਹਾ ਰਹੇ ਹਨ। ਉਨ੍ਹਾਂ ਕਿਹਾ ਕਿ ਗਦਰ ਪਾਰਟੀ ਅਤੇ ਹੋਰ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਅੱਜ ਸਾਰੇ ਭਾਈਚਾਰਿਆਂ ਵਿਚ ਪਿਆਰ ਅਤੇ ਸਹਿਣਸ਼ੀਲਤਾ ਪੈਦਾ ਕਰਨ ਵਿਚ ਹੈ ਤਾਂ ਕਿ ਲੋਕਾਂ ਦੇ ਅਸਲ ਮਸਲਿਆਂ ਦੀ ਲੜਾਈ ਲੜੀ ਜਾ ਸਕੇ। ਸਾਨੂੰ ਦੇਸ਼ ਲਈ ਸ਼ਹੀਦ ਹੋਣ ਵਾਲਿਆਂ ਦੇ ਨਾਲ ਨਾਲ ਲੰਬੀਆਂ ਜੇਲ੍ਹਾਂ, ਸ਼ਖਤ ਸਜ਼ਾਵਾਂ ਤੇ ਹੋਰ ਕਈ ਅਣਕਿਆਸੇ ਤਸੀਹੇ ਸਹਿਣ ਵਾਲੇ ਦੇਸ਼ ਭਗਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਵੀ ਰਿਣੀ ਹੋਣਾ ਚਾਹੀਦਾ ਹੈ।

ਫੋਰਮ ਦੇ ਬੁਲਾਰੇ ਸ. ਗੁਰਦੀਪ ਸਿੰਘ ਅਣਖੀ ਨੇ ਸ਼ਹੀਦਾਂ ਨੂੰ ਸਿਰ ਝੁਕਾਉਂਦਿਆਂ ਕਿਹਾ ਕਿ ਅੰਗਰੇਜ਼ਾਂ ਦੇ ਘੋਰ ਜ਼ੁਲਮਾਂ ਦੇ ਸਤਾਏ ਲੋਕ ਹਰ ਤਰ੍ਹਾਂ ਦੀ ਕੁਰਬਾਨੀ ਕਰ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਤਿਆਰ ਹੋ ਗਏ ਸਨ ਅਤੇ ਜਲ੍ਹਿਆਂਵਾਲੇ ਬਾਗ ਵਿਚ 13 ਅਪਰੈਲ 1919 ਦੀ ਵਿਸਾਖੀ ਵਾਲੇ ਦਿਨ ਅਣਮਨੁਖੀ ਰੋਲਟ ਐਕਟ ਦੇ ਖਿਲਾਫ ਹੋਇਆ ਮਹਾਨ ਇਕੱਠ ਇਸ ਤਹੱਈਏ ਦਾ ਪ੍ਰਤੀਕ ਸੀ ਅਤੇ ਜਨਰਲ ਡਾਇਰ ਵਲੋਂ ਚਲਾਈ ਗਈ ਗੋਲੀ ਅੰਗਰੇਜ਼ੀ ਹਕੂਮਤ ਦੀ ਕਾਇਰਤਾ ਸੀ। ਦੇਸ਼ ਭਗਤ ਸੂਰਮਿਆਂ ਨੇ ਜੇਲ੍ਹਾਂ ਭਰ ਦਿਤੀਆਂ, ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿਚ ਅਣਮਨੁਖੀ ਤਸੀਹੇ ਝੱਲੇ, ਪਿੰਜਰਿਆਂ ਵਿਚ ਬੰਦ ਰਹੇ, ਪਰ ਕੋਈ ਜ਼ੁਲਮ ਉਨ੍ਹਾਂ ਨੂੰ ਝੁਕਾ ਨਾ ਸਕਿਆ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਫਿਰਕਾਪ੍ਰਸਤੀ ਦਾ ਭੋਗ ਪਾ ਕੇ ਗਦਰੀ ਬਾਬਿਆਂ ਦੇ ਸਾਂਝੀਵਾਲਤਾ ਦੇ ਸੁਨੇਹੇ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ ਜਾਵੇ।

ਮੇਲੇ ਦੀ ਸ਼ੁਰੂਆਤ ਛੋਟੇ ਬੱਚਿਆਂ ਨੇ ਸ਼ਹੀਦਾਂ ਦੀ ਯਾਦ ਵਿਚ ਗੀਤਾਂ, ਕਵਿਤਾਵਾਂ ਅਤੇ ਤਕਰੀਰਾਂ ਨਾਲ ਕੀਤੀ। ਇਨ੍ਹਾਂ ਬੱਚਿਆਂ ਵਿਚ ਤਰਸ਼ਨੀਤ ਬੁੱਟਰ, ਤਨਸ਼ਪ੍ਰੀਤ ਕੌਰ, ਗੁਰਲੀਨ ਸਿੱਧੂ, ਬਬਲੀਨ ਸਿੱਧੂ, ਮਹਿਕਦੀਪ ਕੌਰ, ਸਿਮਵੀਰ ਹੇਅਰ ਅਤੇ ਵਾਰਸ ਗਿੱਲ ਸ਼ਾਮਲ ਸਨ। ਇਨ੍ਹਾਂ ਬੱਚਿਆਂ ਦਾ ਮੈਡਲਾਂ ਨਾਲ ਸਨਮਾਨ ਕੀਤਾ ਗਿਆ। ਮੇਲੇ ਵਿਚ 'ਨੌਜਵਾਨ ਸੀਨੀਅਰ' ਪੰਜਾਬੀ ਅਥਲੀਟ ਗੁਰਬਖਸ਼ ਸਿੰਘ ਸਿੱਧੂ ਅਤੇ ਸੁਖਚੈਨ ਸਿੰਘ ਵੀ ਹਾਜ਼ਰ ਸਨ, ਜਿਨ੍ਹਾਂ ਦਾ ਅਮਰੀਕਾ ਵਿਚ ਸੀਨੀਅਰ ਖੇਡਾਂ ਵਿਚ ਹੈਮਰ ਥਰੋ, ਡਿਸਕਸ ਥਰੋ, ਲੌਂਗ ਜੰਪ ਅਤੇ ਟ੍ਰਿਪਲ ਜੰਪ ਦੀਆਂ ਖੇਡਾਂ ਵਿਚ ਅੱਵਲ ਪੁਜੀਸ਼ਨਾਂ ਪ੍ਰਾਪਤ ਕਰਨ ਬਦਲੇ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਨੇ ਸਨਮਾਨ ਕੀਤਾ।

ਪ੍ਰੋ. ਪਰਮਪਾਲ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀਆਂ ਸ਼ਹੀਦੀਆਂ ਦਾ ਜ਼ਿਕਰ ਕਰਦਿਆਂ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਦੇਸ਼ ਦਾ ਇਤਿਹਾਸ ਅਣਗਿਣਤ ਸ਼ਹੀਦਾਂ ਦਾ ਇਤਿਹਾਸ ਹੈ ਤੇ ਸਾਰਾ ਦੇਸ਼ ਉਨ੍ਹਾਂ ਦਾ ਰਿਣੀ ਹੈ।


ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਨੇ ਸਭ ਦਾ ਸਵਾਗਤ ਕਰਦਿਆਂ ਸੁੰਦਰ ਕਵਿਤਾਵਾਂ ਨਾਲ ਸ਼ੁਰੂਆਤ ਕੀਤੀ। ਉਨ੍ਹਾਂ ਨੇ ਵੱਖ ਵੱਖ ਬੁਲਾਰਿਆਂ, ਗਾਇਕਾਂ ਅਤੇ ਕਲਾਕਾਰਾਂ ਨੂੰ ਪੇਸ਼ ਕਰਦਿਆਂ ਆਪਣੀਆਂ ਦਿਲਚਸਪ ਅਤੇ ਕਾਵਿਕ ਗੱਲਾਂ ਨਾਲ ਸਭ ਨੂੰ ਸਟੇਜ ਨਾਲ ਜੋੜੀ ਰੱਖਿਆ। ਯਮਲਾ ਜੱਟ ਫਾਊਂਡੇਸ਼ਨ ਦੇ ਬਾਨੀ ਰਾਜ ਬਰਾੜ ਨੇ ਸ਼ਹੀਦਾਂ ਦੀ ਯਾਦ 'ਚ ਇਕ ਗੀਤ ਆਪਣੀ ਸੁਰੀਲੀ ਅਤੇ ਬੁਲੰਦ ਆਵਾਜ਼ ਵਿਚ ਪੇਸ਼ ਕੀਤਾ। ਹਰਜੀਤ ਸਿੰਘ ਮਰਸਿਡ ਨੇ ਵੀ ਇਕ ਗੀਤ ਗਾ ਕੇ ਹਾਜ਼ਰੀ ਲਵਾਈ। ਬੇਕਰਜ਼ਫੀਲਡ ਤੋਂ ਪਹੁੰਚੇ ਗਾਇਕ ਸਨੀ ਬੱਬਰ ਨੇ ਆਪਣੇ ਦੋ ਗੀਤਾਂ ਰਾਹੀਂ ਸਭ ਨੂੰ ਪ੍ਰਭਾਵਿਤ ਕੀਤਾ।

ਫਰਿਜ਼ਨੋ ਦੇ ਸੈਂਟਰਲ ਸਕੂਲ ਡਿਸਟ੍ਰਿਕਟ ਤੋਂ ਨਵੇਂ ਚੁਣੇ ਗਏ ਬੋਰਡ ਮੈਂਬਰ ਨੈਨਦੀਪ ਸਿੰਘ ਚੰਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਫੋਰਮ ਵਲੋਂ ਉਨ੍ਹਾਂ ਦਾ ਦੁਸ਼ਾਲਾ ਨਾਲ ਸਨਮਾਨ ਕੀਤਾ ਗਿਆ। ਫੋਰਮ ਦੇ ਮੀਡੀਆ ਸਕੱਤਰ ਕੁਲਵੀਰ ਹੇਅਰ ਦੀ ਬੇਟੀ ਆਂਚਲ ਹੇਅਰ ਨੇ ਆਪਣੇ ਭਾਵਪੂਰਤ ਭਾਸ਼ਣ ਰਾਹੀਂ ਸਭ ਨੂੰ ਪ੍ਰਭਾਵਿਤ ਕੀਤਾ। ਉਸ ਨੇ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਬਾਰੇ ਇਕ ਕਵਿਤਾ ਵੀ ਸੁਣਾਈ। ਉਸ ਦਾ ਨਗਦ ਇਨਾਮ ਅਤੇ ਸ਼ਾਲ ਨਾਲ ਸਨਮਾਨ ਕੀਤਾ ਗਿਆ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਸਮੁੱਚੀ ਟੀਮ ਅਤੇ ਸਥਾਨਕ ਕਾਰੋਬਾਰੀ ਚਰਨਜੀਤ ਸਿੰਘ ਬਾਠ ਵਲੋਂ ਉਘੇ ਵਿਦਵਾਨ ਤੇ ਚਿੰਤਕ ਡਾ. ਗੁਰੂਮੇਲ ਸਿੱਧੂ ਨੂੰ ਸਾਇੰਸ, ਪੰਜਾਬੀ ਸਾਹਿਤ ਅਤੇ ਗਦਰ ਪਾਰਟੀ 'ਤੇ ਖੋਜ ਆਧਾਰਤ ਚਾਰ ਪੁਸਤਕਾਂ ਲਿਖਣ ਲਈ ਅਤੇ ਡਾ. ਵਰਿਆਮ ਸਿੰਘ ਸੰਧੂ ਦਾ ਪੰਜਾਬੀ ਸਾਹਿਤ ਤੇ ਗਦਰ ਪਾਰਟੀ 'ਤੇ ਖੋਜ ਭਰਪੂਰ ਕਿਤਾਬਾਂ ਲਿਖਣ, ਗਦਰ ਪਾਰਟੀ

*(ਅਗਲੇ ਸਫੇ 'ਤੇ ਜਾਰੀ)*

























# ਖੂਬ ਭਰਿਆ 19ਵਾਂ ਸਾਲਾਨਾ ਮੇਲਾ

ਦਾ ਇਤਿਹਾਸ ਇਲੈਕਟ੍ਰਾਨਿਕ ਮੀਡੀਏ ਰਾਹੀਂ ਸਾਂਭਣ ਦੇ ਉਦਮਾਂ ਲਈ ਪਲੈਕਾਂ ਅਤੇ ਦੁਸ਼ਾਲੇ ਭੇਟ ਕਰਕੇ ਸਨਮਾਨ ਕੀਤਾ ਗਿਆ। ਗੁਰਦੀਪ ਸਿੰਘ ਅਣਖੀ ਨੇ ਸਮੁੱਚੇ ਪੰਜਾਬੀ ਭਾਈਚਾਰੇ ਵਲੋਂ ਇਨ੍ਹਾਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ।

ਇਲਾਕੇ ਦੇ ਜਾਣੇ-ਪਛਾਣੇ ਅਤੇ ਕੁਲਦੀਪ ਮਾਣਕ ਦੀ ਬੁਲੰਦ ਗਾਇਕੀ ਨੂੰ ਪ੍ਰਣਾਏ ਜੀਤਾ ਗਿੱਲ ਇਸ ਪ੍ਰੋਗਰਾਮ ਦੇ ਮੁਖ ਗਾਇਕ ਸਨ। ਉਸ ਦੀ ਸੁਰੀਲੀ ਬਲੰਦ ਆਵਾਜ਼ ਨੇ ਲੋਕਾਂ ਨੂੰ ਬੰਨ ਕੇ ਬਿਠਾ ਲਿਆ। ਪੱਪੀ ਭਦੌੜ ਨੇ ਵੀ ਇਕ ਵਧੀਆ ਗੀਤ ਗਾਇਆ।

ਹਾਈ ਸਕੂਲ ਜਾਂ ਕਾਲਜ ਦੇ 4.0 ਗਰੇਡ ਜਾਂ ਇਸ ਤੋਂ ਵੱਧ ਪ੍ਰਾਪਤੀ ਵਾਲੇ ਵਿਦਿਆਰਥੀਆਂ ਦਾ ਹਰ ਸਾਲ ਵਾਂਗ ਨਕਦ ਇਨਾਮ ਦੇ ਕੇ ਸਨਮਾਨ ਕੀਤਾ ਗਿਆ। ਰੰਗਾ ਰੰਗ ਪ੍ਰੋਗਰਾਮ ਵਿਚ ਸਿਮਰਨ ਹੇਅਰ ਵਲੋਂ ਤਿਆਰ ਕੀਤੀ ਬੱਚੀਆਂ ਦੀ ਗਿੱਧੇ ਦੀ ਟੀਮ ਅਤੇ ਫੋਰਮ ਦੀ ਸਹਿਯੋਗੀ ਸੰਸਥਾ ਜੀ. ਐਚ. ਜੀ. ਡਾਂਸ ਐਂਡ ਸੰਗੀਤ ਅਕੈਡਮੀ ਦੀਆਂ ਭੰਗੜੇ ਦੀਆਂ ਦੋ ਟੀਮਾਂ ਨੇ ਆਪਣੇ ਜੌਹਰ ਦਿਖਾਏ। ਸਭ ਬੱਚਿਆਂ ਅਤੇ ਕੋਚਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ।

ਸੁਰਿੰਦਰ ਸਿੰਘ ਜਰਨਲਿਸਟ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਨਸਲੀ ਭੇਦ ਭਾਵ ਹਾਕਮ ਜਮਾਤਾਂ ਦਾ ਹਥਿਆਰ ਹੈ ਅਤੇ ਆਪਸੀ ਵਿਚਾਰ-ਵਟਾਂਦਰਾ ਹੀ ਵੱਖ ਵੱਖ ਧਰਮਾਂ ਤੇ ਫਿਰਕਿਆਂ ਵਿਚਾਲੇ ਸਦਭਾਵਨਾ ਪੈਦਾ ਕਰ ਸਕਦਾ ਹੈ। ਲੋਕਾਂ ਵਿਚ ਵੰਡੀਆਂ ਪਾਉਣ ਦੀ ਸਿਆਸਤ ਭੱਦੀ ਸਿਆਸਤ ਹੈ। ਉਨ੍ਹਾਂ ਨੇ ਪੰਜਾਬ ਦੇ ਪਾਣੀਆਂ ਵਿਚ ਕੀਟਨਾਸ਼ਕਾਂ ਦੇ ਘੁਲ ਰਹੇ ਜ਼ਹਿਰਾਂ ਪ੍ਰਤੀ ਜਾਗਰੂਕ ਹੋਣ ਲਈ ਕਿਹਾ।


ਫੋਟੋਗ੍ਰਾਫੀ ਦੀਆਂ ਸੇਵਾਵਾਂ ਮੋਗਾ ਵੀਡੀਓ ਵਲੋਂ ਅਜੀਤ ਸਿੰਘ ਗਿੱਲ ਨੇ ਨਿਭਾਈਆਂ। ਪੀ. ਟੀ. ਸੀ. ਨਿਊਜ਼ ਚੈਨਲ ਵਲੋਂ ਸੰਜੀਵ ਕੁਮਾਰ ਨੇ ਕਵਰੇਜ਼ ਕੀਤੀ ਅਤੇ ਏ. ਬੀ. 24 ਲਾਈਵ ਟੀ. ਵੀ. ਵਲੋਂ ਸੰਜੀਵ ਭਾਰਦਵਾਜ ਨੇ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਕੀਤੀ। ਫੋਰਮ ਨੇ ਦਰਸ਼ਕਾਂ, ਸਪਾਂਸਰਾਂ ਅਤੇ ਸਹਾਇਕਾਂ ਦਾ ਧੰਨਵਾਦ ਕੀਤਾ।






























# ਰੇਡੂਆ ਸੁਣਨ ਦਾ ਝੱਲ

## ਜਦੋਂ ਰੇਡੀਓ ਵਾਲਿਆਂ ਦੀ ਹੁੰਦੀ ਸੀ ਟੌਹਰ

ਕਲਾ ਪਰਿਕਰਮਾ

ਰਾਰਾ ਰੇਡੀਓ। ਮੁਢਲੀ ਜਮਾਤ ਵਿਚ ਮਾਤ-ਭਾਸ਼ਾ ਸਿੱਖਣ ਦਾ ਇਹ ਗੁਰ ਅਜੇ ਵੀ ਕਦੇ-ਕਦੇ ਮਨ ਮਸਤਕ ਵਿਚ ਗੂੰਜ ਉਠਦਾ ਹੈ। ਰੇਡੀਓ ਮੇਰੀ ਮਾਤ-ਭਾਸ਼ਾ ਦਾ ਸ਼ਬਦ ਨਹੀਂ ਪਰ ਪਹਿਲੀ ਜਮਾਤ ਦੇ ਕੈਦੇ ਵਿਚ ਜੋ ਤਸਵੀਰਾਂ ਵਾਲੀ ਵਰਣਮਾਲਾ ਛਪੀ ਹੋਈ ਸੀ, ਉਸ ਵਿਚ ਰੇਡੀਓ ਦੀ ਤਸਵੀਰ ਦੇ ਨਾਲ 'ਰ' (ਰਾਰਾ) ਰੇਡੀਓ ਸੀ। ਹੋਰ ਅੱਖਰਾਂ ਦੇ ਨਾਲ-ਨਾਲ ਅਸੀਂ ਇਸ ਨੂੰ ਵੀ ਉਚੀ ਆਵਾਜ਼ ਵਿਚ ਬੋਲਦੇ। 'ਰਾਰਾ' ਰੇਡੀਓ ਸ਼ਾਇਦ ਸਾਡੇ ਸਾਰਿਆਂ ਲਈ ਪੰਜਾਬੀ ਸ਼ਬਦ ਹੀ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਰੇਡੀਓ ਨਾਲ ਸਾਡਾ ਵਾਹ ਪੰਜਾਬੀ ਸ਼ਬਦ ਵਜੋਂ ਹੀ ਪਿਆ।

ਬਚਪਨ ਵਿਚ ਇਹ ਸ਼ਬਦ ਮੈਨੂੰ ਸਭ ਤੋਂ ਚੰਗੇ ਲੱਗਣ ਵਾਲੇ ਸ਼ਬਦਾਂ ਵਿਚੋਂ ਇਕ ਸੀ। ਇਸ ਰਾਹੀਂ ਮੈਨੂੰ ਵਿਚਾਰਾਂ ਅਤੇ ਕਲਾਵਾਂ ਦੇ ਵਿਸ਼ਾਲ ਸੰਸਾਰ ਨਾਲ ਜੁੜਨ ਦਾ ਮੌਕਾ ਮਿਲਿਆ। ਉਂਜ ਸਾਡੇ ਘਰ ਵਿਚ ਰੇਡੀਓ ਨਹੀਂ



**ਰਾਕੇਸ਼ ਰਮਨ**
ਫੋਨ: +91-98785-31166


ਸੀ। ਸ਼ਹਿਰੀਏ ਪਿੰਡਾਂ ਵਾਲਿਆਂ ਤੋਂ ਪਹਿਲਾਂ ਰੇਡੀਓ ਲੈ ਆਏ ਸਨ। ਸ਼ਹਿਰਾਂ ਵਿਚਲੇ ਰਿਸ਼ਤੇਦਾਰ ਦੇ ਜਾਂਦੇ ਸੀ ਤਾਂ ਉਨ੍ਹਾਂ ਦੀਆਂ ਪੜਛੱਤੀਆਂ 'ਤੇ ਸਜਾ ਕੇ ਰੱਖੇ ਹੋਏ ਰੇਡੀਓ ਤੋਂ ਫਿਲਮੀ ਗਾਣੇ ਸੁਣ ਆਉਂਦੇ ਸੀ। ਚੰਗਾ ਲੱਗਦਾ ਸੀ, ਫਿਰ ਵੀ ਰੇਡੀਓ ਅਤੇ ਮੇਰੇ ਦਰਮਿਆਨ ਜੋ ਦੂਰੀ ਬਣੀ ਰਹਿੰਦੀ ਸੀ, ਉਹ ਸਦਾ ਰੜਕਦੀ ਰਹਿੰਦੀ ਸੀ। ਇਸੇ ਦੌਰਾਨ ਮਰਫੀ ਅਤੇ ਫਿਲਿਪਸ ਦੇ ਛੋਟੇ ਰੇਡੀਓ (ਟਰਾਂਜਿਸਟਰ) ਪਿੰਡਾਂ ਵਿਚ ਆ ਗਏ ਤੇ ਆਂਢ-ਗੁਆਂਢ ਵਿਚ ਰੇਡੀਓ ਸੁਣਨ ਦੀ ਸਹੂਲਤ ਹੋ ਗਈ। ਮੈਨੂੰ ਯਾਦ ਹੈ ਕਿ ਮੇਰੀ ਤਾਈ ਰੇਡੀਓ ਸੁਣਨ ਦਾ ਲਾਲਚ ਦੇ ਕੇ ਮੈਥੋਂ ਕਈ ਘਰੇਲੂ ਕੰਮ ਕਰਵਾ ਲੈਂਦੀ ਸੀ। ਮੈਨੂੰ ਇਹ ਸੌਦਾ ਖਰਾ ਲੱਗਦਾ ਸੀ, ਕਿਉਂਕਿ ਕੰਮ ਮਗਰੋਂ ਮੈਨੂੰ ਆਪਣਾ ਮਨ-ਪਸੰਦ ਸਟੇਸ਼ਨ ਲਾਉਣ ਦੀ ਖੁੱਲ੍ਹ ਮਿਲ ਜਾਂਦੀ ਸੀ।

ਉਦੋਂ ਸਟੇਸ਼ਨ ਵੀ ਗਿਣੇ-ਚੁਣੇ ਹੁੰਦੇ ਸਨ। ਇਕ ਸਟੇਸ਼ਨ ਨੂੰ ਜਲੰਧਰ ਕਹੀਦਾ ਸੀ, ਇਕ ਨੂੰ ਵਿੱਧ (ਵਿਵਿਧ) ਭਾਰਤੀ, ਇਕ ਆਲ ਇੰਡੀਆ ਰੇਡੀਓ ਸੀ। ਇਹ ਰੇਡੀਓ ਲਾਹੌਰ ਵੀ ਖਿੱਚਦੇ ਸਨ। ਸਿਲੋਨ (ਸ੍ਰੀਲੰਕਾ) ਤੋਂ ਆਉਂਦੀ ਆਵਾਜ਼ ਕਦੇ ਉਚੀ ਹੋ ਜਾਂਦੀ ਤੇ ਕਦੇ ਹੌਲੀ। ਦੱਸਿਆ ਜਾਂਦਾ ਸੀ ਕਿ ਇਹ ਸਟੇਸ਼ਨ ਸਮੁੰਦਰ 'ਤੇ ਬਣਿਆ ਹੋਇਆ ਹੈ ਤੇ ਉਥੋਂ ਆਵਾਜ਼ ਉਵੇਂ ਹੀ ਆਉਂਦੀ ਹੈ, ਜਿਵੇਂ ਸਮੁੰਦਰ ਵਿਚੋਂ ਲਹਿਰਾਂ ਜ਼ੋਰ ਨਾਲ ਉਠਦੀਆਂ ਤੇ ਫਿਰ ਪਿੱਛੇ ਮੁੜਦੀਆਂ ਹਨ। ਮਨ ਅੰਦਰ ਇਹ ਜਗਿਆਸਾ ਵੀ ਉਸਲਵੱਟੇ ਲੈਂਦੀ ਰਹਿੰਦੀ ਸੀ ਕਿ ਆਖਰ ਕਿਹੋ ਜਿਹੇ ਹੋਣਗੇ ਇਹ ਰੇਡੀਓ ਸਟੇਸ਼ਨ। ਨਾਨਕਿਆਂ ਨੂੰ ਰੇਲਗੱਡੀ ਰਾਹੀਂ ਜਾਂਦੇ ਸੀ, ਇਸ ਲਈ ਰੇਲਵੇ ਸਟੇਸ਼ਨ ਦੇਖਣ ਦਾ ਮੌਕਾ ਤਾਂ ਮਿਲਦਾ ਰਹਿੰਦਾ ਸੀ। ਬਚਪਨ ਵਿਚ ਇਹ ਰੀਝ ਸੀ ਕਿ ਕਾਸ਼! ਕਿਤੇ ਰੇਡੀਓ ਸਟੇਸ਼ਨ ਦੇਖਣ ਦਾ ਸਬੱਬ ਬਣ ਜਾਵੇ।

ਮੇਰਾ ਰੇਡੀਓ ਸੁਣਨ ਦਾ 'ਝੱਲ' ਘਰ ਵਿਚ ਕਿਸੇ ਨੂੰ ਵੀ ਪਸੰਦ ਨਹੀਂ ਸੀ। ਮੇਰੀ ਮਾਂ ਅਕਸਰ ਮੈਨੂੰ ਰੇਡੀਓ ਸੁਣਨ ਤੋਂ ਵਰਜਦੀ ਤੇ ਜਣੇ-ਖਣੇ ਕੋਲ ਮੇਰੀਆਂ ਸ਼ਿਕਾਇਤਾਂ ਕਰਨ ਲੱਗ ਪੈਂਦੀ। "ਕੀ ਕੰਮ ਫੜ ਰੱਖਿਆ ਇਹਨੇ, ਢਹਿ ਜਾਣਾ ਰੇਡੂਆ ਸੁਣਨ ਖਾਤਰ ਲੋਕਾਂ ਦਾ ਗੋਲਪੁਣਾ ਕਰੀ ਜਾਂਦਾ। ਆ ਲੈਣ ਦੇ ਘਰੇ, ਸੰਵਾਰਦੀ ਆਂ ਭੁਗਤ ਇਹਦੀ।" ਉਸ ਦੇ ਝਿੜਕਣ ਦੀ ਆਵਾਜ਼ ਗੁਆਂਢੀਆਂ ਦੇ ਘਰ ਮੇਰੇ ਕੰਨੀਂ ਪੈ ਜਾਂਦੀ ਸੀ ਪਰ ਮੈਂ ਰੇਡੀਓ ਦੇ ਮਾਮਲੇ ਵਿਚ ਪੂਰਾ 'ਢੀਠ' ਬਣਿਆ ਹੋਇਆ ਸੀ। ਅੱਜਕੱਲ੍ਹ ਦੇ ਜ਼ਮਾਨੇ ਮੁਤਾਬਕ ਕਹਿਣਾ ਹੋਵੇ ਤਾਂ ਕਹਿ ਸਕਦਾ ਹਾਂ ਕਿ ਰੇਡੀਓ ਦੇ ਮਾਮਲੇ ਵਿਚ ਮੈਂ ਕੋਈ ਵੀ ਸਮਝੌਤਾ ਕਰਨ ਲਈ ਤਿਆਰ ਨਹੀਂ ਸਾਂ।

ਮੈਂ ਮਿਥਿਆ ਹੋਇਆ ਸੀ ਕਿ ਜੋ ਮਰਜ਼ੀ ਹੋ ਜਾਵੇ, ਮਾਂ ਜੋ ਮਰਜ਼ੀ ਕਹੀ ਜਾਵੇ, ਰੇਡੀਓ ਤਾਂ ਮੈਂ ਸੁਣਾਂਗਾ ਹੀ। ਦੂਜੇ ਪਾਸੇ ਮੇਰੇ ਰੇਡੀਓ ਸੁਣਨ ਦੇ ਸ਼ੌਕ ਨੂੰ ਪਰਿਵਾਰ ਵਾਲਿਆਂ ਨੇ ਮੇਰਾ ਐਬ ਐਲਾਨ ਦਿੱਤਾ ਸੀ। ਹੁਣ ਘਰ ਵਾਲਿਆਂ ਦੀ ਨਜ਼ਰ ਵਿਚ ਮੈਂ ਕੋਈ ਐਬੀ ਸਾਂ। ਉਨ੍ਹਾਂ ਦੇ ਹਿਸਾਬ ਨਾਲ ਮੈਂ ਵਿਗੜ ਰਿਹਾ ਸਾਂ ਪਰ ਆਪਣੀ ਨਜ਼ਰ ਵਿਚ ਮੈਂ ਸੁਧਰ ਰਿਹਾ ਸਾਂ। ਮੇਰੀ ਜਾਣਕਾਰੀ ਵਿਚ ਵਾਧਾ ਹੋ ਰਿਹਾ ਸੀ ਤੇ ਜਾਣਕਾਰੀਆਂ ਹਾਸਲ ਕਰਨ ਦੇ ਮਾਮਲੇ ਵਿਚ ਸ਼ਰੀਫ ਅਤੇ ਜ਼ਿੰਮੇਦਾਰ ਭੈਣ-ਭਰਾਵਾਂ ਨੂੰ ਪਛਾੜ ਰਿਹਾ ਸਾਂ। ਇਹ ਵੀ ਸ਼ਾਇਦ ਰੇਡੀਓ ਪ੍ਰੋਗਰਾਮਾਂ ਨੂੰ ਸ਼ਿੱਦਤ ਨਾਲ ਸੁਣਨ ਦਾ ਹੀ ਨਤੀਜਾ ਸੀ ਕਿ ਬਾਅਦ ਵਿਚ ਮੈਂ ਵੱਡੀਆਂ ਜਮਾਤਾਂ ਦੀ ਪੜ੍ਹਾਈ ਦੌਰਾਨ ਰੇਡੀਓ ਵਿਚ ਕੰਮ ਕਰਦੀ ਆਵਾਜ਼ ਦੀ ਗਤੀ ਦੇ ਵਿਗਿਆਨਕ ਸਿਧਾਂਤ ਨੂੰ ਚੰਗੀ ਤਰ੍ਹਾਂ ਸਮਝਣ ਦੇ ਸਮਰੱਥ ਹੋ ਗਿਆ। ਖੈਰ! ਬਚਪਨ ਵਿਚ ਅਜਿਹੀਆਂ ਚੀਜ਼ਾਂ ਦੀ ਸੋਝੀ ਆ ਸਕਣਾ ਸੰਭਵ ਨਹੀਂ ਸੀ। ਉਦੋਂ ਤਾਂ ਬਸ ਇਹ ਲੱਗਣਾ ਹੀ ਕਾਫੀ ਹੁੰਦਾ ਸੀ ਕਿ ਕਿਹੜੇ ਰੇਡੀਓ ਸਟੇਸ਼ਨ 'ਤੇ ਕਿਹੜੇ-ਕਿਹੜੇ ਪ੍ਰੋਗਰਾਮ ਚਲਦੇ ਹਨ। ਸੁਣਨ ਵਾਲੇ ਆਪਣੇ ਮਨਪਸੰਦ ਪ੍ਰੋਗਰਾਮਾਂ ਵਿਚ ਮੈਂ ਖਬਰਾਂ ਨੂੰ ਵੀ ਥਾਂ ਦੇ ਰੱਖੀ ਸੀ।

ਪਿੰਡ ਦੇ ਬੋਹੜ ਹੇਠਾਂ ਗਰਮੀਆਂ ਦੀ ਦੁਪਹਿਰ ਕੱਟਣ ਲਈ ਰੋਜ਼ਾਨਾ ਆਉਂਦਾ ਇਕ ਬਜ਼ੁਰਗ ਨਾਲ ਰੇਡੀਓ ਵੀ ਲੈ ਕੇ ਆਉਂਦਾ। ਰੇਡੀਓ ਸਿਰਹਾਣੇ ਰੱਖ ਕੇ ਉਹ ਅਕਸਰ ਗਾਣੇ ਸੁਣਦਾ ਰਹਿੰਦਾ। ਜਦੋਂ ਖਬਰਾਂ ਆਉਣ ਲੱਗਦੀਆਂ, ਉਹ ਝੱਟ ਸਟੇਸ਼ਨ ਬਦਲ ਲੈਂਦਾ। ਇਕ ਵਾਰ ਮੈਂ ਸੁਭਾਵਿਕੀ ਉਸ ਤੋਂ ਪੁੱਛ ਬੈਠਾ, "ਬਾਬਾ ਤੂੰ ਖਬਰਾਂ ਨੀਂ ਸੁਣਦਾ ਹੁੰਦਾ?" ਉਹ ਮੁਸਕਣੀਆਂ ਹੱਸਦਾ ਉਠ ਬੈਠਾ ਤੇ ਸਿਰ ਹੇਠ ਰੱਖਿਆ ਡੱਬੀਦਾਰ ਸਾਫਾ



ਸਿਰ 'ਤੇ ਵਲੇਟਦਿਆਂ ਬੋਲਿਆ, "ਕਿਉਂ, ਖਬਰਾਂ ਕਿਉਂ ਸੁਣਾਂ? ਭਲਾ ਕੋਈ ਪਾਕਿਸਤਾਨ ਨਾਲ ਲੜਾਈ ਲੱਗੀ ਹੋਈ ਆ?" ਫਿਰ ਉਸ ਨੇ 'ਵਾਜੇ' ਦਾ ਕੰਨ ਮਰੋੜਿਆ, ਗਾਣਾ ਵੱਜ ਉਠਿਆ- 'ਮੇਰੀ ਐਸੀ ਝਾਂਜਰ ਛਣਕੇ।' ਸੁਣ ਕੇ ਬਜ਼ੁਰਗ ਦੀਆਂ ਵਾਛਾਂ ਖਿੜ ਗਈਆਂ ਤੇ ਉਸ ਨੇ ਮੈਨੂੰ ਵੀ ਇਹੋ ਸਲਾਹ ਦਿੱਤੀ ਕਿ ਮੈਂ ਵੀ ਗਾਣੇ ਸੁਣਿਆ ਕਰਾਂ। ਖਬਰਾਂ ਉਹੀ ਲੋਕ ਸੁਣਦੇ ਸਨ, ਜਿਨ੍ਹਾਂ 'ਚ ਦੇਸ਼ ਦੁਨੀਆਂ ਨੂੰ ਜਾਣਨ ਦੀ ਵਧੇਰੇ ਉਤਸੁਕਤਾ ਹੁੰਦੀ ਸੀ। ਬਹੁਤੇ ਲੋਕ ਗਾਣੇ ਸੁਣ ਕੇ ਮਨ ਪਰਚਾਉਂਦੇ ਤੇ ਜੀਵਨ ਦੇ ਕਈ ਖੇਤਰਾਂ ਨਾਲ ਸਬੰਧਤ ਪ੍ਰੋਗਰਾਮ ਸੁਣ ਕੇ ਜਾਣਕਾਰੀ 'ਚ ਵਾਧਾ ਕਰਦੇ।

ਇਸ ਤੋਂ ਅੱਗੇ ਜਾ ਕੇ ਇਕ ਸਮੇਂ ਰੇਡੀਓ ਸ਼ੌਕੀਨੀ ਦਾ ਪ੍ਰਤੀਕ ਬਣ ਗਿਆ। ਪਿੰਡਾਂ 'ਚ ਨੱਤੀਆਂ ਵਾਲੇ ਕਈ ਗੱਭਰੂ ਆਪਣੇ ਲਾਇਸੈਂਸੀ ਸਾਈਕਲਾਂ 'ਤੇ ਸਵਾਰ ਹੋ ਕੇ ਜਦੋਂ ਵਾਂਢੇ ਜਾਂਦੇ ਤਾਂ ਮੋਢੇ 'ਤੇ ਟਰਾਂਜਿਸਟਰ ਵੀ ਲਟਕਾ ਲੈਂਦੇ। ਟਰਾਂਜਿਸਟਰ ਉਪਰ ਵੱਧਰੀ ਵਾਲਾ ਚਮੜੇ ਦਾ ਕਵਰ ਚੜ੍ਹਿਆ ਹੁੰਦਾ। ਵੱਧਰੀ ਰਾਹੀਂ ਟਰਾਂਜਿਸਟਰ ਨੂੰ ਆਸਾਨੀ ਨਾਲ ਮੋਢੇ 'ਤੇ ਟੰਗਿਆ ਜਾ ਸਕਦਾ ਸੀ। ਜਦੋਂ ਸਾਡੇ ਘਰ ਪਹਿਲਾ ਟਰਾਂਜਿਸਟਰ ਆਇਆ ਅਤੇ ਜਦੋਂ ਮੈਂ ਤੇ ਮੇਰਾ ਵੱਡਾ ਭਰਾ ਸਾਈਕਲ ਚਲਾਉਣ ਜੋਗੇ ਹੋਏ, ਆਪਣੇ ਪਿੰਡ ਤੋਂ ਤਿੰਨ ਕੁ ਮੀਲ ਦੂਰ ਆਪਣੀ ਰਿਸ਼ਤੇਦਾਰੀ ਵਿਚ ਅਸੀਂ ਵੀ ਇਸੇ ਅੰਦਾਜ਼ ਵਿਚ ਟਰਾਂਜਿਸਟਰ ਲੈ ਕੇ ਗਏ। ਸਾਰੇ ਰਾਹ ਡਰਦੇ ਹੀ ਗਏ ਤੇ ਡਰਦੇ ਹੀ ਮੁੜੇ ਕਿ ਕਿਤੇ ਕੋਈ ਰੇਡੀਓ ਹੀ ਨਾ ਖੋਹ ਲਵੇ। ਜਦੋਂ ਰਿਸ਼ਤੇਦਾਰਾਂ ਨੇ ਵਿਹੜੇ 'ਚ ਸਾਡੇ ਲਈ ਮੰਜਾ ਡਾਹਿਆ ਤਾਂ ਅਸੀਂ ਟੌਹਰ ਨਾਲ ਬੈਠੇ। ਸਾਡੇ ਕੋਲ ਰੇਡੀਓ ਜੋ ਸੀ।

ਰੇਡੀਓ 'ਤੇ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮ ਸਮਾਜ ਦੇ ਹਰ ਵਰਗ ਨਾਲ ਸਬੰਧ ਰੱਖਣ ਵਾਲੇ ਹੁੰਦੇ। ਹਰ ਵਰਗ ਦੀ ਹਾਲਤ ਨੂੰ ਧਿਆਨ ਵਿਚ ਰੱਖ ਕੇ ਬਣਾਏ ਪ੍ਰੋਗਰਾਮ। ਜਾਣਕਾਰੀ ਵਿਚ ਵਾਧਾ ਕਰਨ ਵਾਲੇ। ਸੇਧ ਦੇਣ ਵਾਲੇ ਅਤੇ ਵੰਨ-ਸੁਵੰਨੇ ਪ੍ਰੋਗਰਾਮ। ਰੇਡੀਓ ਸਟੇਸ਼ਨ ਉਪਰ ਇਹ ਸੌਖਿਆਂ ਹੀ ਉਪਲੱਬਧ ਹੁੰਦੇ; ਜਿਵੇਂ ਅੱਜ ਕੱਲ੍ਹ ਟੀ.ਵੀ. ਉਪਰ ਚੰਗੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ ਪਰ ਉਹ ਅਕਸਰ ਚੈਨਲਾਂ ਦੀ ਭੀੜ ਵਿਚ ਗੁਆਚੇ ਹੋਏ ਹੁੰਦੇ ਹਨ। ਰੇਡੀਓ ਦੇ ਜ਼ਮਾਨੇ ਵਿਚ ਚੰਗਿਆਈ ਦੀ ਇਹੋ ਜਿਹੀ ਦੁਰਦਸ਼ਾ ਨਹੀਂ ਸੀ ਹੁੰਦੀ। ਪ੍ਰੋਗਰਾਮ ਦੀ ਪੇਸ਼ਕਾਰੀ ਬੜੀ ਜ਼ਬਰਦਸਤ ਹੁੰਦੀ। ਪ੍ਰੋਗਰਾਮ ਦਾ ਸ਼ੁਰੂਆਤੀ ਸੰਗੀਤ ਹੀ ਮਨ ਨੂੰ ਮੋਹ ਲੈਂਦਾ ਸੀ ਤੇ ਸੁਤੇ-ਸਿੱਧ ਹੀ ਮਨ ਦੀ ਇਕਾਗਰਤਾ ਕਾਇਮ ਹੋ ਜਾਂਦੀ ਸੀ।

ਮਿਸਾਲ ਵਜੋਂ 'ਜ਼ਰਾਇਤੀ ਪ੍ਰੋਗਰਾਮ' ਦੇ ਆਰੰਭ ਵਿਚ ਅਲਗੋਜ਼ਿਆਂ ਦਾ ਸੰਗੀਤ ਹੁੰਦਾ ਸੀ। ਅਲਗੋਜ਼ਿਆਂ ਦਾ ਜਾਦੂ ਤਾਂ ਉਂਜ ਹੀ ਦਿਹਾਤੀ ਸਰੋਤੇ ਦੇ ਸਿਰ ਚੜ੍ਹ ਕੇ ਬੋਲਦਾ ਹੈ। ਦਹਾਕਿਆਂ ਤਕ 'ਜ਼ਰਾਇਤੀ' ਤੇ 'ਦਿਹਾਤੀ ਪ੍ਰੋਗਰਾਮ' ਪੰਜਾਬੀ ਸਰੋਤਿਆਂ ਦੇ ਮਨਭਾਉਂਦੇ ਪ੍ਰੋਗਰਾਮ ਰਹੇ। ਇਹ ਪ੍ਰੋਗਰਾਮ ਪੰਜਾਬ ਦੇ ਹਰੇ ਇਨਕਲਾਬ ਨੂੰ ਵੱਡਾ ਹੁਲਾਰਾ ਵੀ ਦਿੰਦੇ ਰਹੇ ਤੇ ਕਈ ਸਾਰੀਆਂ ਹੋਰ ਨਵੀਆਂ ਸਮਾਜਿਕ ਤਬਦੀਲੀਆਂ ਦੇ ਵਾਹਕ ਵੀ ਬਣੇ। ਇਸ ਬਾਰੇ ਕੋਈ ਵੀ ਦੋ ਰਾਵਾਂ ਨਹੀਂ ਕਿ ਰੇਡੀਓ ਵਾਲਿਆਂ ਕੋਲ ਬੜੇ ਪ੍ਰਤਿਭਾਸ਼ਾਲੀ ਪੇਸ਼ਕਾਰ ਸਨ ਜਿਨ੍ਹਾਂ ਦੀ ਕਲਾਤਮਕ ਪੇਸ਼ਕਾਰੀ ਬੇਜੋੜ ਸੀ। ਇਹ ਨਿਰੇ ਪੇਸ਼ਕਾਰ ਵੀ ਨਹੀਂ ਸਨ ਸਗੋਂ ਨਾਟਕਾਂ ਵਿਚ ਆਵਾਜ਼ ਵੀ ਦਿੰਦੇ ਸਨ, ਵਾਰਤਾ ਪੇਸ਼ ਕਰਨ ਦੇ ਮਾਹਿਰ ਵੀ ਸਨ, ਪ੍ਰੋਗਰਾਮਾਂ ਵਿਚ ਵਾਰਤਾਲਾਪ ਵੀ ਕਰਦੇ ਸਨ। ਗੱਲ ਕੀ, ਸੋਲਾਂ ਕਲਾਂ ਸੰਪੂਰਨ ਹੁੰਦੇ ਸਨ। ਰੇਡੀਓ ਪ੍ਰੋਗਰਾਮਾਂ ਵਿਚ ਉਨ੍ਹਾਂ ਦੇ ਨਾਮ ਕੁਝ ਹੋਰ ਹੁੰਦੇ ਸਨ ਜਿਵੇਂ: ਭਾਈਆ ਜੀ, ਠੰਢੂ ਰਾਮ, ਰੌਣਕੀ ਰਾਮ, ਫੌਜਾ ਸਿੰਘ, ਮਾਸਟਰ ਜੀ ਆਦਿ। ਮੈਨੂੰ ਇਸ ਗੱਲ ਦੀ ਅੰਦਰੋ-ਅੰਦਰੀ ਬੜੀ ਖੁਸ਼ੀ ਹੁੰਦੀ ਸੀ ਕਿ ਮੈਂ ਉਨ੍ਹਾਂ ਦੇ ਅਸਲੀ ਨਾਂ ਜਾਣਦਾ ਹਾਂ।

ਵਿਸ਼ੇਸ਼ ਪ੍ਰੋਗਰਾਮਾਂ ਦੇ ਪੇਸ਼ਕਾਰ ਪ੍ਰੋਗਰਾਮ ਨੂੰ ਬੜੇ ਸਹਿਜ ਢੰਗ ਨਾਲ ਸ਼ੁਰੂ ਕਰਦੇ ਸਨ। ਦਿਹਾਤੀ ਪ੍ਰੋਗਰਾਮ ਇਉਂ ਪੇਸ਼ ਕੀਤਾ ਜਾਂਦਾ ਸੀ, ਜਿਵੇਂ ਤ੍ਰਿਕਾਲਾਂ ਵੇਲੇ ਕਿਸੇ ਦੇ ਘਰ ਗੱਲਾਂਬਾਤਾਂ ਕਰਨ ਲਈ ਕੁਝ ਗਿਣੇ-ਚੁਣੇ ਲੋਕ ਇਕੱਠੇ ਹੋ ਰਹੇ ਹੋਣ। 2-3 ਬੰਦੇ ਪੱਕੇ, ਬਾਕੀ ਹਿੱਸਾ ਲੈਣ ਵਾਲੇ ਮਾਹਿਰ ਤੇ ਹੁਨਰਮੰਦ। ਇਹ ਪੱਕੇ ਬੰਦੇ ਬਾਹਰੋਂ ਆਉਣ ਵਾਲੇ ਮਾਸਟਰ ਜੀ ਜਾਂ ਭਾਈਆ ਜੀ ਨੂੰ ਦਰਵਾਜ਼ਾ ਲੰਘ ਆਉਣ ਦਾ ਸੱਦਾ ਦਿੰਦੇ ਤੇ ਕੋਈ ਵੀ ਗੱਲ ਸਵਾਲ ਰੂਪ ਵਿਚ ਪੁੱਛ ਲੈਂਦੇ, ਜਿਵੇਂ 'ਕੀ ਗੱਲ ਭਾਈਆ ਜੀ ਬੜੇ ਘਬਰਾਏ ਹੋਏ ਹੋ?' ਉਹ ਅੱਗਿਓਂ ਗਲੀ ਵਿਚ ਅਵਾਰਾ ਕੁੱਤਿਆਂ ਦੀ ਭਰਮਾਰ ਦਾ ਵੇਰਵਾ ਪਾਉਂਦਾ ਤੇ ਇਉਂ ਗੱਲਬਾਤ ਸੁਭਾਵਿਕ ਜਿਹੇ ਢੰਗ ਨਾਲ ਹਲਕਾਅ ਦੀ ਬਿਮਾਰੀ ਬਾਰੇ ਹੋਣ ਲੱਗਦੀ ਅਤੇ ਗੱਲਬਾਤ ਦੀ ਅਗਲੀ ਕੜੀ ਵਿਚ ਕੋਈ ਮਾਹਿਰ ਹਲਕਾਅ ਦੀ ਬਿਮਾਰੀ ਬਾਰੇ ਵਾਰਤਾ ਪੇਸ਼ ਕਰ ਦਿੰਦਾ। ਕਦੇ ਕੋਈ ਸਮਾਜਕ ਕੁਰੀਤੀਆਂ ਬਾਰੇ, ਕਦੇ ਫਸਲਾਂ ਦੇ ਰੋਗਾਂ ਬਾਰੇ, ਫਸਲਾਂ ਬਾਰੇ, ਉਨਤ ਕਿਸਮਾਂ ਬਾਰੇ, ਅਣਮੁੱਕ ਵਿਸ਼ੇ ਹੁੰਦੇ ਸਨ। ਇਸ ਪ੍ਰੋਗਰਾਮ 'ਤੇ ਵਾਰਤਾਲਾਪ ਰਾਹੀਂ ਪੇਸ਼ਕਾਰ ਕਦੇ ਸੰਜੀਦਾ ਤੇ ਕਦੇ ਰੰਗਾ-ਰੰਗ ਮਾਹੌਲ ਉਸਾਰ ਦਿੰਦੇ ਸਨ। ਸਰੋਤੇ ਨੂੰ ਮਹਿਸੂਸ ਹੋਣ ਲੱਗਦਾ ਸੀ ਕਿ ਪ੍ਰੋਗਰਾਮ ਦਾ ਸਮਾਂ ਬਹੁਤ ਘੱਟ ਹੈ।


ਹਰ ਪ੍ਰੋਗਰਾਮ ਦੀ ਵੀ ਆਪਣੀ ਵੱਖਰੀ ਮੌਲਿਕ ਪਛਾਣ ਹੁੰਦੀ ਸੀ। 'ਜਵਾਂ ਤਰੰਗ' 'ਤ੍ਰਿੰਝਣ', 'ਗੁਰਬਾਣੀ ਵਿਚਾਰ', 'ਫੌਜੀ ਭਾਈਆਂ ਦਾ ਪ੍ਰੋਗਰਾਮ', 'ਫਿਲਮੀ ਗੀਤਾਂ ਦਾ ਫਰਮਾਇਸ਼ੀ ਪ੍ਰੋਗਰਾਮ'। ਮਤਲਬ ਹਰ ਵਰਗ ਦੀ ਲੋੜ ਤੇ ਰੰਗ ਵਿਚ ਰੰਗਿਆ ਪ੍ਰੋਗਰਾਮ ਰੇਡੀਓ 'ਤੇ ਹੁੰਦਾ ਸੀ। ਖਬਰਾਂ ਨਵੀਆਂ ਤੇ ਤਾਜ਼ਾ ਹੁੰਦੀਆਂ ਸਨ ਜੋ ਨਾਮਵਰ ਏਜੰਸੀਆਂ ਦੇ ਹਵਾਲੇ ਨਾਲ ਪੇਸ਼ ਹੁੰਦੀਆਂ ਸਨ। ਹੁਣ ਵਾਂਗ ਚੌਵੀ ਘੰਟੇ ਇਕੋ ਖਬਰ ਨਹੀਂ ਸੀ ਦੁਹਰਾਈ ਜਾਂਦੀ। ਲੋਕਾਂ ਨੇ ਇਹ ਮੁਹਾਵਰਾ ਵੀ ਬਣਾ ਲਿਆ ਸੀ: 'ਰੇਡੀਓ ਦੂਜੀ ਵਾਰ ਖਬਰ ਨਹੀਂ ਦਿੰਦਾ।'

ਆਖਰ ਰੇਡੀਓ ਸਟੇਸ਼ਨ ਨੂੰ ਅੰਦਰੋਂ ਦੇਖਣ ਦੀ ਮੇਰੀ ਚਿਰੋਕਣੀ ਰੀਝ ਪੂਰੀ ਹੋ ਗਈ। ਬਾਰਾਂ ਕੁ ਸਾਲ ਪਹਿਲਾਂ ਜਲੰਧਰ ਰੇਡੀਓ ਸਟੇਸ਼ਨ ਦੇ ਇਕ ਪ੍ਰੋਗਰਾਮ ਪ੍ਰੋਡਿਊਸਰ ਦਾ ਸੱਦਾ ਆਇਆ। ਬੁਲਾਵੇ ਅਨੁਸਾਰ, ਮੈਂ ਸ਼ਾਇਰ ਸੁਰਜੀਤ ਪਾਤਰ ਦੀ ਇੰਟਰਵਿਊ ਕਰਨੀ ਸੀ। ਉਹ ਦਿਨ ਮੇਰੇ ਲਈ ਯਾਦਗਾਰੀ ਹੋ ਨਿਬੜਿਆ, ਦੋ ਖੁਸ਼ੀਆਂ ਇਕੱਠੀਆਂ ਹਾਸਲ ਹੋਈਆਂ। ਮੈਂ ਰੇਡੀਓ ਸਟੇਸ਼ਨ ਦੀ ਅੰਦਰਲੀ ਦੁਨੀਆਂ ਵੀ ਦੇਖ ਸਕਿਆ ਤੇ ਇੰਟਰਵਿਊ ਮਗਰੋਂ ਸੁਰਜੀਤ ਪਾਤਰ ਨੇ ਮੇਰੇ ਅੰਦਾਜ਼ ਦੀ ਭਰਵੀਂ ਤਾਰੀਫ ਵੀ ਕੀਤੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਅਪਰੈਲ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-373



*ਮਿੱਟੀ ਦੇ ਵਿਚ ਮਿੱਟੀ ਹੋਇਆ ਸ਼ਾਹ ਵੇਲਾ ਇੰਜ ਕਰਦਾ ਹਾਂ।*
*ਤੰਗੀਆਂ-ਫੰਗੀਆਂ ਕੱਟਦਾ ਵੀ ਮੈਂ ਢਿੱਡ ਦੇਸ਼ ਦਾ ਭਰਦਾ ਹਾਂ।*

## ਕੈਪਸ਼ਨ ਮੁਕਾਬਲਾ-371



ਸਾਂਝੇ ਚੁੱਲ੍ਹੇ-ਸਾਂਝੇ ਟੱਬਰ
ਸਾਂਝੀਆਂ ਰਹੀਆਂ ਨਾ ਸੱਥਾਂ।
ਨੂੰਹ ਆਉਂਦੀ ਕਹਿੰਦੀ ਅੱਡ ਹੋਣਾ
ਅੱਗੋਂ ਪੁੱਤ ਦਿਖਾਉਂਦਾ ਅੱਖਾਂ।
ਗੈਸ ਸਿਲੰਡਰ ਵਿਕਣੇ ਆਉਂਦੇ
ਚੜ੍ਹਨ ਕਾਪੀਆਂ ਉਤੇ।
ਸਬਸਿਡੀ ਹੈ ਬੈਂਕ 'ਚੋਂ ਮਿਲਦੀ
ਫਿਰ ਵੀ ਸਰਨ ਨਾ ਬੁੱਤੇ।
ਲੱਕੜੀ, ਗੋਹਾ ਬਾਲਣ ਸੀ ਚੰਗੇ
ਗੈਸਾਂ ਨੇ ਕਈ ਰੋਗ ਸਹੇੜੇ
ਕਾਲਾ ਪੀਲੀਆ, ਕੈਂਸਰ, ਗਠੀਆ
ਆ ਵੜਿਆ ਸਾਡੇ ਵਿਹੜੇ।

*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਚੁੱਲ੍ਹੇ ਦੁਆਲੇ ਇਕੱਠੇ ਬਹਿ ਕੇ
ਖਾਣ ਦਾ ਅਜ਼ਬ ਨਜ਼ਾਰਾ ਆਵੇ।
ਤੱਤੀ ਤੱਤੀ, ਤਵੇ ਤੋਂ ਲਹਿੰਦੀ
ਸਿੱਧੀ ਥਾਲ 'ਚ ਆਈ ਜਾਵੇ।
ਢਿੱਡ ਭਰਦਾ ਪਰ ਮਨ ਨ੍ਹੀਂ ਭਰਦਾ
ਸੁਆਦ ਵੀ ਆਪਣਾ ਰੰਗ ਦਿਖਾਵੇ।
ਵਿਚ ਸਿਆਲਾਂ ਨਿੱਘ ਚੁੱਲ੍ਹੇ ਦਾ
ਮੋਹ ਦੇ ਵਿਚ ਵੀ ਨਿੱਘ ਲਿਆਵੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਛਾਹ ਵੇਲੇ ਦਾ ਸਮਾਂ ਹੋਇਆ
ਬੀਬੀ ਨੇ ਚੁੱਲ੍ਹਾ ਤਾਇਆ।
ਮੂਲੀਆਂ ਵਾਲੇ ਪੱਕਣ ਪਰੌਂਠੇ
ਦਹੀਂ, ਮੱਖਣ ਵਰਤਾਇਆ।
ਪੁੱਤਰ ਫੜ ਫੜ ਲੇੜ੍ਹੀ ਜਾਵਣ
ਲੱਸੀ ਨੇ ਮਜ਼ਾ ਵਧਾਇਆ।
ਭਾਵੇਂ ਪੈਰਾਂ ਭਾਰ ਬੈਠੇ ਖਾਵਣ
ਅਨੰਦ ਹੋਟਲ ਦਾ ਆਇਆ।

*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*

---

ਸਾਰਾ ਟੱਬਰ, ਇੱਕੋ ਵੇਲੇ
ਮਾਂ ਸਭ ਨੂੰ ਕੋਲ ਬਿਠਾਉਣਾ।
ਤਵਿਓਂ ਲਹਿੰਦੀ ਰੋਟੀ ਖਾਂਦੇ
ਨਿੱਘ, ਪਿਆਰ ਵਰਤਾਉਣਾ।
ਬੀਤ ਗਿਆ, ਸੁਨਹਿਰੀ ਯੁਗ
ਮੁੜ ਕੇ ਹੱਥ ਨਹੀਂ ਆਉਣਾ।

*-ਦਵਿੰਦਰ ਕੌਰ*

---

ਗੋਟੇ, ਪੀੜ, ਪੱਤੇ, ਲੱਕੜਾਂ, ਖੇਰੀ
ਬਿਨ ਮੁੱਲ ਜੋ ਵੀ ਮਰਜ਼ੀ ਲੈ ਲਓ।
ਜਿਉਂ ਜਿਉਂ ਝੋਕੋ,
ਤਾਅ ਦੂਣ ਸਵਾਇਆ ਹੁੰਦਾ।
ਟਾਪ ਰੜ੍ਹੇ ਇਕ ਪਿਛੋਂ ਦੂਜੀ।
ਲੈ ਮੂੜ੍ਹਾ, ਪਟੜਾ, ਪੀੜ੍ਹੀ
ਲਹਿੰਦੀ ਲਹਿੰਦੀ ਬੈਠ ਟੱਬਰ ਖਾਵੇ
ਅਨੰਦ ਫੁੱਲਿਆ ਨਾ ਸਮਾਵੇ
ਇਕੱਠੇ ਬੈਠ
ਸਾਂਝੀਵਾਲਤਾ ਦਾ ਸਬਕ ਸਿਖਾਵੇ।
ਵਿਹੜਾ ਖੁੱਲ੍ਹਾ ਚਾਰੇ ਪਾਸੀਂ
ਲੰਘਦਾ ਵੜਦਾ ਵੀ ਭੋਜਨ ਛਕੀ ਜਾਵੇ।
ਲੈ ਲਈ ਜਗ੍ਹਾ ਅੱਜ ਗੈਸ ਸਿਲੰਡਰਾਂ ਨੇ
ਖਾਲੀ ਹੋਇਆ ਸ਼ਹਿਰ ਨੂੰ ਨੱਠੇ ਜਾਓ।
ਪਹਿਲਾਂ ਜ਼ਿੰਦਗੀ ਸੀ ਬੜੀ ਸਾਦੀ
ਫੂੰ ਫਾਂ ਆ ਗਈ ਅੱਜ ਸਮਾਜ 'ਚ ਚੋਖੀ।

*-ਦਰਸ਼ਨਪਾਲ ਦੋਸਾਂਝ*

---

ਲਿਆ ਬੇਬੇ ਰੋਟੀ ਦੇ ਦੇ
ਭੁੱਖ ਲੱਗੀ ਹੈ ਭਾਰੀ।
ਹੱਥ ਮੂੰਹ ਧੋ ਕੇ ਆਣ ਮੈਂ ਬੈਠਾ
ਵੀਰ ਨਾ ਖਾ ਜਾਏ ਸਾਰੀ।
ਪਰ ਹੁਣ ਚੁੱਲ੍ਹਿਆਂ ਦੀ ਥਾਂ
ਆ ਗਏ ਗੈਸ ਸਟੋਵ,
ਟੱਬਰ ਕਿਵੇਂ 'ਕੱਠਾ ਬੈਠੇ
ਜ਼ਿੰਦਗੀ ਹੋ ਗਈ ਖਾਰੀ।

*-ਠਾਕਰ ਸਿੰਘ ਬਸਾਤੀ, ਸ਼ਿਕਾਗੋ*

# ਹਵਾਲਾ ਰਕਮ ਦੀ ਬਰਾਮਦਗੀ ਬਾਰੇ ਦਾਅਵੇ ਨੇ ਬੁਰੀ ਫਸਾਈ ਪੰਜਾਬ ਪੁਲਿਸ

**ਜਲੰਧਰ:** ਜਲੰਧਰ ਦੇ ਪਾਦਰੀ ਦੀ ਪ੍ਰਤਾਪਪੁਰਾ ਪਿੰਡ ਵਿਚਲੀ ਰਿਹਾਇਸ਼ ਤੋਂ ਫੜੀ ਕਰੋੜਾਂ ਰੁਪਏ ਦੀ ਰਕਮ ਕਈ ਘੰਟਿਆਂ ਬਾਅਦ ਦੋਰਾਹਾ ਤੋਂ ਬਰਾਮਦ ਕੀਤੇ ਜਾਣ ਦਾ ਖੰਨਾ ਪੁਲਿਸ ਵੱਲੋਂ ਕੀਤਾ ਗਿਆ ਦਾਅਵਾ ਪੁਲਿਸ ਦੇ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ।

ਖੰਨਾ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਪਾਦਰੀ ਤੇ ਉਸ ਦੇ ਸਾਥੀਆਂ ਕੋਲੋਂ ਦੋਰਾਹਾ ਕੋਲ ਨਾਕੇ 'ਤੇ 9 ਕਰੋੜ 66 ਲੱਖ ਰੁਪਏ ਤੋਂ ਵਧੇਰੇ ਰਕਮ ਫੜੀ ਗਈ ਹੈ, ਪਰ ਪਾਦਰੀ ਐਨਥਨੀ ਨੇ ਦਾਅਵਾ ਕੀਤਾ ਸੀ ਕਿ 29 ਮਾਰਚ ਦੀ ਸ਼ਾਮ ਖੰਨਾ ਪੁਲਿਸ ਮਾਰੇ ਗਏ ਛਾਪੇ ਦੌਰਾਨ ਉਸ ਦੇ ਘਰ ਪਏ 16 ਕਰੋੜ 65 ਲੱਖ ਰੁਪਏ ਲੈ ਗਈ ਸੀ ਤੇ ਅਗਲੇ ਦਿਨ ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਨੇ ਉਨ੍ਹਾਂ ਦੇ ਹਵਾਲੇ ਸਿਰਫ 9 ਕਰੋੜ 66 ਲੱਖ ਰੁਪਏ ਦੀ ਰਕਮ ਕੀਤੀ ਹੈ।

ਫਾਦਰ ਐਨਥਨੀ ਦੋਸ਼ ਲਗਾ ਰਹੇ ਹਨ ਕਿ 6 ਕਰੋੜ 65 ਲੱਖ ਰੁਪਏ ਦੀ ਰਕਮ ਖੰਨਾ ਪੁਲਿਸ ਨੇ ਖੁਰਦ-ਬੁਰਦ ਕਰ ਦਿੱਤੀ ਹੈ। ਦੋਸ਼ ਦੀ ਪੜਤਾਲ ਲਈ ਡੀ.ਜੀ.ਪੀ. ਵਲੋਂ ਤਾਇਨਾਤ ਆਈ.ਜੀ. ਪੀ.ਕੇ. ਸਿਨਹਾ ਨੇ ਦੱਸਿਆ ਕਿ ਫਾਦਰ ਐਨਥਨੀ ਤੇ ਪੁਲਿਸ ਅਧਿਕਾਰੀਆਂ ਨੂੰ ਸੱਦ ਕੇ ਇਸ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਪੁਲਿਸ ਵਲੋਂ ਨਾਕੇ 'ਤੇ ਫੜੇ ਦੱਸੇ ਜਲੰਧਰ ਦੀ ਛੋਟੀ ਬਾਰਾਂਦਰੀ ਦੇ ਵਾਸੀ ਹਰਪਾਲ ਸਿੰਘ ਹੀਰਾ ਨੇ ਦੱਸਿਆ ਕਿ 29 ਮਾਰਚ ਕਰੀਬ 3 ਵਜੇ ਦੇ ਆਸ-ਪਾਸ ਫਾਦਰ ਨੇ ਫੋਨ ਕਰਕੇ ਉਸ ਨੂੰ ਸੱਦਿਆ ਸੀ। ਪਾਦਰੀਆਂ ਦੀਆਂ ਨਿੱਜੀ ਕੰਪਨੀਆਂ ਦਾ ਦਫਤਰ ਹਰਪਾਲ ਸਿੰਘ ਦੀ ਲੁਧੇਵਾਲੀ 'ਚ ਇਮਾਰਤ ਵਿਚ ਚਲਦਾ ਹੈ। ਉਹ 3.30 ਵਜੇ ਦੇ ਕਰੀਬ ਪ੍ਰਤਾਪਪੁਰਾ ਪੁੱਜ ਗਿਆ ਸੀ ਤੇ ਫਾਦਰ ਐਨਥਨੀ ਆਪਣੇ ਕਮਰੇ 'ਚ ਬੈਠਾ ਸੀ ਤੇ ਨੋਟਾਂ ਦਾ ਭਰਿਆ ਬੈਗ ਵੀ ਉਥੇ ਪਿਆ ਸੀ। ਹਰਪਾਲ ਨੇ ਦੱਸਿਆ ਕਿ ਉਹ ਫਾਦਰ ਨਾਲ ਗੱਲ ਕਰਦਿਆਂ ਕੋਠੀ ਤੋਂ ਬਾਹਰ ਆਇਆ ਤਾਂ ਸਾਦੇ ਕੱਪੜਿਆਂ 'ਚ ਇਕਦਮ ਕਈ ਆ ਵਿਅਕਤੀ ਧਮਕੇ ਤੇ ਮੇਰੇ ਤੇ ਫਾਦਰ 'ਤੇ ਰਿਵਾਲਵਰ ਤਾਣ ਕੇ ਹੱਥ ਖੜੇ ਕਰਨ ਲਈ ਕਿਹਾ। ਇਹ ਹਥਿਆਰਬੰਦ ਵਿਅਕਤੀ ਖੰਨਾ ਪੁਲਿਸ ਦੇ ਮੁਲਾਜ਼ਮ ਸਨ, ਨੇ ਤਲਾਸ਼ੀ ਲਈ ਤੇ ਉਨ੍ਹਾਂ ਨੂੰ ਕਾਰਾਂ 'ਚ ਬਿਠਾ ਕੇ ਲੈ ਗਏ। ਰਾਤ ਭਰ ਉਨ੍ਹਾਂ ਨੂੰ ਸੀ.ਆਈ.ਏ. ਖੰਨਾ ਰੱਖ ਕੇ ਸਵੇਰੇ ਕਰੀਬ 6 ਵਜੇ ਛੱਡਿਆ। ਹਰਪਾਲ ਨੇ ਦੱਸਿਆ ਕਿ ਮੇਰੇ ਬੇਕਸੂਰ ਹੋਣ ਬਾਰੇ ਪੁਲਿਸ ਨੂੰ ਪਤਾ ਲੱਗ ਗਿਆ, ਪਰ ਉਸ ਨੇ ਦਾਅਵੇ ਨਾਲ ਕਿਹਾ ਕਿ ਨਾਕੇ 'ਤੇ ਰੋਕਣ ਦੀ ਕਹਾਣੀ 'ਚ ਕੋਈ ਸਚਾਈ ਨਹੀਂ, ਪਰ ਪੁਲਿਸ ਵਲੋਂ ਨਾਕੇ 'ਤੇ ਪਾਦਰੀ ਦੇ ਨਾਲ ਫੜਿਆ ਦਿਖਾਇਆ ਮੁੰਬਈ ਦਾ ਲਿਗਾਇਤ ਜੋੜਾ ਅਜੇ ਵੀ ਬੁਝਾਰਤ ਬਣਿਆ ਹੋਇਆ ਹੈ।

ਪੁਲਿਸ ਨੇ ਜਾਰੀ ਪ੍ਰੈੱਸ ਨੋਟ ਵਿਚ ਫੜੀ ਗਈ ਰਕਮ ਨੂੰ 'ਹਵਾਲਾ ਰਕਮ' ਦੱਸਿਆ ਸੀ, ਪਰ ਮੁੜ ਇਸ ਬਾਰੇ ਕੋਈ ਖੁਲਾਸਾ ਨਹੀਂ ਕੀਤਾ। ਇਸੇ ਤਰ੍ਹਾਂ ਸਾਊਥ ਇੰਡੀਅਨ ਬੈਂਕ ਦੀ ਜਲੰਧਰ ਬ੍ਰਾਂਚ ਦੇ ਅਧਿਕਾਰੀਆਂ ਨੇ ਵੀ ਲਿਖਤੀ ਪੱਤਰ ਜਾਰੀ ਕਰਕੇ ਸਪੱਸ਼ਟ ਕੀਤਾ ਕਿ ਜਦ ਪੁਲਿਸ ਨੇ ਪ੍ਰਤਾਪਪੁਰਾ ਰਿਹਾਇਸ਼ 'ਤੇ ਛਾਪਾ ਮਾਰਿਆ ਤਾਂ ਉਸ ਸਮੇਂ ਬੈਂਕ ਦੇ ਦੋ ਮੁਲਾਜ਼ਮ ਰਕਮ ਦੀ ਗਿਣਤੀ ਕਰ ਰਹੇ ਸਨ। ਬੈਂਕ ਦੇ ਪੱਤਰ 'ਚ ਲਿਖਿਆ ਕਿ ਬੈਂਕ ਕਰਮਚਾਰੀ ਫਾਦਰ ਵਲੋਂ ਨਿਯੁਕਤ ਨਵਪ੍ਰੀਤ ਮਸੀਹ ਦੀ ਹਾਜ਼ਰੀ 'ਚ ਕੋਠੀ ਦੀ ਪਹਿਲੀ ਮੰਜ਼ਿਲ 'ਤੇ ਰਕਮ ਗਿਣ ਰਹੇ ਸਨ। ਪੁਲਿਸ ਨੇ ਫਾਦਰ ਨੂੰ ਆਪਣੀ ਹਿਰਾਸਤ 'ਚ ਲੈ ਲਿਆ ਤੇ ਫਿਰ ਛਾਪਾ ਮਾਰਨ ਵਾਲੀ ਪਾਰਟੀ ਦੇ ਕੁਝ ਮੈਂਬਰ ਉੱਪਰ ਆਏ ਤੇ ਗਿਣੀ ਜਾ ਰਹੀ ਰਕਮ ਜਬਰੀ ਕਬਜ਼ੇ 'ਚ ਲੈ ਕੇ ਚਲੇ ਗਏ।

ਬੈਂਕ ਦੇ ਪੱਤਰ 'ਚ ਕਿਹਾ ਕਿ ਪੁਲਿਸ ਪਾਰਟੀ ਨੇ ਕਬਜ਼ੇ 'ਚ ਲਈ ਰਕਮ 'ਤੇ ਨਾ ਕੋਈ ਨਿਸ਼ਾਨ ਲਗਾਏ ਤੇ ਨਾ ਹੀ ਕੋਈ ਰਿਕਵਰੀਨਾਮਾ ਹੀ ਭਰਿਆ। ਬੈਂਕ ਦਾ ਕਹਿਣਾ ਹੈ ਕਿ ਉਨ੍ਹਾਂ ਤੋਂ ਕਬਜ਼ੇ ਵਿਚ ਲਈ ਰਕਮ 6 ਕਰੋੜ ਰੁਪਏ ਤੋਂ ਉੱਪਰ ਸੀ ਤੇ ਇਸ ਵਿਚ 4.30 ਕਰੋੜ ਰੁਪਏ ਦੇ ਦੋ ਹਜ਼ਾਰ ਦੇ ਨੋਟ ਸਨ। ਚਸ਼ਮਦੀਦ ਗਵਾਹ ਤੇ ਬੈਂਕ ਦਾ ਪੱਤਰ ਪੁਲਿਸ ਦੀ ਕਹਾਣੀ 'ਤੇ ਡੂੰਘੇ ਸਵਾਲ ਖੜ੍ਹੇ ਕਰ ਰਹੇ ਹਨ ਤੇ ਪੁਲਿਸ ਇਸ ਬਾਰੇ ਪੂਰੀ ਤਰ੍ਹਾਂ ਚੁੱਪ ਧਾਰੀ ਬੈਠੀ ਹੈ।

## ਮਨਤਾਰ ਬਰਾੜ ਨੂੰ ਅੰਤਰਿਮ ਜ਼ਮਾਨਤ

**ਚੰਡੀਗੜ੍ਹ:** ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਉਸ ਵਿਰੁੱਧ ਦਰਜ ਕੇਸ ਵਿਚ ਸ਼ਰਤਾਂ ਸਮੇਤ ਅੰਤਰਿਮ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਪੰਜਾਬ



ਅਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਮਨੋਜ ਬਜਾਜ ਨੇ 23 ਅਪਰੈਲ ਲਈ ਨੋਟਿਸ ਜਾਰੀ ਕਰਦਿਆਂ ਪਟੀਸ਼ਨਰ ਨੂੰ ਕਿਹਾ ਹੈ ਕਿ ਉਹ ਇਸ ਸਮੇਂ ਦੌਰਾਨ ਪੜਤਾਲ ਵਿਚ ਸ਼ਾਮਲ ਹੋਵੇ ਅਤੇ ਜਿਥੇ ਵੀ ਬੁਲਾਇਆ ਜਾਂਦਾ ਹੈ, ਹਾਜ਼ਰ ਹੋਵੇ।

ਮਨਤਾਰ ਬਰਾੜ ਨੂੰ ਇਹ ਜ਼ਮਾਨਤ ਸ਼ਰਤਾਂ ਸਮੇਤ ਮਿਲੀ ਹੈ। ਜੇ ਉਸ ਨੂੰ ਮੌਕੇ ਉਤੇ ਜਾਂਚ ਅਧਿਕਾਰੀ ਵੱਲੋਂ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਸਬੰਧਤ ਅਧਿਕਾਰੀ/ਜਾਂਚ ਅਧਿਕਾਰੀ ਦੀ ਤਸੱਲੀ ਲਈ ਨਿੱਜੀ ਮੁਚੱਲਕਾ ਅਤੇ ਜ਼ਾਮਨੀ ਦੇਣੀ ਹੋਵੇਗੀ ਅਤੇ ਜ਼ਮਾਨਤ ਲਾਗੂ ਹੋਵੇਗੀ। ਸ੍ਰੀ ਬਰਾੜ ਦੀ ਤਰਫੋਂ ਅਦਾਲਤ ਵਿਚ ਪੇਸ਼ ਹੁੰਦਿਆਂ ਵਕੀਲ ਆਰ.ਐਸ. ਰਾਏ ਨੇ ਕਿਹਾ ਕਿ ਪਟੀਸ਼ਨਰ ਵਿਰੁੱਧ 7 ਅਗਸਤ 2018 ਨੂੰ ਦਰਜ ਕੀਤੀ ਐਫ.ਆਈ.ਆਰ. ਵਿਚ ਇਰਾਦਾ ਕਤਲ ਅਤੇ ਧਾਰਾ 307, 323, 341,148 ਅਤੇ 149 ਤਹਿਤ ਕੇਸ ਅਤੇ ਆਰਮਜ਼ ਐਕਟ ਦੀਆਂ ਧਾਰਾਵਾਂ ਤਹਿਤ ਕੋਟਕਪੂਰਾ ਸਿਟੀ ਪੁਲਿਸ ਸਟੇਸ਼ਨ ਵਿਚ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਵਿਚ ਬਾਅਦ ਵਿਚ ਕੁਝ ਹੋਰ ਧਾਰਾਵਾਂ ਵੀ ਜੋੜੀਆਂ ਗਈਆਂ ਹਨ। ਐਫ.ਆਈ.ਆਰ. ਤੋਂ ਪਤਾ ਲੱਗਦਾ ਹੈ ਕਿ ਇਹ ਦੋਸ਼ 13 ਅਕਤੂਬਰ 2005 ਨੂੰ ਵਾਪਰੀ ਇਕ ਘਟਨਾ ਸਬੰਧੀ ਹਨ, ਜਦੋਂ ਬਹੁਤ ਵੱਡੀ ਗਿਣਤੀ ਵਿਚ ਲੋਕ ਬੇਅਦਬੀ ਦੀ ਘਟਨਾ ਵਿਰੁੱਧ ਰੋਸ ਪ੍ਰਗਟਾਉਣ ਲਈ ਇਕੱਤਰ ਹੋਏ ਸਨ। ਇਸ ਵਿਚ ਸ਼ਿਕਾਇਤਕਰਤਾ ਨੇ ਕਿਹਾ ਕਿ ਪੁਲਿਸ ਨੇ ਲੋਕਾਂ ਵਿਰੁੱਧ ਤਾਕਤ ਦੀ ਵਰਤੋਂ ਕੀਤੀ।

## *ਸੀਰੀਆ ਵਿਚ ਬੰਬ ਧਮਾਕੇ; 13 ਮੌਤਾਂ*

**ਬੈਰੂਤ:** ਉਤਰ-ਪੱਛਮੀ ਸੀਰੀਆ ਵਿਚ ਹੋਏ ਬੰਬ ਧਮਾਕਿਆਂ 'ਚ 13 ਨਾਗਰਿਕਾਂ ਦੀ ਮੌਤ ਹੋ ਗਈ। ਸਭ ਤੋਂ ਵੱਧ ਮੌਤਾਂ ਇਦਲਿਬ ਵਿਚ ਵਿਚ ਹੋਈਆਂ, ਜਿਥੇ ਗੋਲੀਬਾਰੀ ਅਤੇ ਰਾਕੇਟ ਸੁੱਟੇ ਜਾਣ ਕਾਰਨ ਨੌਂ ਜਣੇ ਮਾਰੇ ਗਏ। ਹਾਮਾ ਪ੍ਰਾਂਤ ਨੇੜਲੇ ਮਸਯਾਫ ਵਿਚ ਮੁਸਲਿਮ ਲੜਾਕੂਆਂ ਵੱਲੋਂ ਸੁੱਟੇ ਬੰਬਾਂ ਕਾਰਨ ਚਾਰ ਨਾਗਰਿਕ ਮਾਰੇ ਗਏ।

# *ਲਿਹਾਜ਼ੀ ਹੀ ਲੁੱਟ ਗਏ ਕੈਪਟਨ ਦੀ ਕਰਜ਼ ਮੁਆਫੀ ਦੇ ਨਜ਼ਾਰੇ*

**ਸੰਗਰੂਰ:** ਪੰਜਾਬ ਸਰਕਾਰ ਦੀ ਕਰਜ਼ਾ ਮੁਆਫੀ ਸਕੀਮ ਦੇ ਪਹਿਲੇ ਤੇ ਦੂਜੇ ਪੜਾਅ ਤਹਿਤ ਜ਼ਿਲ੍ਹੇ 'ਚ 589 ਯੋਗ ਕਿਸਾਨਾਂ ਦੇ ਕਰਜ਼ ਮੁਆਫ ਕੀਤੇ ਜਾ ਸਕਦੇ ਸਨ, ਪਰ ਤਿੰਨ ਪਿੰਡ ਅਜਿਹੇ ਹਨ, ਜਿਨ੍ਹਾਂ ਵਿਚ ਕਿਸੇ ਵੀ ਕਿਸਾਨ ਦਾ ਕਰਜ਼



ਮੁਆਫ ਨਹੀਂ ਹੋਇਆ। ਪੰਜਾਬ ਸਹਿਕਾਰੀ ਵਿਭਾਗ ਦੇ ਰਿਕਾਰਡ ਅਨੁਸਾਰ ਪਿੰਡ ਕੋਟਰਾ ਲਹਿਲ, ਗੋਬਿੰਦਪੁਰਾ ਜਵਾਹਰਵਾਲ ਤੇ ਰਾਮਪੁਰਾ ਜਵਾਹਰਵਾਲ ਦੇ 5 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੇ ਮਾਲ ਵਿਭਾਗ ਦੇ ਅਫਸਰਾਂ ਤੇ ਦਫਤਰ ਕੋਲ ਸਾਰੇ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਏ ਹਨ।

ਤਿੰਨਾਂ ਪਿੰਡਾਂ ਦੇ ਸੈਂਕੜੇ ਕਿਸਾਨਾਂ ਨੇ ਦਫਤਰਾਂ ਦੇ ਕਈ-ਕਈ ਚੱਕਰ ਲਾਏ ਹਨ, ਪਰ ਅਫਸਰਾਂ ਨੇ ਉਨ੍ਹਾਂ ਨੂੰ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ। ਨਿਯਮ ਮੁਤਾਬਕ ਉਨ੍ਹਾਂ ਨੂੰ ਕਰਜ਼ ਮੁਆਫੀ ਸਕੀਮ ਦੇ ਪਹਿਲੇ ਦੋ ਪੜਾਵਾਂ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ ਪਰ ਇਨ੍ਹਾਂ ਤਿੰਨਾਂ ਪਿੰਡਾਂ ਦੇ ਕਿਸੇ ਵੀ ਕਿਸਾਨ ਨੂੰ ਕੋਈ ਵਿੱਤੀ ਸਹਾਇਤਾ ਪ੍ਰਾਪਤ ਨਹੀਂ ਹੋਈ ਜਦਕਿ ਜਨਵਰੀ ਵਿਚ ਕਰਜ਼ ਮੁਆਫੀ ਸਕੀਮ ਦਾ ਤੀਜਾ ਪੜਾਅ ਵੀ ਲਾਂਚ ਕਰ ਦਿੱਤਾ ਗਿਆ ਹੈ।

ਕਿਸਾਨਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਇਲਜ਼ਾਮ ਲਾਏ ਹਨ ਕਿ ਉਨ੍ਹਾਂ ਚੋਣਵੇਂ ਕਿਸਾਨਾਂ ਦਾ ਕਰਜ਼ ਮੁਆਫ ਕਰਕੇ ਬਾਕੀਆਂ ਨਾਲ ਧੋਖਾ ਕੀਤਾ ਹੈ। ਕਿਸਾਨਾਂ ਨੇ ਵੀ ਅਧਿਕਾਰੀਆਂ ਖਿਲਾਫ ਤੁਰਤ ਕਾਰਵਾਈ ਕਰਨ ਅਤੇ ਕਰਜ਼ ਮੁਆਫੀ ਦੇ ਸਰਟੀਫਿਕੇਟ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਅਫਸਰਾਂ ਦੇ ਅੜਿੱਕੇ ਪਾਉਣ ਕਰਕੇ ਯੋਗ ਕਿਸਾਨਾਂ ਨੂੰ ਅੱਧੀ ਸਹਾਇਤਾ ਵੀ ਨਹੀਂ ਮਿਲ ਰਹੀ।

# ਚੋਣਾਂ ਨੇ ਰਗੜੇ ਅਮਲੀ, ਭੁੱਕੀ ਦੇ ਭਾਅ ਚੜ੍ਹੇ ਅਸਮਾਨੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਸਖਤੀ ਤੋਂ ਅਮਲੀ ਔਖੇ ਹਨ। ਪੰਜਾਬ ਵਿਚ ਚੋਣਾਂ ਦੇਰੀ ਨਾਲ ਹੋਣ ਕਾਰਨ ਅਜੇ ਉਮੀਦਵਾਰਾਂ 'ਗੱਫੇ' ਵੰਡਣੇ ਸ਼ੁਰੂ ਨਹੀਂ ਕੀਤੇ ਪਰ ਪੁਲਿਸ ਦੀ ਸਖਤੀ ਕਰ ਕੇ ਭੁੱਕੀ ਦੇ ਭਾਅ ਵਧ ਗਏ ਹਨ। ਰਾਜਸਥਾਨ ਵਿਚ ਭੁੱਕੀ ਦਾ ਥੋਕ ਭਾਅ ਹੁਣ ਪ੍ਰਤੀ ਕਿਲੋ 2500 ਰੁਪਏ ਤੋਂ ਵਧ ਕੇ 3500 ਰੁਪਏ ਹੋ ਗਿਆ ਹੈ।

ਇਸ ਨਾਲ ਪਰਚੂਨ ਭਾਅ ਵਿਚ 1000 ਰੁਪਏ ਪ੍ਰਤੀ ਕਿਲੋ ਦਾ ਵਾਧਾ ਹੋਇਆ ਹੈ। ਹੁਣ ਭੁੱਕੀ ਸ਼ਰੇਆਮ ਮਿਲਣੀ ਵੀ ਔਖੀ ਹੋ ਗਈ ਹੈ। ਕਾਬਲੇਗੌਰ ਹੈ ਕਿ ਪੰਜਾਬ ਪੁਲਿਸ ਨੇ ਚੋਣ ਜ਼ਾਬਤੇ ਪਿਛੋਂ ਗੁਆਂਢੀ ਸੂਬਿਆਂ ਤੋਂ ਆਉਂਦੇ ਨਸ਼ਿਆਂ 'ਤੇ ਕਾਫੀ ਸਖਤੀ ਕਰ ਦਿੱਤੀ ਹੈ। ਇਸ ਦੇ ਨਾਲ ਹੀ ਕਣਕ ਦੀ ਵਾਢੀ ਸਿਰ 'ਤੇ ਹੋਣ ਕਰਕੇ ਪੋਸਤ ਦੀ ਮੰਗ ਵਧਣ ਲੱਗੀ ਹੈ। ਭੁੱਕੀ ਦੀ ਸਪਲਾਈ ਘਟਣ ਕਰਕੇ ਭਾਅ ਵਧਣ ਲੱਗੇ ਹਨ। ਸੂਤਰਾਂ ਮੁਤਾਬਕ ਪੰਜਾਬ ਦੇ ਪਿੰਡਾਂ ਵਿਚ ਭੁੱਕੀ ਦਾ ਭਾਅ ਹੁਣ ਪਰਚੂਨ ਵਿਚ 5 ਹਜ਼ਾਰ ਰੁਪਏ ਪ੍ਰਤੀ ਕਿਲੋ ਤੱਕ ਪੁੱਜ ਗਿਆ ਹੈ। ਹਾਸਲ ਜਾਣਕਾਰੀ ਮੁਤਾਬਕ ਪੰਜਾਬ ਨਾਲ ਲੱਗਦੀ ਰਾਜਸਥਾਨ ਤੇ ਹਰਿਆਣਾ ਦੀ ਸਰਹੱਦ 'ਤੇ ਤਿੰਨ ਦਰਜਨ ਤੋਂ ਉਪਰ ਨਾਕੇ ਹਨ। ਇਸ ਕਰਕੇ ਭੁੱਕੀ ਦੀ ਤਸਕਰੀ ਕਰਨ ਵਾਲੇ ਵੀ ਸ਼ਾਂਤ ਹੋ ਗਏ ਹਨ। ਪੁਲਿਸ ਨਾਕਿਆਂ ਕਰਕੇ ਅਮਲੀ ਵੀ ਸਰਹੱਦ ਵੱਲ ਜਾਣ ਤੋਂ ਡਰਦੇ ਹਨ। ਉਧਰ, ਵੱਡੇ ਨਸ਼ਾ ਤਸਕਰਾਂ ਨੇ ਭੁੱਕੀ ਦੇ ਭਾਅ ਚੱਕ ਦਿੱਤੇ ਹਨ।

# ਆਰਥਕ ਘਾਟੇ ਨੇ ਝੰਬੀ ਪੰਜਾਬ ਦੀ ਕਿਸਾਨੀ

**ਚੰਡੀਗੜ੍ਹ:** ਫਸਲਾਂ ਦੇ ਵਧਦੇ ਲਾਗਤ ਖਰਚੇ, ਘਟਦੀ ਉਪਜ ਅਤੇ ਵਾਜਬ ਮੁੱਲ ਨਾ ਮਿਲਣ ਕਾਰਨ ਪੰਜਾਬ ਦਾ ਕਿਸਾਨ ਲਗਾਤਾਰ ਘਾਟੇ 'ਚ ਜਾ ਰਿਹਾ ਹੈ। ਖੇਤੀ ਮਾਹਿਰਾਂ ਵਲੋਂ ਸੁਝਾਏ ਸਹਾਇਕ ਧੰਦੇ ਵੀ ਕਿਸਾਨਾਂ ਦੀ ਆਰਥਿਕ



ਦਸ਼ਾ ਸੁਧਾਰਨ 'ਚ ਅਸਫਲ ਰਹੇ ਹਨ। ਕਿਸਾਨ ਦੀ ਵਾਹੀਯੋਗ ਧਰਤੀ ਵੀ ਲਗਾਤਾਰ ਘਟਦੀ ਜਾ ਰਹੀ ਹੈ। ਕਿਸਾਨ ਆਪਣੀ ਆਰਥਿਕ ਦਸ਼ਾ ਸੁਧਾਰਨ ਲਈ ਆਪਣੀ ਪੱਧਰ 'ਤੇ ਉਪਰਾਲੇ ਕਰ ਰਿਹਾ ਹੈ।ਕਿਸਾਨ ਕੰਬਾਈਨ, ਤੂੜੀ ਰੀਪਰ, ਟਰੈਕਟਰ ਆਦਿ ਲੈ ਕੇ ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਆਦਿ ਬਾਹਰਲੇ ਸੂਬਿਆਂ 'ਚ ਲਿਜਾ ਕੇ ਕਿਰਾਇਆ ਕਮਾਉਣ ਲਈ ਜਾ ਰਹੇ ਹਨ।

ਕਿਸਾਨ ਲਖਵਿੰਦਰ ਸਿੰਘ, ਗੁਰਪ੍ਰੀਤ ਸਿੰਘ ਆਦਿ ਨੇ ਦੱਸਿਆ ਕਿ ਦੂਜੇ ਸੂਬਿਆਂ 'ਚ ਜਾ ਕੇ ਹੱਡ ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਕੁਝ ਵੀ ਪੱਲੇ ਨਹੀਂ ਪੈਂਦਾ ਕਿਉਂਕਿ ਡੀਜ਼ਲ, ਲੇਬਰ, ਸੰਦਾਂ ਆਦਿ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਜਦਕਿ ਕਿਰਾਏ ਦਾ ਰੇਟ ਪਿਛਲੇ ਅੱਠ ਦਸ ਸਾਲ ਤੋਂ ਵਧਿਆ ਨਹੀਂ, ਜਿਸ ਕਾਰਨ ਹਰ ਸਾਲ ਇਹ ਕਮਾਈ ਘਾਟੇ ਦਾ ਸੌਦਾ ਬਣ ਰਹੀ ਹੈ ਅਤੇ ਮਸ਼ੀਨਰੀ ਦੀਆਂ ਕਿਸ਼ਤਾਂ ਵੀ ਪੂਰੀਆਂ ਨਹੀਂ ਹੋ ਰਹੀਆਂ।

ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ 'ਚ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾਣ ਤਾਂ ਨੌਜਵਾਨ ਕਿਸਾਨ ਦੂਜੇ ਸੂਬਿਆਂ 'ਚ ਜਾ ਕੇ ਖੇਤਾਂ ਦਾ ਘੱਟਾ ਛਾਣਨ ਦੀ ਬਜਾਏ ਆਪਣੇ ਘਰ ਪਰਿਵਾਰ 'ਚ ਰਹਿ ਕੇ ਗੁਜ਼ਾਰਾ ਕਰ ਸਕਣ। ਕਿਸਾਨਾਂ ਨੇ ਕਿਹਾ ਕਿ ਜਿਨਸਾਂ ਦੇ ਵਾਜਬ ਮੁੱਲ ਨਾ ਮਿਲਣ ਕਾਰਨ ਚਾਰ ਪੈਸੇ ਕਮਾਈ ਹੋਣ ਦੀ ਆਸ 'ਚ ਇਹ ਘਾਟੇ ਵਾਲਾ ਸੌਦਾ ਲਗਾਤਾਰ ਕਰਨ ਲਈ ਮਜਬੂਰ ਹਨ।

# ਵਿਦਿਆਰਥੀਆਂ ਨੂੰ ਕਿਤਾਬਾਂ ਤੇ ਵਰਦੀਆਂ ਬਾਰੇ ਦਾਅਵਿਆਂ ਦੀ ਨਿਕਲੀ ਫੂਕ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਕਿਤਾਬਾਂ ਦੀ ਘਾਟ ਅਤੇ ਵਰਦੀਆਂ ਦੇ ਅਧੂਰੇਪਣ ਅਤੇ ਉਨ੍ਹਾਂ ਦਾ ਪੱਧਰ ਘਟੀਆ ਹੋਣ ਸਬੰਧੀ ਉਠੇ ਵਿਵਾਦ ਨੇ ਇਕ ਵਾਰ ਫਿਰ ਸੂਬਾ ਸਰਕਾਰ ਦੀ ਸਿੱਖਿਆ ਵਿਵਸਥਾ ਅਤੇ ਸਿੱਖਿਆ ਨੀਤੀ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਂਦਾ ਹੈ। ਸਕੂਲਾਂ ਵਿਚ ਦਿੱਤੀਆਂ ਜਾਣ ਵਾਲੀਆਂ ਇਨ੍ਹਾਂ ਵਰਦੀਆਂ ਦੀ ਨੀਤੀ ਦਾ ਆਲਮ ਇਹ ਹੈ ਕਿ ਇਹ ਸਹੀ ਸਮੇਂ 'ਤੇ ਕਦੇ ਮਿਲਦੀਆਂ ਹੀ ਨਹੀਂ। ਇਸ ਸਬੰਧੀ ਵਿਵਾਦ ਬਣਿਆ ਰਹਿੰਦਾ ਹੈ ਅਤੇ ਸਮੇਂ-ਸਮੇਂ ਉਤੇ ਇਸ ਦੀ ਨੁਕਤਾਚੀਨੀ ਕੀਤੀ ਜਾਂਦੀ ਹੈ। ਇਸ ਦੇ ਬਾਵਜੂਦ ਅਧਿਕਾਰੀਆਂ ਅਤੇ ਸਿੱਖਿਆ ਵਿਭਾਗ ਉਤੇ ਕੋਈ ਅਸਰ ਨਹੀਂ ਹੁੰਦਾ ਅਤੇ ਪਰਨਾਲਾ ਉਥੇ ਦਾ ਉਥੇ ਹੀ ਰਹਿੰਦਾ ਹੈ।

ਮੌਜੂਦਾ ਸਾਲ ਵਿਚ ਵੀ ਕਿਸੇ ਤਰ੍ਹਾਂ ਦਾ ਸੁਧਾਰ ਹੋਣ ਦੀ ਸੰਭਾਵਨਾ ਨਹੀਂ ਦਿੱਸੀ। ਪਿਛਲੇ ਦਿਨੀਂ ਸਿੱਖਿਆ ਵਿਭਾਗ ਦੇ ਇਕ ਵੱਡੇ ਅਧਿਕਾਰੀ ਨੇ ਇਹ ਆਦੇਸ਼ ਜਾਰੀ ਕੀਤਾ ਸੀ ਕਿ 2 ਦਿਨ ਦੇ ਅੰਦਰ-ਅੰਦਰ ਬੱਚਿਆਂ ਨੂੰ ਕਿਤਾਬਾਂ ਹਰ ਹਾਲ ਵਿਚ ਉਪਲਬਧ ਕਰਵਾਈਆਂ ਜਾਣ। ਹਾਲਾਂਕਿ ਵਿਭਾਗ ਵੱਲੋਂ ਇਹ ਬਹਾਨਾ ਘੜਿਆ ਜਾ ਰਿਹਾ ਹੈ ਕਿ ਲੋਕ ਸਭਾ ਦੀਆਂ ਚੋਣਾਂ ਦੇ ਕਾਰਨ ਸੂਬੇ ਵਿਚ ਚੋਣ ਜ਼ਾਬਤਾ ਲਾਗੂ ਹੈ ਅਤੇ ਸਰਕਾਰਾਂ ਵਲੋਂ ਮੁਫਤ ਕਿਤਾਬਾਂ ਦਿੱਤੇ ਜਾਣ ਦਾ ਮਾਮਲਾ ਚੋਣ ਜ਼ਾਬਤੇ ਦੀ ਉਲੰਘਣਾ ਹੋਵੇਗਾ।

ਇਸ ਤੋਂ ਪਹਿਲਾਂ ਤੱਕ ਇਹ ਵਰਦੀਆਂ ਸਥਾਨਕ ਪੱਧਰ 'ਤੇ ਸਕੂਲਾਂ ਦੇ ਮੁੱਖ ਅਧਿਆਪਕ ਉਪਲਬਧ ਕਰਵਾਉਂਦੇ ਸਨ ਪਰ ਇਸ ਵਾਰ ਹਰ ਵਰਦੀ ਦੀ ਲਾਗਤ 400 ਤੋਂ ਵਧਾ ਕੇ 600 ਰੁਪਏ ਤੱਕ ਕਰ ਦਿੱਤੀ ਗਈ ਹੈ ਅਤੇ ਵਿਭਾਗ ਨੇ ਟੈਂਡਰ ਕੱਢ ਕੇ ਇਨ੍ਹਾਂ ਦੇ ਸਮੂਹਿਕ ਨਿਰਮਾਣ ਦਾ ਆਦੇਸ਼ ਵੀ ਜਾਰੀ ਕਰ ਦਿੱਤਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਵੱਡੀ ਮਾਤਰਾ ਵਿਚ ਸਰਕਾਰੀ ਰਕਮ ਦੀ ਦੁਰਵਰਤੋਂ ਕੀਤੀ ਗਈ ਅਤੇ ਜਿਸ ਮਕਸਦ ਲਈ ਇਹ ਯੋਜਨਾ ਉਲੀਕੀ ਗਈ, ਉਹ ਵੀ ਪੂਰਾ ਨਹੀਂ ਹੋਇਆ। ਇਹ ਵਰਦੀਆਂ ਸੂਬੇ ਦੇ ਕਿਸੇ ਬਾਹਰੀ ਠੇਕੇਦਾਰ ਤੋਂ ਬਣਵਾਈਆਂ ਗਈਆਂ ਦੱਸੀਆਂ ਜਾ ਰਹੀਆਂ ਹਨ, ਇਸ ਕਾਰਨ ਇਨ੍ਹਾਂ ਵਿਚ ਸੁਧਾਰ ਦੀ ਸੰਭਾਵਨਾ ਵੀ ਨਾਂਹ ਦੇ ਬਰਾਬਰ ਹੈ। ਇਥੋਂ ਤੱਕ ਕਿ ਵਰਦੀਆਂ ਲਈ ਵਰਤੇ ਗਏ ਕੱਪੜੇ ਦੀ ਘਟੀਆ ਕਿਸਮ 'ਤੇ ਵੀ ਸਵਾਲ ਉਠ ਰਹੇ ਹਨ। ਸੂਬੇ ਦੇ ਕਈ ਹਿੱਸਿਆਂ ਵਿਚ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੇ ਵਰਦੀਆਂ ਆਪਣੇ ਸਬੰਧਿਤ ਸਕੂਲਾਂ ਨੂੰ ਵਾਪਸ ਕਰ ਦਿੱਤੀਆਂ ਹਨ।

ਜੇਕਰ ਲੜਕੀਆਂ ਦੀ ਵਰਦੀਆਂ ਦੀ ਗੱਲ ਕਰੀਏ ਤਾਂ ਸਲਵਾਰ ਕਮੀਜ਼ ਪੂਰੇ ਨਹੀਂ ਆ ਰਹੇ, ਜਾਂ ਫਿਰ ਭੀੜੇ ਹਨ। ਕੋਟੀਆਂ ਸਵੈਟਰਾਂ ਦੀ ਗੱਲ ਕਰੀਏ ਤਾਂ ਇਹ ਸਫਾਈ ਵਾਲੇ ਪੋਚਿਆਂ ਜਿਹਾ ਕੱਪੜਾ ਹੈ। ਇਹ ਵਰਦੀਆਂ ਕੂੜੇ ਦਾ ਢੇਰ ਹਨ। ਪੈਂਟ-ਸ਼ਰਟ, ਕੋਟੀ-ਸਵੈਟਰ, ਜੁਰਾਬਾਂ ਦੀ ਕੀਮਤ ਗੁਣਵੱਤਾ ਮੁਤਾਬਿਕ ਬਾਜ਼ਾਰ ਦੇ ਅਨੁਸਾਰ 300 ਰੁਪਏ ਤੋਂ ਵੱਧ ਨਹੀਂ ਹੋ ਸਕੀ। ਕੁਝ ਸਕੂਲ ਮੁਖੀਆਂ ਨੇ ਦੱਸਿਆ ਕਿ ਇਹ ਟੈਂਡਰ ਸਰਕਾਰ ਨੇ ਕੀਤੇ ਹਨ, ਪਰ ਲੋਕ ਬਦਨਾਮੀ ਅਧਿਆਪਕਾਂ ਦੀ ਕਰ ਰਹੇ ਹਨ। ਵਿਦਿਆਰਥੀ ਦਾ ਨਾਪ ਲਏ ਬਿਨਾਂ ਵਰਦੀ ਕਿਸ ਤਰ੍ਹਾਂ ਤਿਆਰ ਹੋ ਸਕਦੀ ਹੈ, ਇਹ ਕਿੰਨੀ ਕੁ ਵਾਜਬ ਗੱਲ ਹੈ। ਸੂਤਰਾਂ ਤੋਂ ਇਹ ਵੀ ਜਾਣਕਾਰੀ ਮਿਲੀ ਹੈ ਕਿ ਟੈਂਡਰ ਪ੍ਰਾਪਤ ਕੰਪਨੀ ਬਾਹਰਲੇ ਸੂਬਿਆਂ ਦੀ ਹੈ, ਪਰ ਉਸ ਨੇ ਪੰਜਾਬ ਦੇ ਵੱਡੇ ਸ਼ਹਿਰਾਂ 'ਚੋਂ ਮਾਲ ਤਿਆਰ ਕਰਵਾ ਕੇ ਬੱਚਿਆਂ ਨਾਲ ਬਹੁਤ ਵੱਡਾ ਖਿਲਵਾੜ ਕੀਤਾ ਹੈ। ਸਕੂਲ ਮੁਖੀਆਂ ਨੇ ਸਿੱਖਿਆ ਮੰਤਰੀ, ਸਿੱਖਿਆ ਸਕੱਤਰ ਤੋਂ ਮੰਗ ਕੀਤੀ ਹੈ ਕਿ ਸਕੂਲਾਂ 'ਚ ਭੇਜੀਆਂ ਗਈਆਂ ਵਰਦੀਆਂ ਵਾਪਸ ਮੰਗਵਾਈਆਂ ਜਾਣ ਅਤੇ ਪ੍ਰਤੀ ਵਿਦਿਆਰਥੀ 600 ਰੁਪਏ ਸਕੂਲਾਂ ਨੂੰ ਦਿੱਤੇ ਜਾਣ ਤਾਂ ਜੋ ਬੱਚਿਆਂ ਦੇ ਨਾਪ ਅਨੁਸਾਰ ਚੰਗੀ ਗੁਣਵੱਤਾ ਵਾਲੀ ਵਰਦੀ ਸਿਲਾਈ ਕਰਵਾ ਕੇ ਦਿੱਤੀ ਜਾ ਸਕੇ।

# ਵਿਸਾਖੀ ਦੀ ਸਿਧਾਂਤਕ ਤੇ ਇਤਿਹਾਸਕ ਮਹੱਤਤਾ

ਸਿੱਖ ਧਰਮ ਵਿਚ ਵਿਸਾਖੀ ਸਿਧਾਂਤਕ ਤੇ ਇਤਿਹਾਸਕ ਮਹੱਤਤਾ ਵਾਲਾ ਗੌਰਵਮਈ ਤਿਉਹਾਰ ਹੈ। ਸਿੱਖ ਧਰਮ ਵਿਚ ਇਸ ਦਾ ਸਥਾਨ ਮੌਸਮੀ ਤੇ ਭਾਰਤੀ ਤਿਉਹਾਰ ਵਜੋਂ ਨਾ ਹੋ ਕੇ ਖਾਲਸਾ ਪੰਥ ਦੀ ਸਿਰਜਣਾ ਦੇ ਦਿਵਸ ਵਜੋਂ ਮਹੱਤਵਪੂਰਨ ਹੈ। ਵਿਸਾਖੀ ਦੇ ਤਿਉਹਾਰ ਨੂੰ ਗੁਰਦਰਸ਼ਨ ਲਈ ਇਕੱਤਰ ਹੋਣ ਦੀ ਰਵਾਇਤ, ਭਾਵ ਵਿਸਾਖੀ ਦਾ ਮੇਲਾ ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਦੀ ਆਗਿਆ ਨਾਲ ਮਨਾਇਆ ਸੀ।

1699 ਦੀ ਵਿਸਾਖੀ ਨੇ ਇਸ ਤਿਉਹਾਰ ਨੂੰ ਸਿਖਰਲਾ ਰੂਪ ਪ੍ਰਦਾਨ ਕੀਤਾ। ਇਸ ਦਿਨ ਦਸਮ

ਗੁਰਤੇਜ ਸਿੰਘ ਠੀਕਰੀਵਾਲਾ


ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਨਿਰਮਲ ਪੰਥ ਨੂੰ 'ਖਾਲਸਾ ਪੰਥ' ਦਾ ਅੰਤਿਮ ਅਤੇ ਮੁਕੰਮਲ ਸਰੂਪ ਦੇ ਕੇ ਜਿੱਥੇ ਸਿਖ ਧਰਮ ਵਿਚ 'ਗੁਰੂ ਗ੍ਰੰਥ ਤੇ ਪੰਥ' ਦਾ ਅਨੂਠਾ ਸਿਧਾਂਤ ਸਿਰਜਿਆ, ਖਾਲਸਈ ਪਛਾਣ ਤੇ ਸਰੂਪ ਨਿਸ਼ਚਿਤ ਕੀਤਾ, ਸੰਤ-ਸਿਪਾਹੀ ਦੇ ਸੁਮੇਲ 'ਤੇ ਆਧਾਰਿਤ ਧਰਮ ਤੇ ਰਾਜਨੀਤੀ ਨੂੰ ਇਕੱਠਿਆਂ ਕੀਤਾ, ਉਥੇ ਹੀ ਮਨੁੱਖੀ ਏਕਤਾ ਦੇ ਲਾਸਾਨੀ ਆਦਰਸ਼ ਨੂੰ ਐਲਾਨੀਆ ਤੌਰ 'ਤੇ ਰੂਪਮਾਨ ਕੀਤਾ। ਖਾਲਸਾ ਪੰਥ ਦੀ ਸਾਜਨਾ ਗੁਰੂ ਨਾਨਕ ਦੇਵ ਜੀ ਦੁਆਰਾ ਭੇਦ-ਭਾਵ, ਊਚ-ਨੀਚ ਦੀ ਕੰਧ ਤੋੜਨ ਹਿੱਤ ਸਥਾਪਿਤ ਸਿੱਖ ਸਿਧਾਂਤ ਦੀ ਸਿਖਰ ਸੀ। ਇਸ ਮੌਕੇ 'ਇਕੋ ਪੰਗਤ ਵਿਚ ਵੰਡ ਛਕਣ' ਤੋਂ ਵੀ ਅੱਗੇ 'ਇਕੋ ਬਾਟੇ' (ਬਰਤਨ) ਵਿਚ ਖੰਡੇ ਦੀ ਪਾਹੁਲ ਛਕਾਈ ਗਈ। ਦੁਨੀਆਂ ਵਿਚ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਪ੍ਰੋ. ਪੂਰਨ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਨੂੰ ਇਕੋ ਲੋਹੇ ਦੇ ਬਾਟੇ ਵਿਚੋਂ ਅੰਮ੍ਰਿਤ ਛਕਣ ਲਈ ਕਿਹਾ ਤਾਂ ਜੋ ਡੂੰਘੇ ਘੁੱਟਾਂ ਰਾਹੀਂ ਉਹ ਭਰਾਤਰੀਅਤ ਦਾ ਪ੍ਰੇਮ ਪੀ ਸਕਣ।

ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਚ ਖਾਲਸਾ ਸਿਰਜਣਾ ਇਤਿਹਾਸ ਦੀ ਲਾਮਿਸਾਲ ਘਟਨਾ ਹੈ। ਧਾਰਮਕ ਜਗਤ ਵਿਚ ਪਹਿਲੀ ਵਾਰ 'ਆਪੇ ਗੁਰ ਚੇਲਾ' ਦੇ ਸਿਧਾਂਤ 'ਤੇ ਅਮਲ ਦਾ ਵਰਤਾਰਾ, ਗੁਰੂ ਸਾਹਿਬ ਦੁਆਰਾ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਫਿਰ ਆਪ ਉਨ੍ਹਾਂ ਕੋਲੋਂ ਖੰਡੇ ਦੀ ਪਾਹੁਲ ਪ੍ਰਾਪਤ ਕਰਨ ਨਾਲ ਵਰਤਿਆ।

ਅਜੋਕੇ ਦੌਰ ਵਿਚ ਵਿਸ਼ਵੀਕਰਨ ਦੀ ਧਾਰਨਾ ਦਾ ਮੁੱਖ ਵਾਸਤਾ ਇਹ ਹੈ ਕਿ ਵਿਭਿੰਨ ਧਰਮਾਂ, ਜਾਤਾਂ, ਸੱਭਿਆਚਾਰਾਂ, ਰਾਸ਼ਟਰਾਂ ਤੇ ਸਮਾਜਾਂ ਦੀ ਪਕੜ ਢਿੱਲੀ ਕਰ ਕੇ ਵਿਸ਼ਵ ਦੇ ਏਕੀਕਰਨ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕੀਤਾ ਜਾਵੇ। ਏਕੀਕਰਨ ਦੀ ਇਸ ਪ੍ਰਕਿਰਿਆ ਦੇ ਮੂਲ ਆਧਾਰ ਤਾਰਕਿਕ, ਵਿਗਿਆਨਕ ਜ਼ਿਆਦਾ ਤੇ ਧਾਰਮਕ ਘੱਟ ਹਨ। ਇਸ ਪ੍ਰਸੰਗ ਵਿਚ ਦੋ ਗੱਲਾਂ ਮਹੱਤਵਪੂਰਨ ਹਨ। ਇਕ ਤਾਂ ਇਹ ਕਿ ਘੱਟ ਗਿਣਤੀ ਦੇ ਧਰਮਾਂ, ਜਾਤਾਂ ਤੇ ਵਿਕਾਸਸ਼ੀਲ ਰਾਸ਼ਟਰਾਂ ਦਾ ਵਿਸ਼ਵੀਕਰਨ ਦੀ ਧਾਰਨਾ ਤੇ ਇਸ ਦੇ ਸਰੂਪ ਨੂੰ ਨਿਰਧਾਰਿਤ ਤੇ ਪ੍ਰਭਾਵਿਤ ਕਰਨ ਵਿਚ ਕੋਈ ਵਿਸ਼ੇਸ਼ ਯੋਗਦਾਨ ਨਹੀਂ। ਇਥੇ ਵੀ 'ਤਕੜੇ ਦਾ ਸੱਤੀ ਵੀਹੀਂ ਸੌ' ਦੀ ਕਹਾਵਤ ਢੁਕਦੀ ਹੈ। ਦੂਜੀ ਗੱਲ ਇਹ ਕਿ ਸਮੁੱਚੇ ਵਿਸ਼ਵ ਨੂੰ ਇਕ ਇਕਾਈ ਦੇ ਰੂਪ ਵਿਚ ਵਿਵਸਥਿਤ ਕਰਨ ਦੇ ਇਨ੍ਹਾਂ ਤਾਰਕਿਕ ਯਤਨਾਂ 'ਚੋਂ ਧਾਰਮਕ ਤੇ ਸੱਭਿਆਚਾਰਕ ਵਖਰੇਵਿਆਂ ਤੇ ਪਛਾਣਾਂ ਦੀ ਅਣਦੇਖੀ ਹੋਣ ਦੀ ਸੰਭਾਵਨਾ ਲਗਾਤਾਰ ਬਣੀ ਰਹਿੰਦੀ ਹੈ।

ਕੁਦਰਤ ਦਾ ਨਿਯਮ ਏਕਤਾ ਹੈ, ਇਕਮਿਕਤਾ ਨਹੀਂ, ਇਕਸੁਰਤਾ ਹੈ, ਇਕਸਾਰਤਾ ਨਹੀਂ। ਇਸ ਨਿਯਮ ਅਨੁਸਾਰ ਸਿੱਖ ਧਰਮ ਬਹੁਮੁਖੀ ਕੇਂਦਰਵਾਦ ਦਾ ਧਾਰਨੀ ਹੈ। ਇਸ ਦਾ ਉਦੇਸ਼ ਏਕਤਾ ਹੈ ਨਾ ਕਿ ਇਕਮਿਕਤਾ, ਇਹ ਸਾਂਝੀਵਾਲਤਾ ਤੇ ਵਿਸ਼ਵ ਭਾਈਚਾਰੇ ਦਾ ਸੁਨੇਹਾ ਦਿੰਦਾ ਹੈ, ਨਾ ਕਿ ਸਾਂਝ ਖਤਮ ਕਰ ਕੇ ਸੁਆਰਥਮਈ ਏਕੀਕਰਨ ਦਾ ਮੁੱਦਈ ਹੈ। ਗੁਰੂ ਸਾਹਿਬਾਨ ਅਨੁਸਾਰ ਧਰਮਾਂ, ਸੱਭਿਆਚਾਰਾਂ, ਸਭਿਆਤਾਵਾਂ ਤੇ ਰਾਸ਼ਟਰਾਂ ਦੀ ਵਿਲੱਖਣ ਪਛਾਣ ਸਹਿਹੋਂਦ ਤੇ ਵਿਸ਼ਵ ਭਾਈਚਾਰੇ ਲਈ ਕੋਈ ਰੁਕਾਵਟ ਨਹੀਂ ਹੈ। ਸੱਚਾ ਮੁਸਲਮਾਨ, ਸੱਚਾ ਹਿੰਦੂ ਤੇ ਧੁਰ ਆਪੇ ਨਾਲ ਜੁੜਿਆ ਯੋਗੀ ਗੁਰੂ ਸਾਹਿਬ ਲਈ ਉਨ੍ਹਾਂ ਦੀ ਬਾਹਰੀ ਰਹਿਤ ਦੇ ਵਖਰੇਵੇਂ ਸਹਿਤ ਵੀ ਪ੍ਰਵਾਨ ਹਨ। ਇਹ ਮਨੌਤ ਧਾਰਮਕ ਸਹਿਹੋਂਦ ਤੇ ਮਨੁੱਖੀ ਭਾਈਚਾਰੇ ਲਈ ਬੇਹੱਦ ਮਹੱਤਵ ਰੱਖਦੀ ਹੈ।

ਖਾਲਸਾ ਪੰਥ ਦੇ ਰਹਿਬਰਾਂ ਦੁਆਰਾ ਜਾਰੀ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦਾ ਨਾਅਰਾ ਅਜੋਕੀ ਵਿਸ਼ਵ ਏਕੀਕਰਨ ਦੀ ਧਾਰਨਾ ਦੇ ਪ੍ਰਸੰਗ ਵਿਚ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਗੁਰੂ ਸਾਹਿਬਾਨ ਦੁਆਰਾ ਸੁਝਾਏ ਗਏ ਏਕਤਾ ਦੇ ਇਸ ਸੰਦੇਸ਼ ਪਿੱਛੇ ਧਾਰਮਕ ਤੇ ਰਾਜਨੀਤਕ



ਸੱਤਾ ਦੁਆਰਾ ਲਤਾੜੇ ਤੇ ਪਛਾੜੇ ਲੋਕਾਂ ਨੂੰ ਸਮਾਨਤਾ ਦਿਵਾਉਣ ਦੀ ਭਾਵਨਾ ਵਿਦਮਾਨ ਹੈ। ਵਰਤਮਾਨ ਸਮੇਂ ਘੱਟ ਗਿਣਤੀ ਧਰਮਾਂ, ਸਮਾਜਾਂ ਤੇ ਵਰਗਾਂ ਨੂੰ ਇਸ ਸ਼੍ਰੇਣੀ ਵਿਚ ਰੱਖ ਸਕਦੇ ਹਾਂ। ਧਰਮ-ਦਰਸ਼ਨ ਦੇ ਖੇਤਰ ਵਿਚ ਸਿੱਖ ਧਰਮ ਦੀ ਵਿਲੱਖਣ ਵਿਸ਼ੇਸ਼ਤਾ 'ਰੱਬ ਦੀ ਏਕਤਾ' ਦੇ ਸੰਕਲਪ ਦੀ ਹੈ।

ਇਥੇ ਵਿਸ਼ਾ 'ਏਕ ਓਂਕਾਰ ਦਰਸ਼ਨ' ਦੇ ਧਾਰਨੀ ਖਾਲਸਾ ਪੰਥ ਦੀ ਮਾਨਵੀ ਏਕਤਾ ਦੇ ਆਦਰਸ਼ ਸਬੰਧੀ ਅਦਾ ਕੀਤੀ ਭੂਮਿਕਾ ਬਾਰੇ ਹੈ। ਪਹਿਲਾਂ ਇਹ ਵਿਚਾਰ ਜ਼ਰੂਰੀ ਹੈ ਕਿ ਏਕਤਾ ਤੇ ਇਕਸੁਰਤਾ, ਇਕਮਿਕਤਾ ਤੇ ਇਕਸਾਰਤਾ ਦੇ ਉਲਟ ਕੁਦਰਤ ਦਾ ਨਿਯਮ ਹੈ। ਪੂਰਵ ਸਿੱਖ ਧਰਮ ਮਨੁੱਖੀ ਸਭਿਆਚਾਰ ਵਿਚ ਇਸ ਨਿਯਮ ਬਾਰੇ ਖੁੱਲ੍ਹ ਕੇ ਸਿਧਾਂਤਕ ਚਰਚਾ ਨਹੀਂ ਹੋਈ ਤੇ ਨਾ ਹੀ ਇਸ ਨੂੰ ਰੂਪਮਾਨ ਕਰਦਾ ਕੋਈ ਵਿਹਾਰਕ ਪੈਂਤੜਾ ਅਪਣਾਇਆ ਗਿਆ, ਸਗੋਂ ਬਹੁ-ਪੱਖੀ ਇਕਮਿਕਤਾ ਤੇ ਮਜ਼੍ਹਬੀ ਇਕਸਾਰਤਾ ਕਰਨ ਦੇ ਕੁਝ ਦੋਸ਼ਪੂਰਨ ਯਤਨ ਜ਼ਰੂਰ ਹੋਏ। ਸਿੱਟੇ ਵਜੋਂ ਵਿਭਿੰਨ ਸਮਾਜਾਂ ਦੀ ਸਮਾਜਕ ਏਕਤਾ ਤੇ ਰਾਜਸੀ ਇਕਸਾਰਤਾ ਦਾ ਕੋਈ ਠੋਸ ਬਾਨਣੂੰ ਸੁਲਝਾਉਂਦਾ ਵਿਚਾਰ ਨਾਕਾਫੀ ਰਿਹਾ। ਗੁਰੂ ਨਾਨਕ ਦੇਵ ਦੇ ਆਗਮਨ ਵੇਲੇ ਸਿਖਰ ਨੂੰ ਪੁੱਜੀ ਸਮਾਜਕ, ਧਾਰਮਕ ਅਸਮਾਨਤਾ ਤੇ ਤਤਕਾਲੀ ਸ਼ਾਸਕਾਂ ਵੱਲੋਂ ਭਾਰਤੀ ਲੋਕਾਂ ਨਾਲ ਧੱਕੇਸ਼ਾਹੀ ਦਾ ਮੁਕੰਮਲ ਦੌਰ ਚੱਲ ਰਿਹਾ ਸੀ। ਗੁਰੂ ਸਾਹਿਬਾਨ ਧਾਰਮਕ ਅਨੇਕਤਾ ਤੇ ਬਹੁਕੇਂਦ੍ਰਿਤ ਸਮਾਜ ਦੇ ਪੱਕੇ ਸਮਰਥਕ ਸਨ। ਮਹਾਂਕਵੀ ਭਾਈ ਸੰਤੋਖ ਸਿੰਘ ਨੇ ਧਾਰਮਕ ਏਕੀਕਰਨ ਦੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਦੀ ਗ਼ੈਰਹਾਜ਼ਰੀ ਵਿਚ ਧਾਰਮਕ ਅਨੇਕਤਾ ਖਤਮ ਹੋ ਜਾਣੀ ਸੀ। ਇਸ ਪ੍ਰਸੰਗ ਵਿਚ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦਾ ਦੂਜਾ ਪਹਿਲੂ ਸਮਾਜਕ ਏਕਤਾ ਤੇ ਭਾਈਚਾਰਾ ਸਥਾਪਿਤ ਕਰਨਾ ਸੀ।

ਗੁਰੂ ਸਾਹਿਬਾਨ ਸਾਹਮਣੇ ਸਮਾਜਕ ਤੇ ਮਨੁੱਖੀ ਏਕਤਾ ਦੇ ਆਦਰਸ਼ ਦੀ ਸਥਾਪਤੀ ਹਿਤ ਵਰਣ ਆਸ਼ਰਮ 'ਤੇ ਆਧਾਰਿਤ ਜਾਤੀ-ਪਾਤੀ ਪ੍ਰਬੰਧ ਨੂੰ ਵੰਗਾਰਨਾ ਤੇ ਖਦੇੜਨਾ ਪ੍ਰਮੁੱਖ ਕਾਰਜ ਸੀ। ਖਾਲਸੇ ਦੀ ਸਾਜਨਾ ਜਾਤੀਵਾਦੀ ਸਮਾਜ ਨਾਲੋਂ ਮੁਕੰਮਲ ਤੋੜ-ਵਿਛੋੜਾ ਸਾਬਤ ਹੋਈ। ਜਾਤ-ਪਾਤ ਵਿਚ ਵਿਸ਼ਵਾਸ ਨਾ ਰੱਖਣ ਦਾ ਨਿਯਮ ਖਾਲਸਾਈ ਵਿਧਾਨ ਦਾ ਮੁੱਖ ਹਿੱਸਾ ਬਣਿਆ। ਗੁਰੂ ਨਾਨਕ ਨੇ ਮਨੁੱਖੀ ਏਕਤਾ ਦੇ ਇਸ ਕਾਰਜ ਲਈ ਲੰਗਰ ਪ੍ਰਥਾ ਦਾ ਅਰੰਭ ਕਰ ਕੇ ਸਿੱਖ ਧਰਮ ਦੇ ਬੁਨਿਆਦੀ ਅਸੂਲ 'ਵੰਡ ਛਕੋ' ਨੂੰ ਅਮਲੀ ਜਾਮਾ ਪਹਿਨਾਇਆ। ਗੁਰੂ ਅਮਰਦਾਸ ਨੇ ਇਸੇ ਅਸੂਲ ਤਹਿਤ ਮਨੁੱਖੀ ਨਾ ਬਰਾਬਰੀ ਤੋੜਨ ਦਾ ਹੋਕਾ ਦੇ ਕੇ 'ਸੰਗਤ ਤੇ ਪੰਗਤ' ਦੀ ਸੁਮੇਲਤਾ ਪ੍ਰਦਾਨ ਕਰਦਿਆਂ ਆਪਣੇ ਹਰ ਦਰਸ਼ਨ ਅਭਿਲਾਸ਼ੀ ਨੂੰ 'ਪਹਿਲਾਂ ਪੰਗਤ ਪਾਛੈ ਸੰਗਤ' ਕਰਨ ਦਾ ਹੁਕਮ ਜਾਰੀ ਕੀਤਾ। ਭੇਦ-ਭਾਵ ਤੇ ਊਚ-ਨੀਚ ਦੀ ਕੰਧ ਤੋੜਨ ਦਾ ਇਹ ਅਭਿਆਸ ਖਾਲਸਾ ਪੰਥ ਦੀ ਸਾਜਨਾ ਵੇਲੇ ਸਿਖਰ 'ਤੇ ਪੁੱਜ ਗਿਆ ਜਦੋਂ 'ਇਕੋ ਪੰਗਤ 'ਚ ਵੰਡ ਛਕਣ' ਤੋਂ ਵੀ ਅੱਗੇ 'ਇਕੋ ਬਾਟੇ' (ਬਰਤਨ) 'ਚ ਖੰਡੇ ਦੀ ਪਾਹੁਲ ਛਕਾਈ ਗਈ।

ਖਾਲਸਾ ਪੰਥ ਦੇ ਮਨੁੱਖੀ ਏਕਤਾ ਵਾਲੇ ਅਮਲ ਦੇ ਖਾਲਸਈ ਬੋਲਿਆਂ, ਨਾਅਰਿਆਂ ਵਿਚੋਂ ਵੀ ਦਰਸ਼ਨ ਹੁੰਦੇ ਹਨ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੇ ਸਮੇਂ ਤੇ ਸਥਾਨ ਤੋਂ ਪਰ੍ਹੇ ਬ੍ਰਹਿਮੰਡੀ ਬੋਲੇ ਦਾ ਮਤਲਬ ਹੈ ਖਾਲਸਾ ਵਾਹਿਗੁਰੂ ਦਾ ਹੈ ਤੇ ਫ਼ਤਹਿ ਵੀ ਵਾਹਿਗੁਰੂ ਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਨੇ ਪੰਥ ਦੀ ਅਗਵਾਈ ਖਾਲਸੇ ਨੂੰ ਸੌਂਪੀ ਤਾਂ ਆਪਣੇ ਭਾਸ਼ਣ ਦੇ ਅਖੀਰ ਵਿਚ ਇਹ ਸ਼ਬਦ ਵਰਤੇ ਸਨ, ਜੋ ਖਾਲਸੇ ਦਾ ਨਾਅਰਾ ਬਣ ਗਏ। ਵਿਹਾਰਕ ਦ੍ਰਿਸ਼ਟੀ ਤੋਂ ਰੋਜ਼ਾਨਾ ਦੇ ਜੀਵਨ ਵਿਚ ਵਰਤਿਆ ਜਾਂਦਾ ਇਹ ਬੋਲਾ ਖਾਲਸੇ ਦੇ ਮਨੁੱਖੀ ਏਕਤਾ ਦੇ ਆਦਰਸ਼ ਨੂੰ ਮਾਨਸਿਕ ਤੌਰ 'ਤੇ ਡੂੰਘਾ ਉਕਾਰਦਾ ਹੈ। ਖਾਲਸਾ ਪੰਥ ਦੀ ਸਾਜਨਾ ਦੀ ਲਾਸਾਨੀ ਘਟਨਾ ਕਾਰਨ ਵਿਸਾਖੀ ਦੇ ਤਿਉਹਾਰ ਦੀ ਪ੍ਰਾਸੰਗਿਕਤਾ ਬਹੁਭਾਂਤੀ ਤੇ ਬਹੁਪਾਸਾਰੀ ਹੈ। ਇਹ ਮਨੁੱਖੀ ਸਮਾਨਤਾ ਤੇ ਸੁਤੰਤਰਤਾ ਦੇ ਬ੍ਰਹਿਮੰਡੀ ਸਰੋਕਾਰਾਂ ਨੂੰ ਧਰਤੀ 'ਤੇ ਅਮਲ 'ਚ ਲਿਆਉਣ ਦਾ ਸ਼ੁੱਭ ਦਿਹਾੜਾ ਹੈ।

# ਖਾਲਸਾ ਪੰਥ ਅਤੇ ਸਿੱਖੀ ਦਾ ਫਲਸਫਾ

ਖਾਲਸਾ ਪੰਥ ਤੇ ਸਿੱਖੀ ਦਾ ਫਲਸਫਾ ਬਹੁਤ ਮਹਾਨ ਹੈ ਜੋ ਇਹ ਸੰਦੇਸ਼ ਦਿੰਦਾ ਹੈ ਕਿ ਧਰਮ ਕੋਈ ਜਾਤ ਨਹੀਂ ਸਗੋਂ ਇਕ ਸੇਵਾ ਤੇ ਅਜਿਹਾ ਮਿਸ਼ਨ ਹੈ ਜੋ ਨਿਮਾਣਿਆਂ ਨੂੰ ਮਾਣ ਤੇ ਨਿਤਾਣਿਆਂ ਨੂੰ ਤਾਣ ਬਖਸ਼ਣ ਲਈ ਹਰ ਤਰ੍ਹਾਂ ਦੀ ਸਵੈ-ਕੁਰਬਾਨੀ ਦਾ ਜਜ਼ਬਾ ਪ੍ਰਦਾਨ ਕਰਦਾ ਹੈ। ਖਾਲਸੇ ਦੀ ਸਾਜਨਾ ਬਾਰੇ ਵਿਦਵਾਨ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਸ ਪੰਥ ਸਾਜਨਾ ਦੀ ਗਾਥਾ ਇੰਨੀ ਅਦਭੁਤ ਹੈ ਕਿ ਇਸ ਦਾ ਬਦਲ ਕਿਤੇ ਹੋਰ ਨਹੀਂ ਮਿਲਦਾ। ਇਸ ਤੋਂ ਪਹਿਲਾਂ ਪ੍ਰਚੱਲਿਤ ਹੋਰ ਧਰਮਾਂ ਨੇ ਆਪਣੀਆਂ ਕੌਮਾਂ ਨੂੰ ਭੂਗੋਲਿਕ ਹੱਦਾਂ ਵਿਚ ਹੀ ਕੈਦ ਕਰੀ ਰੱਖਿਆ ਪਰ ਖਾਲਸਾ ਪੰਥ ਦੀ

ਦਲਬੀਰ ਸਿੰਘ ਧਾਲੀਵਾਲ

ਸਿਰਜਣਾ ਦਾ ਵਿਚਾਰ ਬੇਹੱਦ ਨਿਰਾਲਾ ਤੇ ਮਨੁੱਖੀ ਸੋਚ ਤੋਂ ਸਰਬਉਚ ਸੀ।

ਖਾਲਸੇ ਦਾ ਜਨਮ 1699 ਨੂੰ ਵਿਸਾਖੀ ਵਾਲੇ ਦਿਨ ਹੋਇਆ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਨੇ ਵੱਖ-ਵੱਖ ਧਰਮਾਂ ਤੇ ਜਾਤਾਂ ਵਿਚੋਂ ਨਿੱਤਰੇ ਸਿੱਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਜਿਵੇਂ 'ਖਾਲਸਾ ਪੰਥ' ਤੇ ਪੰਜ ਪਿਆਰਿਆਂ ਦੀ ਸਿਰਜਣਾ ਕੀਤੀ ਤੇ ਫਿਰ ਖੁਦ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਦੀ ਦਾਤ ਗ੍ਰਹਿਣ ਕੀਤੀ, ਇਸ ਨਾਲ 'ਵਾਹੁ-ਵਾਹੁ ਗੋਬਿੰਦ ਸਿੰਘ ਆਪੇ ਗੁਰੂ ਚੇਲਾ' ਵਾਲਾ ਕ੍ਰਾਂਤੀਕਾਰੀ ਫਲਸਫਾ ਪ੍ਰਗਟ ਹੋਇਆ। ਇਸ ਨਾਲ ਉਦੋਂ ਦੇ ਦੱਬੇ ਕੁਚਲੇ ਲੋਕਾਂ, ਜਿਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਸੀ, ਦੇ ਵਫਾਦਾਰੀ, ਬਹਾਦਰੀ ਤੇ ਕੁਰਬਾਨੀ ਦੇ ਜਜ਼ਬੇ ਨੂੰ ਵੇਖ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ, ਘੋੜ ਸਵਾਰੀਆਂ ਤੇ ਜੰਗੀ ਸ਼ਸਤਰਾਂ ਵਸਤਰਾਂ ਨਾਲ ਲੈਸ ਕਰ ਦਿੱਤਾ। ਇਸ ਤਰ੍ਹਾਂ ਯੁੱਗ ਪਲਟਾਊ ਇਨਕਲਾਬ ਦੀ ਨੀਂਹ ਰੱਖੀ ਗਈ।

'ਖਾਲਸਾ ਪੰਥ' ਦੀ ਸਾਜਨਾ ਦਾ ਮਹਾਨ ਵਿਚਾਰ 11 ਨਵਬੰਰ 1675 ਨੂੰ ਗੁਰੂ ਤੇਗ਼ ਬਹਾਦਰ ਦੀ ਦਿੱਲੀ ਵਿਚ ਚਾਂਦਨੀ ਚੌਕ ਵਿਖੇ ਹੋਈ ਸ਼ਹਾਦਤ ਤੋਂ ਹੀ ਪੈਦਾ ਹੋਇਆ ਸੀ ਤੇ ਇਸ ਖਾਲਸਾ ਸਾਜਨਾ ਦੇ ਪ੍ਰੇਰਨਾ ਸਰੋਤ ਅਸਲ ਵਿਚ ਭਾਈ ਜੈਤਾ ਜੀ ਸਨ। ਭਾਈ ਜੈਤਾ ਜੀ ਨੇ ਔਰੰਗਜ਼ੇਬ ਦੇ ਸਖਤ ਪਹਿਰਿਆਂ ਵਿਚੋਂ ਗੁਰੂ ਤੇਗ਼ ਬਹਾਦਰ ਜੀ ਦਾ ਪਾਵਨ ਸੀਸ ਸ਼ਹਾਦਤ ਪਿੱਛੋਂ ਉਸੇ ਰਾਤ 322 ਮੀਲ ਦਾ ਪੈਂਡਾ ਤੈਅ ਕਰਦਿਆਂ ਅਨੰਦਪੁਰ ਸਾਹਿਬ ਵਿਖੇ ਗੋਬਿੰਦ ਰਾਏ ਨੂੰ ਭੇਟ ਕੀਤਾ ਸੀ। ਗੁਰੂ ਜੀ ਨੇ ਭਾਈ ਜੈਤਾ ਨੂੰ ਗਲਵੱਕੜੀ ਵਿਚ ਲੈ ਕੇ 'ਰੰਘਰੇਟੇ ਗੁਰੂ ਕੇ ਬੇਟੇ' ਜਿਹੇ ਮਾਣ ਨਾਲ ਨਿਵਾਜਿਆ ਸੀ। ਇਹ ਉਸ ਵੇਲੇ ਅਛੂਤ ਕਹੇ ਜਾਂਦੇ ਬਹਾਦਰ ਲੋਕਾਂ ਨੂੰ ਸਰਵਉਚ ਸਨਮਾਨ ਬਖਸ਼ਣ ਦੀ ਮਹਾਨ ਇਤਿਹਾਸਕ ਮਿਸਾਲ ਸੀ। 16 ਨਵਬੰਰ ਨੂੰ ਗੁਰੂ ਸੀਸ ਦੇ ਸਸਕਾਰ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਾਦਤ ਵੇਲੇ ਦੀ ਪੂਰੀ ਜਾਣਕਾਰੀ ਭਾਈ ਜੈਤਾ



ਜੀ ਤੋਂ ਪੁੱਛੀ। ਉਨ੍ਹਾਂ ਪੁੱਛਿਆ ਕਿ ਦਿੱਲੀ ਦੇ ਸਿੱਖ ਗੁਰੂ ਜੀ ਤੋਂ ਬੇਮੁੱਖ ਕਿਉਂ ਹੋ ਗਏ, ਇੰਨੇ ਮਹਾਨ ਪੁਰਖ ਦੀ ਸ਼ਹਾਦਤ ਵੇਲੇ ਨੌਜਵਾਨਾਂ ਦਾ ਗਰਮ ਖੂਨ ਕਿਉਂ ਨਾ ਖੌਲਿਆ ਤੇ ਬੁੱਧੀਮਾਨ ਸਿੱਖ ਵੀ ਆਪਣਾ ਫਰਜ਼ ਕਿਉਂ ਭੁੱਲ ਗਏ? ਉਸ ਵੇਲੇ ਭਾਈ ਜੈਤਾ ਜੀ ਨੇ ਦੱਸਿਆ ਕਿ ਸਿੱਖ ਮੌਤ ਦੇ ਡਰੋਂ ਇਸ ਸਾਕੇ ਨੂੰ ਚੁੱਪ-ਚਾਪ ਵੇਖਦੇ ਰਹੇ। ਕੋਈ ਖਾਸ ਪਛਾਣ ਨਾ ਹੋਣ ਕਾਰਨ ਸਭ ਲੁਕ ਛਿਪ ਗਏ। ਇਹ ਵਿੱਥਿਆ ਸੁਣ ਕੇ ਗੁਰੂ ਜੀ ਨੇ ਸੋਚ ਵਿਚਾਰ ਕੀਤੀ। ਗੁਰੂ ਜੀ ਨੇ ਸਾਬਤ ਸੂਰਤ ਸਿੱਖ ਸਾਜਣ ਦਾ ਫੈਸਲਾ ਲਿਆ, ਜੋ ਗਿਆਨੀ ਧਿਆਨੀ ਤੇ ਯੋਧੇ ਬਣਨਗੇ।

ਆਪਣੇ ਇਸ ਸੰਕਲਪ ਨੂੰ ਅਮਲੀ ਰੂਪ ਦੇਣ ਲਈ ਗੁਰੂ ਜੀ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਦਾ ਗਿਆਨ ਦੇਣ ਦੇ ਨਾਲ ਨਾਲ ਕਵੀਸ਼ਰਾਂ ਤੋਂ ਵੀਰ ਰਸ ਵਾਰਾਂ ਗਵਾਉਣੀਆਂ ਸ਼ੁਰੂ ਕਰ ਦਿੱਤੀਆਂ। ਨਾਲ ਹੀ ਦੋ ਦੋ ਟੋਲੀਆਂ ਬਣਾ ਕੇ ਜੰਗੀ ਮਸ਼ਕਾਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਸਿੱਖਾਂ ਵਿਚ ਜੋਸ਼ ਤੇ ਜੰਗੀ ਮੁਹਾਰਤ ਪੈਦਾ ਹੋਵੇ। ਇਹ ਸਾਰੀ ਜ਼ਿੰਮੇਵਾਰੀ ਭਾਈ ਜੈਤਾ ਤੇ ਮਾਮਾ ਕ੍ਰਿਪਾਲ ਚੰਦ ਨੂੰ ਸੌਂਪੀ ਗਈ। ਗੁਰੂ ਜੀ ਨੇ ਸ਼ਾਹੀ ਪੁਸ਼ਾਕ ਤੇ ਕਲਗੀ ਸਜਾ ਕੇ ਦਰਬਾਰ ਲਗਾਉਣਾ ਸ਼ੁਰੂ ਕਰ ਦਿੱਤਾ। ਯੁੱਧ ਦਾ ਜੋਸ਼ੀਲਾ ਪ੍ਰਤੀਕ ਰਣਜੀਤ ਨਗਾਰਾ ਤਿਆਰ ਕੀਤਾ ਗਿਆ। ਮੌਕੇ ਦੇ ਹਾਲਾਤ ਨੂੰ ਵਿਚਾਰਦਿਆਂ ਗੁਰੂ ਜੀ ਨੇ 30 ਮਾਰਚ 1699 ਨੂੰ ਸਿੱਖਾਂ ਨੂੰ ਸੰਦੇਸ਼ ਭੇਜੇ ਕਿ ਵਿਸਾਖੀ ਉਤੇ ਉਹ ਆਪਣੇ ਸ਼ਸਤਰਾਂ ਸਮੇਤ ਅਨੰਦਪੁਰ ਸਾਹਿਬ ਇਕੱਠੇ ਹੋਣ। ਵਿਸਾਖੀ ਉਤੇ ਕਰੀਬ 80 ਹਜ਼ਾਰ ਸਿੱਖ ਜੁੜ ਗਏ। ਉਨ੍ਹਾਂ ਦੇ ਸਨਮੁੱਖ ਖੜ੍ਹੇ ਹੋ ਕੇ ਗੁਰੂ ਜੀ ਨੇ ਨੰਗੀ ਤਲਵਾਰ ਲਹਿਰਾਉਂਦਿਆਂ ਕਿਹਾ, ਸਨਮੁੱਖ ਪੂਰਾ ਸਿੱਖ ਹੈ ਕੋਈ, ਸੀਸ ਭੇਟ ਗੁਰ ਦੇਵੇ ਸੋਈ।।

ਇਹ ਸੁਣ ਕੇ ਸੰਗਤ ਵਿਚ ਸੰਨਾਟਾ ਛਾ ਗਿਆ। ਮਗਰੋਂ ਭਾਈ ਦਇਆ ਰਾਮ ਉਠੇ ਤੇ ਗੁਰੂ ਜੀ ਦੇ ਸਨਮੁੱਖ ਸਮਰਪਿਤ ਹੋਏ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ ਤੇ ਕੁਝ ਸਮੇਂ ਬਾਅਦ ਲਹੂ ਭਿੱਜੀ ਤਲਵਾਰ ਲਹਿਰਾਉਂਦਿਆਂ ਮੁੜ ਸੀਸ ਦੀ ਮੰਗ ਦੁਹਰਾਈ। ਇਸ ਤੋਂ ਬਾਅਦ ਵਾਰੀ-ਵਾਰੀ ਚਾਰ ਸਿੱਖਾਂ ਧਰਮ ਦਾਸ, ਹਿੰਮਤ ਰਾਏ, ਮੁਹਕਮ ਚੰਦ ਤੇ ਸਾਹਿਬ ਚੰਦ ਨੇ ਆਪਣੇ ਸੀਸ ਗੁਰੂ ਜੀ ਦੇ ਸਨਮੁੱਖ ਅਰਪਣ ਕੀਤੇ। ਕੁਝ ਦੇਰ ਬਾਅਦ ਗੁਰੂ ਜੀ ਉਨ੍ਹਾਂ ਪੰਜਾਂ ਸਿੱਖਾਂ ਨੂੰ ਨਵੇਂ ਸ਼ਸਤਰ-ਵਸਤਰ ਪਹਿਨਾ ਕੇ ਸੰਗਤ ਸਾਹਮਣੇ ਲਿਆਏ। ਗੁਰੂ ਜੀ ਨੇ ਪੰਜਾਂ ਸਿੱਖਾਂ ਨੂੰ ਇਕੋ ਬਾਟੇ ਵਿਚ ਤਿਆਰ ਕੀਤਾ ਖੰਡੇ ਦਾ ਅੰਮ੍ਰਿਤ ਛਕਾ ਕੇ 'ਪੰਜ ਪਿਆਰਿਆਂ' ਦੀ ਪਦਵੀ ਬਖਸ਼ੀ। ਫਿਰ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਗ੍ਰਹਿਣ ਕੀਤੀ।

# ਵਿਸਾਖੀ

'ਜੱਟਾ ਆਈ ਵਿਸਾਖੀ, ਮੁੱਕ ਗਈ ਫਸਲਾਂ ਦੀ ਰਾਖੀ।' ਇਹ ਗੀਤ ਕਣਕ ਦੇ ਪੱਕਣ, ਖੇਤਾਂ ਦਾ ਸੁਨਹਿਰੀ ਰੰਗ ਵੇਖ ਅਤੇ ਦਾਣੇ ਘਰ ਆਉਣ ਦੀ ਖੁਸ਼ੀ ਵਿਚ ਢੋਲ ਦੇ ਡੱਗੇ 'ਤੇ ਘਰਾਂ ਤੋਂ ਨਿਕਲ ਇਕ ਗੋਲ ਦਾਇਰੇ ਵਿਚ ਨੱਚਣ-ਕੁੱਦਣ ਭੰਗੜਾ ਪਾਉਂਦੇ ਸਿਆਲਕੋਟੀਆਂ ਨੂੰ ਬਚਪਨ ਵੇਲੇ 1950ਵਿਆਂ ਦੇ ਕਰੀਬ ਵੇਖਿਆ ਕਰਦਾ ਸੀ। ਬਹੁਤੇ ਲੋਕ ਇਸ ਨੂੰ ਮੇਲੇ ਦੇ ਤੌਰ 'ਤੇ ਅਤੇ

ਭਜਨ ਸਿੰਘ ਸਿਨਸੈਨਿਟੀ
ਫੋਨ: 513-498-3907

ਸੰਗਰਾਂਦ ਦਾ ਦਿਹਾੜਾ ਕਰਕੇ ਹੀ ਮਨਾਉਂਦੇ ਸਨ।

ਵਿਸਾਖ ਤੋਂ ਹੀ ਭਾਰਤੀਆਂ ਦਾ ਵਿੱਤੀ ਸਾਲ ਸ਼ੁਰੂ ਹੁੰਦਾ ਹੈ। ਪੁਰਾਣੇ ਵਹੀ-ਖਾਤੇ ਬੰਦ ਕਰਕੇ ਨਵੇਂ ਖਾਤੇ ਚਾਲੂ ਕੀਤੇ ਜਾਂਦੇ ਹਨ। ਸਾਡੇ ਪ੍ਰਚਾਰਕਾਂ ਨੇ ਲੋਕਾਂ ਨੂੰ ਬੜੇ ਜੋਸ਼ ਤੇ ਜ਼ੋਰ ਨਾਲ ਵਿਸਾਖੀ ਦੇ ਇਤਿਹਾਸ ਨਾਲ ਜੋੜਿਆ ਹੈ ਕਿ ਇਸ ਦਿਨ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਹੈ। ਸੋ, ਦੁਨੀਆਂ ਭਰ ਵਿਚ ਸਿੱਖ ਹੀ ਹਨ, ਜੋ ਖਾਲਸਾ ਪੰਥ ਦਾ ਜਨਮ ਦਿਹਾੜਾ ਮਨਾਉਂਦੇ ਹਨ। ਇੱਥੇ ਇਤਿਹਾਸ ਨਾ ਦੱਸ ਕੇ ਇਕ ਸੰਦੇਸ਼ ਦੇਣ ਦੀ ਕੋਸ਼ਿਸ਼ ਹੈ।

ਸੰਦੇਸ਼: ਦੱਖਣੀ ਭਾਰਤ ਕੇਰਲਾ ਜਾਂ ਤਾਮਿਲਨਾਡੂ ਸੂਬੇ ਵਿਚ ਇਕ ਮੰਦਿਰ ਹੈ, ਜਿੱਥੇ ਸ਼ਰਧਾਲੂ ਸਾਬਤ-ਸੂਰਤ ਹੋ ਕੇ ਹੀ ਮੰਦਿਰ ਵਿਚ ਜਾ ਸਕਦੇ ਹਨ। ਉਸ ਮੰਦਿਰ ਦੇ ਸ਼ਰਧਾਲੂ ਫੌਜੀ ਖਾਸ ਉਤਸਵ ਤੋਂ ਇਕ ਮਹੀਨਾ ਪਹਿਲਾਂ ਯੂਨਿਟ-ਰੈਜੀਮੈਂਟ ਦੇ ਅਫਸਰ ਕਮਾਂਡੈਂਟ ਪਾਸੋਂ ਦਾੜ੍ਹੀ ਦੀ ਸ਼ੇਵ ਨਾ ਕਰਨ (ਸਿੱਖਾਂ ਤੋਂ ਇਲਾਵਾ ਹਰ ਇਕ ਲਈ ਰੋਜ਼ਾਨਾ ਸ਼ੇਵ ਕਰਨੀ ਲਾਜ਼ਮੀ ਹੈ) ਦੀ ਦਰਖਾਸਤ ਦੇ ਕੇ ਮਨਜ਼ੂਰੀ ਲਈ ਜਾਂਦੀ ਹੈ ਅਤੇ ਮੰਦਿਰ ਜਾਣ ਵਾਸਤੇ ਛੁੱਟੀ ਵੀ ਮਨਜ਼ੂਰ ਕਰਵਾਈ ਜਾਂਦੀ ਹੈ।

ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲਿਓ ਕਲੀਨ ਸ਼ੇਵ ਸਿੱਖੋ! ਆਪ ਨੂੰ ਸਨਿਮਰ ਬੇਨਤੀ ਹੈ ਕਿ ਘੱਟ ਤੋਂ ਘੱਟ ਵਿਸਾਖੀ ਤੋਂ ਇਕ ਹਫਤਾ ਪਹਿਲਾਂ ਸ਼ੇਵ ਕਰਨੀ ਬੰਦ ਕਰ ਦਿਓ। ਉਨ੍ਹਾਂ ਨੂੰ ਤਾਂ ਕਿਸੇ ਪਾਸੋਂ ਕੋਈ ਇਜਾਜ਼ਤ ਲੈਣ ਦੀ ਵੀ ਲੋੜ ਨਹੀਂ ਹੈ। ਵਿਸਾਖੀ ਵਾਲੇ ਦਿਨ ਸਾਬਤ ਸੂਰਤ ਹੋ ਕੇ ਦਸਤਾਰਾਂ ਸਜਾ ਕੇ ਗੁਰਦੁਆਰਿਆਂ ਵਿਚ ਹਾਜ਼ਰ ਹੋਵੋ ਤਾਂ ਕਿ ਦੁਨੀਆਂ ਦੇ ਲੋਕਾਂ ਨੂੰ ਪਤਾ ਲੱਗੇ ਕਿ ਅੱਜ ਸਿੱਖ ਕੌਮ ਦੇ ਖਾਲਸਾ ਪੰਥ ਦਾ ਜਨਮ ਦਿਹਾੜਾ ਹੈ। ਪੱਗੜੀ ਨਾ ਹੋਣ 'ਤੇ ਸਵਾ ਦੋ ਮੀਟਰ ਦੇ ਖੱਟੇ ਪਰਨੇ ਜ਼ਰੂਰ ਸਿਰਾਂ 'ਤੇ ਸਜਾ ਕੇ ਆਓ। ਕੇਸਰੀ ਰੰਗ ਦੀਆਂ ਦਸਤਾਰਾਂ ਅਤੇ ਦੁਪੱਟਿਆਂ ਨੂੰ ਪਹਿਲ ਦਿੱਤੀ ਜਾਵੇ। ਵਿਸਾਖੀ ਵਾਲੇ ਦਿਨ ਸਿੰਘ ਸਜੋ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

# ਮੁੱਕਿਆ ਚੇਤ ਵਿਸਾਖੀ ਆਈ

ਡਾ. ਲਖਵੀਰ ਸਿੰਘ ਨਾਮਧਾਰੀ

ਪੰਜਾਬ ਦੀ ਧਰਤੀ ਮੇਲਿਆਂ ਦਾ ਦੇਸ਼ ਹੈ। ਇਨ੍ਹਾਂ ਵਿਚੋਂ ਵਿਸਾਖੀ ਮੇਲਾ ਆਪਣਾ ਮੁੱਖ ਸਥਾਨ ਰੱਖਦਾ ਹੈ। ਵਿਸਾਖ ਚੜ੍ਹਦੇ ਹੀ ਹਾੜ੍ਹੀ ਦੀਆਂ ਫਸਲਾਂ ਦੀ ਕਟਾਈ ਸ਼ੁਰੂ ਹੋ ਜਾਂਦੀ ਹੈ, ਇਸ ਲਈ ਵਿਸਾਖੀ ਦਾ ਤਿਉਹਾਰ ਹੋਰਾਂ ਖੁਸ਼ੀਆਂ ਦੇ ਨਾਲ ਆਰਥਿਕ ਖੁਸ਼ਹਾਲੀਆਂ ਵੀ ਲੈ ਕੇ ਆਉਂਦਾ ਹੈ। ਮਹਾਨ ਕੋਸ਼ ਅਨੁਸਾਰ ਵਿਸਾਖੀ ਦਾ ਪੂਰਬ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਦੀ ਆਗਿਆ ਨਾਲ ਸ਼ੁਰੂ ਕੀਤਾ।

ਵਿਸਾਖੀ ਦੇ ਦਿਹਾੜੇ 'ਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ 1699 ਈਸਵੀ ਨੂੰ ਕੇਸਗੜ੍ਹ ਵਿਚ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਮਿਆਨ ਵਿਚੋਂ ਤਲਵਾਰ ਧੂਹ ਕੇ ਲੱਖਾਂ ਸੰਗਤ ਦੇ ਭਾਰੀ ਇਕੱਠ ਵਿਚੋਂ ਗੁਰੂ ਸਾਹਿਬ ਨੇ ਇਕ ਸੀਸ ਦੀ ਮੰਗ ਕੀਤੀ। ਗੁਰੂ ਸਾਹਿਬ ਦੀ ਮੰਗ ਮੁਤਾਬਕ ਇਕ-ਇਕ ਕਰਕੇ ਪੰਜ ਪਿਆਰਿਆਂ ਨੇ ਆਪਣੇ ਸੀਸ ਅਰਪਣ ਕੀਤੇ। ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਪੰਜ ਪਿਆਰਿਆਂ ਦੀ ਸਮਰਪਣ ਭਾਵਨਾ ਨੂੰ ਪਰਖ ਕੇ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਪੰਜ ਪਿਆਰਿਆਂ ਤੋਂ ਖੁਦ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਦੇ ਨਾਂ ਨਾਲ ਖ਼ਾਲਸੇ ਨੂੰ ਨਿਵੇਕਲੀ ਪਛਾਣ ਦਿੱਤੀ। ਦਸਮੇਸ਼ ਪਿਤਾ ਨੇ ਵਿਸਾਖੀ ਵਾਲੇ ਦਿਨ ਇਨ੍ਹਾਂ ਕਿਰਤੀ ਸਿੰਘਾਂ ਦੇ ਸਿਰਾਂ 'ਤੇ ਆਪਣੇ ਹੱਥੀਂ ਕ਼ਲਗੀਆਂ ਸਜਾਈਆਂ ਏ ਪੰਜ ਪਿਆਰਿਆਂ ਨੂੰ ਆਪਣਾ ਹੀ ਰੂਪ ਮੰਨਿਆ।

ਵਿਸਾਖੀ ਦੇ ਇਸ ਸ਼ੁਭ ਦਿਹਾੜੇ 'ਤੇ ਪੰਜਾਬ ਵਿਚ ਥਾਂ-ਥਾਂ ਮੇਲੇ ਭਰਦੇ ਹਨ। ਭਾਵੇਂ ਹੁਣ ਪੁਰਾਤਨਤਾ ਦਾ ਗੂੜ੍ਹਾ ਰੂਪ ਤਾਂ ਮੇਲਿਆਂ ਵਿਚ ਨਹੀਂ ਮਿਲਦਾ ਪਰ ਫਿਰ ਵੀ ਕਿਤੇ-ਕਿਤੇ ਘੋਲ ਅਤੇ ਕੁਸ਼ਤੀਆਂ ਹੁੰਦੀਆਂ ਹਨ। ਅਖਾੜੇ, ਗਵੰਤਰੀਆਂ ਦੇ ਗੌਣ, ਕਵੀਸ਼ਰੀ ਅਤੇ ਢੱਡ ਸਾਰੰਗੀ ਨਾਲ ਸੂਰਮਗਤੀ ਦੀਆਂ ਵਾਰਾਂ ਲੱਗਦੀਆਂ ਹਨ। ਭੰਗੜੇ ਪੈਂਦੇ ਹਨ, ਗੱਤਕੇ ਬਾਜ਼ੀ ਹੁੰਦੀ ਹੈ, ਮਾਲਵੇ ਵਿਚ ਮਰਦਾਂ ਦੇ ਗਿੱਧਿਆਂ ਵਿਚ ਧਮਾਲਾਂ ਵੀ ਕਿਧਰੇ-ਕਿਧਰੇ ਨਜ਼ਰੀਂ ਪੈਂਦੀਆਂ ਹਨ ਅਤੇ ਬਾਜ਼ੀਗਰ ਆਪਣੀਆਂ ਕਲਾਬਾਜ਼ੀਆਂ ਦਿਖਾਉਂਦੇ



ਹਨ।

ਵਿਸਾਖ ਵਿਚ ਪੀਲੇ ਫੁੱਲਾਂ ਵਾਲੀ ਸਰੋਂ ਦੀ ਫ਼ਸਲ ਦੀਆਂ ਫਲੀਆਂ ਦਾਣਿਆਂ ਨਾਲ ਭਰ ਜਾਂਦੀਆਂ ਹਨ। ਹਰੀਆਂ ਕਚਾਰ ਕਣਕਾਂ ਰੰਗ ਵਟਾ ਕੇ ਸੋਨੇ ਰੰਗੀ ਭਾਅ ਮਾਰਨ ਲੱਗ ਜਾਂਦੀਆਂ ਹਨ। ਜਦ ਕਿਸਾਨ ਹਵਾਵਾਂ ਨਾਲ ਲਹਿਰਾਉਂਦੀਆਂ ਫਸਲਾਂ ਦੇ ਖੇਤ ਵੇਖਦਾ ਹੈ ਤਾਂ ਉਸ ਅੰਦਰ ਖੁਸ਼ੀਆਂ ਦੇ ਬੇਰ ਪੱਕ ਜਾਂਦੇ ਹਨ। ਗੁਲਾਬ ਅਤੇ ਡੇਲੀਆ ਮਹਿਕਾਂ ਵੰਡਣ ਲੱਗ ਜਾਂਦਾ ਹੈ। ਬੋਹੜ, ਪਿੱਪਲ, ਟਾਹਲੀਆਂ, ਤੂਤ ਅਤੇ ਸਮੁੱਚੀ ਬਨਸਪਤੀ ਹਰੇ ਕਚੂਰ ਲਵੇ-ਲਵੇ ਚਮਕੀਲੇ ਨਵੇਂ ਪੱਤਿਆਂ ਨਾਲ ਲਹਿਰਾਉਣ ਲੱਗ ਜਾਂਦੀ ਹੈ। ਅੰਬਾਂ ਨੂੰ ਬੂਰ ਪੈ ਜਾਂਦਾ ਹੈ। ਵਿਸਾਖ ਮਹੀਨੇ ਦੇ ਇਸ ਸੁਹੱਪਣ ਪ੍ਰਤੀ ਧਨੀ ਰਾਮ ਚਾਤ੍ਰਿਕ ਬਹੁਤ ਹੀ ਖ਼ੂਬਸੂਰਤ ਸ਼ਬਦਾਂ ਵਿਚ ਇੰਝ ਲਿਖਦੇ ਹਨ:

ਪੱਕ ਗਈਆਂ ਕਣਕਾਂ ਲੁਕਾਠ ਰਸਿਆ।
ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ।
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ।
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਸਾਈਂ ਦੀ ਨਿਗਾਅ ਜੱਗ 'ਤੇ ਸਵੱਲੀ ਏ।
ਚੱਲ ਨੀ ਪ੍ਰੇਮੀਏ, ਵਿਸਾਖੀ ਚੱਲੀਏ।

ਭਾਵੇਂ ਅੱਜ ਕੱਲ੍ਹ ਕੰਬਾਈਨਾਂ ਅਤੇ ਨਵੀਨ ਤਕਨਾਲੋਜੀ ਦੇ ਅਨੇਕਾਂ ਉਪਕਰਨ ਆ ਗਏ ਹਨ, ਪਰ ਪੁਰਾਤਨ ਸਮੇਂ ਵਿਚ ਹਾੜ੍ਹੀ ਦੀ ਫਸਲ ਮੰਗ ਪਾਕੇ ਵੱਡਦੇ ਸਨ। ਮੰਗ ਪਾਉਣ ਵੇਲੇ ਸਾਰੇ ਯਾਰ-ਬੇਲੀ, ਰਿਸ਼ਤੇਦਾਰ ਇਕੱਠੇ ਹੋ ਕੇ ਪਹਿਲਾਂ ਇਕ ਘਰ ਦੀ ਹਾੜ੍ਹੀ ਵੱਢਦੇ ਅਤੇ ਫਿਰ ਵਾਰੋ-ਵਾਰੀ ਇਕੱਠੇ ਹੋਕੇ ਇਕ-ਦੂਜੇ ਘਰ ਦਾ ਕੰਮ ਵਾਰੀ ਨਾਲ ਨਿਬੇੜੀ ਜਾਂਦੇ। ਮੰਗ ਪਾਉਣ ਵੇਲੇ ਹਾੜ੍ਹੀ ਵੱਢਣ ਵਾਲਿਆਂ ਵਿਚ ਜੋਸ਼ ਭਰਨ ਲਈ ਖੇਤਾਂ ਵਿਚ ਸਾਰਾ-ਸਾਰਾ ਦਿਨ ਢੋਲ ਵੱਜਦਾ। ਇਕ ਦੂਸਰੇ ਨਾਲ ਜ਼ਿੱਦ-ਜ਼ਿੱਦ ਕੇ ਲੋਕ ਦਾਤੀਆਂ ਨਾਲ ਹਾੜ੍ਹੀ ਵੱਢਦੇ। ਲੋਕ ਬੋਲੀਆਂ ਰਾਹੀਂ ਪਤਨੀ ਆਪਣੇ ਪਤੀ ਨੂੰ ਇਹੋ ਕਹਿੰਦੀ ਨਜ਼ਰ ਆਉਂਦੀ ਹੈ:

ਦਾਤੀ ਨੂੰ ਲਵਾਦੇ ਘੁੰਗਰੂ,
ਹਾੜੀ ਵੱਢੂੰਗੀ ਬਰਾਬਰ ਤੇਰੇ।

ਦਾਤੀਆਂ ਨਾਲ ਹਾੜੀ ਵੱਢਣਾ ਸੌਖਾ ਕੰਮ ਨਹੀਂ ਸੀ। ਸਾਰਾ ਦਿਨ ਉਪਰੋਂ ਸੂਰਜ ਅੱਗ ਵਰ੍ਹਾਉਂਦਾ ਤੇ ਹੇਠੋਂ ਧਰਤੀ ਸੇਕ ਮਾਰਦੀ। ਅਜਿਹੇ ਦ੍ਰਿਸ਼ ਨੂੰ ਸਾਡਾ ਸਭਿਆਚਾਰ ਲੋਕ ਬੋਲੀਆਂ ਰਾਹੀਂ ਇੰਜ ਪ੍ਰਗਟ ਹੁੰਦਾ ਹੈ:

ਵਾਢੀ ਕਰਦੀ ਮੁਰੱਬਿਆਂ ਵਾਲੀ,
ਤ੍ਰਿੱਪ-ਤ੍ਰਿੱਪ ਚੋਵੇ ਮੁੜ੍ਹਕਾ।

ਪੁਰਾਤਨ ਕਹਾਵਤਾਂ ਬਣੀਆਂ ਹੋਈਆਂ ਹਨ ਕਿ ਪੰਜਾਬੀ ਲੋਕ ਤਾਂ ਦੁਨੀਆਂ ਵਿਚ ਆਉਂਦੇ ਹੀ ਮੇਲਾ ਮਨਾਉਣ ਲਈ ਹਨ। ਇਨ੍ਹਾਂ ਮੇਲਿਆਂ ਵਿਚ ਲੱਖਾਂ ਦੀ ਤਾਦਾਦ ਵਿਚ ਲੋਕ ਪਹੁੰਚਦੇ ਹਨ। ਵਿਸਾਖੀ ਦੇ ਮੇਲੇ 'ਤੇ ਜਾਣ ਦਾ ਸਭ ਨੂੰ ਚਾਅ ਹੁੰਦਾ ਹੈ। ਮੁਟਿਆਰਾਂ ਤੋਂ ਤਾਂ ਮੇਲੇ ਜਾਣ ਦੀਆਂ ਖੁਸ਼ੀਆਂ ਸਾਂਭੀਆਂ ਨਹੀਂ ਜਾਂਦੀਆਂ। ਅਜਿਹੇ ਚਾਵਾਂ ਨੂੰ ਲੋਕ ਬੋਲੀਆਂ ਇੰਜ ਸਪਸ਼ਟ ਕਰਦੀਆਂ ਹਨ:

ਚਿੱਟਿਆ ਕਬੂਤਰਾ ਚਿੱਟੀਆਂ ਵੇ ਅੱਖੀਆਂ,
ਵਿਚ ਕਜਲੇ ਦੀ ਧਾਰੀ ਵੇ ਕਬੂਤਰਾ,
ਸਾਡੀ ਹੋਈ ਐ ਵਿਸਾਖੀ ਦੀ ਤਿਆਰੀ ਵੇ ਕਬੂਤਰਾ।

ਜੇ ਕੋਈ ਮੁਟਿਆਰ ਕਿਸੇ ਕਾਰਨ ਮੇਲੇ ਵਿਚ ਜਾ ਨਹੀਂ ਸਕਦੀ ਤਾਂ ਉਹ ਮੇਲੇ ਜਾਂਦੇ ਆਪਣੇ ਪਤੀ ਨੂੰ ਆਖਦੀ ਹੈ:

ਮੈਨੂੰ ਨੱਤੀਆਂ ਭਾਬੋ ਨੂੰ ਪਿੱਪਲ ਪੱਤੀਆਂ,
ਵਿਸਾਖੀ ਤੋਂ ਲਿਆਂਦੀ ਹਾਣੀਆਂ।

ਵਿਸਾਖੀ ਦੇ ਮੇਲੇ ਦੀ ਰੌਣਕ ਮਨ ਨੂੰ ਮੋਹ ਲੈਂਦੀ ਹੈ। ਹਰ ਪਾਸੇ ਸਜੇ ਤਿਆਰ-ਬਰ-ਤਿਆਰ ਲੋਕਾਂ ਦੀ ਭੀੜ ਨਜ਼ਰ ਆਉਂਦੀ ਹੈ। ਖਾਣ ਪੀਣ ਦੇ ਸ਼ੌਕੀਨ ਹਲਵਾਈਆਂ ਤੋਂ ਪਕੌੜੇ, ਮਠਿਆਈਆਂ ਅਤੇ ਗਰਮਾ-ਗਰਮ ਜਲੇਬੀਆਂ ਖਾਂਦੇ ਹਨ। ਬੱਚੇ ਖਿਡੌਣੇ ਅਤੇ ਨਵੀਆਂ ਤੋਂ ਨਵੀਆਂ ਕਲਾਤਮਿਕ ਢੰਗ ਨਾਲ ਤਿਆਰ ਕੀਤੀਆਂ ਮਨ ਭਾਉਂਦੀਆਂ ਵਸਤਾਂ ਖਰੀਦਦੇ ਹਨ। ਔਰਤਾਂ ਹਾਰ ਸ਼ਿੰਗਾਰ ਦਾ ਸਾਮਾਨ ਵਿਸਾਖੀ ਮੇਲੇ ਤੋਂ ਖਰੀਦਦੀਆਂ ਹਨ। ਸਰਕਸਾਂ, ਚੰਡੋਲਾਂ ਅਤੇ ਤਰ੍ਹਾਂ-ਤਰ੍ਹਾਂ ਦੀਆਂ ਕਲਾਬਾਜ਼ੀਆਂ ਨਾਲ ਚੁਫੇਰੇ ਖੇੜਾ ਹੁੰਦਾ ਹੈ। ਹਰ ਚਿਹਰਾ ਮੁਸਕਰਾਉਂਦਾ ਹੈ। ਵਿਸਾਖੀ ਮੇਲੇ ਦੀ ਰੌਣਕ ਨੂੰ ਦੇਖ ਕੇ ਕਿਸੇ ਗਭਰੇਟ ਮਨ ਵਿਚੋਂ ਨਿਕਲੇ ਇਹ ਸ਼ਬਦ ਮਸ਼ਹੂਰ ਲੋਕ ਬੋਲੀ ਦਾ ਰੂਪ ਧਾਰਨ ਕਰ ਗਏ ਹਨ :

ਲੋਕਾਂ ਦੇਖਣਾ ਵਿਸਾਖੀ ਵਾਲਾ ਮੇਲਾ,
ਤੇ ਅਸਾਂ ਤੇਰੀ ਤੋਰ ਵੇਖਣੀ।

ਪਹਿਲਾਂ ਵਰਗੀਆਂ ਖੁਸ਼ੀਆਂ ਖੇੜਿਆ ਵਾਲੇ ਰੂਹ ਨੂੰ ਅਨੰਦ ਦੇਣ ਵਾਲੇ ਵਿਸਾਖੀ ਮੇਲੇ ਮੁੜ ਦੇਖਣ ਲਈ ਸਾਨੂੰ ਸਾਡੇ ਸਭਿਆਚਾਰ, ਮਾਂ ਬੋਲੀ, ਪਿਤਾ ਪੁਰਖੀ ਜੜ੍ਹਾਂ ਨਾਲ ਜੁੜ ਕੇ ਕੁਦਰਤ ਨਾਲ ਇਕ ਸੁਰ ਹੋ ਕੇ ਚੱਲਣਾ ਪਵੇਗਾ।

## ਮੇਰਾ ਖਾਲਸਾ

ਚਾਹਿਆ ਸੀ ਮੈਂ, ਮੇਰਾ ਸੂਰਬੀਰ ਖਾਲਸਾ
ਜੱਗ ਕੋਲੋਂ ਵੱਖਰਾ ਵਿਲੱਖਣ ਨਿਆਰਾ ਹੋਵੇ।
ਬਣ ਕੇ ਪੁਜਾਰੀ ਆਦਿ ਪੁਰਖ ਅਕਾਲ ਦਾ
ਮੜ੍ਹੀਆਂ, ਮਸਾਣਾਂ, ਬੁੱਤਾਂ ਤੋਂ ਬਾਹਰਾ ਹੋਵੇ।
ਦਯਾ, ਸੇਵਾ, ਸਿਮਰਨ ਦਾ ਹੋਵੇ ਮੁੱਜਸਮਾ
ਨਿਮਰ, ਨਿਮਾਣਾ ਹੋਵੇ ਪ੍ਰੇਮ ਵਣਜਾਰਾ ਹੋਵੇ।

ਮਨ ਨੀਵਾਂ, ਮਤਿ ਉਚੀ ਦਾਨ ਮੰਗੇ ਗੁਰੂ ਤੋਂ
ਕਰਿ ਜੋੜ ਗੁਰੂ ਸਨਮੁੱਖ ਜਾਂ ਪਿਆਰਾ ਹੋਵੇ।
ਸੱਚ ਦੀ ਕਿਰਤ ਕਰੇ, ਨਾਮ ਜਪੇ, ਵੰਡ ਛਕੇ
ਗਰੀਬ ਬੇਕਸਾਂ ਦਾ ਹਮਨਸ਼ੀਂ ਸਹਾਰਾ ਹੋਵੇ।
ਜਾਤ-ਪਾਤ, ਊਚ-ਨੀਚ, ਤੇਰ-ਮੇਰ ਛੱਡ ਕੇ
ਸਾਂਝੀਵਾਲਤਾ ਬਰਾਬਰੀ ਦਾ ਹਰਕਾਰਾ ਹੋਵੇ।

ਸਬਰ, ਸੰਤੋਖ ਨਾ ਛੱਡੇ ਰਾਹ ਬਿਬੇਕ ਵਾਲਾ
ਗੁਰੂ ਦੀ ਰਜ਼ਾ ਵਿਚ ਰਾਜ਼ੀ ਪਿਆਰਾ ਹੋਵੇ।
ਕਰ ਦਏ ਨਿਛਾਵਰ ਆਪਾ ਗੁਰੂ ਦੇ ਹੁਕਮ ਤੋਂ
ਪਿਆਰ ਵਿਚ ਭਿੱਜਾ ਗੁਰੂ ਦਾ ਦੁਲਾਰਾ ਹੋਵੇ।
ਕੌਲ-ਇਕਰਾਰ, ਵਾਅਦੇ, ਬਚਨਾਂ ਦਾ ਪੂਰਾ
ਫਿਰੇ ਨਾ ਜ਼ਬਾਨੋਂ ਕਦੀ, ਨਾ ਬੇ-ਇਤਬਾਰਾ ਹੋਵੇ।

ਹੱਕ, ਸੱਚ, ਨਿਆਂ ਦਾ ਹਾਮੀ ਤਲਬਗਾਰ
ਭਟਕੀ ਮਨੁਖਤਾ ਲਈ ਚਾਨਣ ਮੁਨਾਰਾ ਹੋਵੇ।
ਵਿਹਲੜਾਂ, ਭੇਖੀਆਂ, ਠੱਗਾਂ ਦਾ ਸਾਥ ਛੱਡ
ਕਿਰਤੀ, ਕਾਮਿਆਂ ਦੇ ਸੰਗ ਵਰਤਾਰਾ ਹੋਵੇ।
ਬੇਗੈਰਤ ਜ਼ਿੰਦਗੀ ਤੋਂ ਮਰਨਾ ਬਿਹਤਰ ਜਾਣੇ
ਡਰ ਮੌਤ ਦਾ ਨਾ ਕਦੀ ਮਨ 'ਤੇ ਭਾਰਾ ਹੋਵੇ।

ਪਾਪ, ਜ਼ਬਰ, ਜ਼ੁਲਮ, ਦਾ ਵੱਡਾ ਪਸਤਗੀਰ
ਬੇਗਰਜ਼ ਜ਼ਾਹਿਦ, ਯੋਧਾ ਬੀਰ ਕਰਾਰਾ ਹੋਵੇ।
ਵੈਰੀ ਦੀ ਧੀ, ਭੈਣ ਆਪਣੀ ਹੀ ਕਰ ਜਾਣੇ
ਉਚੇ ਇਖਲਾਕ ਦਾ ਹਮੇਸ਼ਾ ਮੁਜਾਹਰਾ ਹੋਵੇ।
ਔਰਤ, ਬੱਚੇ, ਬਿਰਧ ਭੱਜੇ ਜਾਂਦੇ ਵੈਰੀ ਉਤੇ
ਹਮਲਾ ਕਰੇ ਨਾ ਕਦੀ, ਬਸ਼ਰ ਨਕਾਰਾ ਹੋਵੇ।

ਵੈਰੀ ਨੂੰ ਪਾਣੀ ਦੇਵੇ, ਫੱਟਾਂ 'ਤੇ ਮਲ੍ਹਮ ਲਾਵੇ
ਮਨੁਖਤਾ ਦੀ ਸੇਵਾ ਦਾ ਅਜ਼ਬ ਨਜ਼ਾਰਾ ਹੋਵੇ।
ਬਣੇ ਇੱਜਤ, ਆਬਰੂ ਰਾਖਾ ਨਿਹੱਥਿਆਂ ਦਾ
ਆਪਣੇ ਬੇਗਾਨੇ ਲਈ ਅੱਖਾਂ ਦਾ ਤਾਰਾ ਹੋਵੇ।
ਦੋਵੇਂ ਵੇਲੇ ਹੱਥ ਜੋੜ ਸਰਬਤ ਦਾ ਭਲਾ ਮੰਗੇ
ਰੱਬੀ ਨੂਰ ਮੁਖੜੇ 'ਤੇ ਝਲਕਦਾ ਦੀਦਾਰਾ ਹੋਵੇ।

ਹਰ ਹੀਲਾ-ਏ-ਸੁਲ੍ਹਾ ਜਾਂ ਟੱਪ ਜਾਵੇ ਸਿਰ ਤੋਂ
ਟੇਕ, ਸ਼ਮਸ਼ੀਰ, ਖੰਡਾ, ਤੇਗ, ਦੋ-ਧਾਰਾ ਹੋਵੇ।
ਸ਼ਾਨੋ-ਸ਼ੌਕਤ ਖਾਲਸੇ ਦੀ ਝੂਲਦੇ ਨਿਸ਼ਾਨ ਹੋਣ
'ਚੜ੍ਹਦੀ ਕਲਾ' ਵਾਲਾ, ਵੱਜਦਾ ਨਗਾਰਾ ਹੋਵੇ।
ਸੋਹਣੇ ਸੂਰਬੀਰ ਯੋਧੇ ਸਜੇ ਸੰਗ ਸ਼ਸਤਰਾਂ ਦੇ
ਗੂੰਜਦਾ ਮੈਦਾਨ 'ਚ ਫਤਿਹ ਦਾ ਜੈਕਾਰਾ ਹੋਵੇ।

ਚੜ੍ਹਦੀ ਨ੍ਹੇਰੀ ਵਾਂਗੂ ਮੁਹਿਮ ਹੋਵੇ ਖਾਲਸੇ ਦੀ
ਹੜ੍ਹ ਵਾਂਗੂ ਕੱਖ-ਕਾਨ ਰੁਹੜਦਾ ਸਾਰਾ ਹੋਵੇ।
ਘੋੜਿਆਂ ਦੇ ਪੌੜਾਂ ਦੀ ਟਾਪ ਸੁਣ ਕੰਬੇ ਵੈਰੀ
ਯੁੱਧ ਲਈ ਖਾਲਸੇ ਨੇ ਕੀਤਾ ਤਿਆਰਾ ਹੋਵੇ।
ਜੰਗ ਵਿਚ ਤੇਗ ਚੱਲੇ ਏਸ ਤਰ੍ਹਾਂ ਖਾਲਸੇ ਦੀ
ਘਟਾ 'ਚੋਂ ਬਿਜਲੀ ਦਾ ਪੈਂਦਾ ਲਿਸ਼ਕਾਰਾ ਹੋਵੇ।

ਹਾਰਿਆ ਵੈਰੀ ਜਦੋਂ ਚਰਨਾਂ 'ਚ ਆਣ ਡਿੱਗੇ
ਬਖਸ਼ ਦੇਣਾ, ਖਾਲਸੇ ਨੂੰ ਡਾਢਾ ਗਵਾਰਾ ਹੋਵੇ।
ਨਾ ਡੋਲੇ, ਘਬਰਾਵੇ, ਰਵ੍ਹੇ ਚੜ੍ਹਦੀ ਕਲਾ ਵਿਚ
ਸਾਹ ਜ਼ਿੰਦਗੀ ਦਾ ਚਾਹੇ ਲਿਆ ਉਧਾਰਾ ਹੋਵੇ।
ਅਸ਼ ਅਸ਼ ਕਰ ਉਠੇ, ਤੱਕ ਵੈਰੀ ਖਾਲਸੇ ਨੂੰ
ਖਾਲਸੇ ਦੀ ਬੀਰਤਾ ਦਾ ਚੁਫੇਰੇ ਪਸਾਰਾ ਹੋਵੇ।

'ਅਹਿਲੇ-ਕਰਮ' ਦੀ, ਰਜ਼ਾ ਵਿਚ ਰਵ੍ਹੇ ਰਾਜ਼ੀ
ਪਛਾਣੇ, ਦੁਖ-ਸੁਖ ਉਹਦਾ ਹੀ ਪਸਾਰਾ ਹੋਵੇ।
ਮੈਂ ਜਾਣਾਂਗਾ, ਪਰਿਪੂਰਨ ਮੇਰਾ ਖਾਲਸਾ ਏ
ਇਹੋ ਜਿਹਾ ਖਾਲਸੇ ਦਾ ਜਦੋਂ ਵਰਤਾਰਾ ਹੋਵੇ।

*-ਚੰਨ*
*ਫੋਨ: 908-788-8427*

---

## ਫੌਜ ਦਸ਼ਮੇਸ਼ ਦੀ

ਰੂਹ ਨਾਲ ਕਰੋ ਚੇਤੇ
ਉਨ੍ਹਾਂ ਪੰਜਾਂ ਪਿਆਰਿਆਂ ਨੂੰ,
ਗੁਰੂ ਦਸ਼ਮੇਸ਼ ਦੇ ਨਾਂ ਤੋਂ
ਜ਼ਿੰਦਗੀ ਵਾਰਿਆਂ ਨੂੰ।

ਸਾਫ ਦਿਲ ਇਨਸਾਨਾਂ ਨੇ
ਹੱਦੋਂ ਵੱਧ ਕਰ ਦਿੱਤੀ,
ਦਸ਼ਮੇਸ਼ ਪਿਤਾ ਦੇ ਮੰਗਣ 'ਤੇ
ਜਾਨ ਹਵਾਲੇ ਕਰ ਦਿੱਤੀ।

ਅਣਖਾਂ ਤੇ ਇੱਜਤਾਂ ਨੂੰ
ਲੱਗ ਗਈਆਂ ਉਲੀਆਂ ਨੇ,
ਸੱਚ ਬੋਲਣਾ ਉਸ ਦੇ ਰਾਹ ਤੁਰਨਾ
ਸਭ ਗੱਲਾਂ ਭੁੱਲੀਆਂ ਨੇ।

ਹਾਸੋਹੀਣਾ ਹੋਇਆ ਜੱਗ
ਜਦ ਪੱਗਾਂ ਲਹਿ ਗਈਆਂ,
ਫੌਜਾਂ ਦਸ਼ਮੇਸ਼ ਦੀਆਂ
ਆਪਸ ਵਿਚ ਖਹਿ ਗਈਆਂ।

ਆਪੇ ਹੀ ਦੁਸ਼ਮਣ ਨਾ ਬਣੀਏ
ਅਸੀਂ ਆਪਣੀ ਪੱਗ ਦੇ,
ਆਪਸ ਵਿਚ ਲੜਦੇ
ਅਸੀਂ ਚੰਗੇ ਨਹੀਂਓਂ ਲੱਗਦੇ।

ਮਿੱਧਣਾ ਛੱਡ ਦੇਈਏ
ਇਕ ਦੂਜੇ ਦੇ ਪੈਰਾਂ ਨੂੰ,
ਘਰਦਿਆਂ ਨੂੰ ਧੱਕੇ ਨਾ ਦੇਈਏ
ਅਤੇ ਇੱਜਤ ਗੈਰਾਂ ਨੂੰ।

ਜੇ ਇਹੋ ਹਾਲ ਰਿਹਾ
ਜਾਊ ਬੇੜਾ ਗਰਕ ਬੜਾ,
ਚੌਧਰ ਅਤੇ ਸਿੱਖੀ
ਦੋਹਾਂ ਵਿਚ ਫਰਕ ਬੜਾ।

ਬਾਬੇ ਨੇ ਬੂਟਾ ਲਾਇਆ ਸੀ
ਕਿਵੇਂ ਛਾਂਵਾਂ ਹੋਣਗੀਆਂ,
ਇਹ ਸੋਚ ਕੇ ਡੰਡੀ ਪਾਈ ਸੀ
ਕਦੇ ਰਾਹਾਂ ਹੋਣਗੀਆਂ।

ਪਗਡੰਡੀ ਮਿਟ ਚੱਲੀ
ਬੂਟਾ ਵੀ ਸੁੱਕ ਚੱਲਿਆ,
ਅਕਸ ਖਾਲਸੇ ਦਾ
ਮਿੱਟੀ ਵਿਚ ਲੁਕ ਚੱਲਿਆ।

ਪਾਣੀ ਤੇ ਮੁੱਕ ਗਿਆ ਏ
ਛਾਂਵਾਂ ਵੀ ਮੁੱਕ ਚੱਲੀਆਂ,
ਨਵਿਆਂ ਦੇ ਪੈੜਾਂ ਪਾਉਣ ਲਈ
ਰਾਹਾਂ ਵੀ ਮੁੱਕ ਚੱਲੀਆਂ।

ਆਪੋ ਧਾਪੀ ਵਾਲੀਆਂ
ਮਰਜਾਂ ਦਾ ਸ਼ੋਰ ਬੜਾ,
ਫਰਜ਼ਾਂ ਨੂੰ ਧੱਕੇ ਪੈ ਰਹੇ ਨੇ
ਗਰਜਾਂ ਦਾ ਜ਼ੋਰ ਬੜਾ।

ਸਾਰੇ ਕਾਹਲੇ ਬੈਠੇ ਇਲਜ਼ਾਮ
ਇਕ ਦੂਜੇ ਸਿਰ ਧਰਨ ਲਈ,
ਕੋਈ ਵੀ ਤਿਆਰ ਨਹੀਂ
ਆਪ ਕੁਝ ਕਰਨ ਲਈ।

ਆਸ ਨਾ ਰੱਖਿਓ ਜਿੱਤਣ ਦੀ
ਜੇ ਹੋ ਗਏ ਹਾਰ ਜਿਹੇ,
ਹੌਲੀ ਹੌਲੀ ਬੁਝ ਜਾਵਾਂਗੇ
ਅੱਗ ਦੇ ਅੰਗਿਆਰ ਜਿਹੇ।

ਆਓ, ਗੁਰੂ ਆਪਣੇ ਦੀ
ਸੋਚ ਦੇ ਹਾਣੀ ਹੋ ਜਾਈਏ,
ਦੁਨੀਆਂ ਮਾਣ ਨਾਲ ਪੜ੍ਹੇ
ਉਹ ਕਹਾਣੀ ਹੋ ਜਾਈਏ।

*-ਗੁਰਬਖਸ਼ ਸਿੰਘ ਰੰਧਾਵਾ*
*ਫੋਨ: 317-800-2976*

---

## ਵਿਸਾਖੀ

ਸੌਲਾਂ ਸੌ ਨੜਿੰਨਵੇਂ ਦੀ ਵਿਸਾਖੀ ਨੂੰ
ਕਾਇਮ ਕੀਤੀ ਸੀ ਇੱਕ ਮਿਸਾਲ।
ਆਪੇ ਗੁਰ ਆਪੇ ਚੇਲਾ ਵਾਲੀ
ਨੀਂਹ ਰੱਖੀ ਸੀ ਕਰ ਕਮਾਲ।
ਉਤੇ ਸਿੱਖੀ ਦਾ ਮਹਿਲ ਉਸਾਰਿਆ
ਤੱਕ ਹੋਇਆ ਸੀ ਆਪ ਨਿਹਾਲ।

ਕਿੰਜ ਪਰਖੇ ਸਨ ਪੰਜ ਪਿਆਰੇ
ਕਿੰਜ ਬਣੇ ਉਹ ਗੁਰੂ ਦੇ ਲਾਲ।
ਕੌਮ, ਧਰਮ ਤੋਂ ਵਾਰੀਏ ਆਪਾ
ਕਿੰਜ ਸਦਾ ਨਿਭੀਏ ਗੁਰੂ ਦੇ ਨਾਲ।
ਆਚਰਣ ਦੇ ਸੁੱਚੇ ਕਥਨੀ ਦੇ ਪੂਰੇ
ਕਿੰਜ ਲੜੀਏ ਜ਼ੁਲਮ ਦੇ ਨਾਲ।

ਮਜ਼ਲੂਮ, ਦੀਨ ਦੇ ਹੱਕ 'ਚ ਖੜ੍ਹੀਏ
ਕਿੰਜ ਕਰੀਏ ਦੁਸ਼ਮਣ ਨੂੰ ਸਵਾਲ।
ਪਹਿਲਾਂ ਵਾਰ ਵੈਰੀ 'ਤੇ ਨਾ ਕਰੀਏ
ਵਾਰ ਕਰੀਏ ਤਾਂ ਡਿੱਗੇ ਨਿਢਾਲ।
ਜ਼ੁਲਮ ਦੀ ਅੱਤ ਕਦੇ ਨਾ ਸਹੀਏ
ਧਰਮ ਲਈ ਬਣੀਏ ਸਦਾ ਢਾਲ।

*-ਸੇਵਾ ਸਿੰਘ ਨੂਰਪੁਰੀ*

---

## ਕਿਸਾਨ ਦੀ ਵਿਸਾਖੀ

ਕਣਕਾਂ ਦਾ ਰੰਗ ਸੁਨਹਿਰੀ ਹੋਇਆ
ਦਾਣਾ-ਦਾਣਾ ਉਂਜ ਜ਼ਹਿਰੀ ਹੋਇਆ।
ਪਤਾ ਨਹੀਂ ਜ਼ਰੂਰਤਾਂ ਵਧ ਗਈਆਂ ਨੇ
ਖੌਰੇ ਵਧ ਗਈ ਲਾਲਸਾ ਪੈਸੇ ਲਈ
ਕਿਰਦਾਰ ਬੰਦੇ ਦਾ ਕਹਿਰੀ ਹੋਇਆ।

ਪਿੰਡ ਘੱਤ ਵਹੀਰਾਂ ਸ਼ਹਿਰਾਂ ਨੂੰ ਨੱਸੇ
ਅੰਗਰੇਜ਼ੀ ਦੇ ਪੈ ਗਏ ਪੈਰੀਂ ਰੱਸੇ।
ਗਰਮੀ-ਸਰਦੀ ਦਾ ਟਿਕਾਣਾ ਨਹੀਂ
ਬੰਦਾ ਵੀ ਪਹਿਲਾਂ ਜਿਹਾ ਨਿਮਾਣਾ ਨਹੀਂ
ਮੌਸਮ ਟਿੱਚਰਾਂ ਕਰਦਾ-ਕਰਦਾ ਹੱਸੇ।

ਸਰਕਾਰਾਂ ਸੁਣਨ ਨਾ ਗੱਲ ਕਿਸਾਨ ਦੀ
ਸਲਫਾਸ ਮੁੱਕਦੀ ਨਹੀਂ ਦੁਕਾਨ ਦੀ।
ਕਰਜ਼ੇ ਦਾ ਰੱਸਾ ਰੋਜ਼ ਹੀ ਕੱਸਦਾ ਜਾਵੇ
ਅੰਨਦਾਤਾ ਦਲਦਲ ਵਿਚ ਧੱਸਦਾ ਜਾਵੇ
ਹਕੀਕਤ ਮਾੜੀ ਏਸ ਦੇਸ਼ ਮਹਾਨ ਦੀ।
ਮੰਡੀਆਂ ਵਿਚ ਹਾਲੇ ਖੱਜਲ-ਖੁਆਰੀ
ਰੇਟ ਦੀ ਹਾਲੇ ਨਾ ਕੋਈ ਪੱਕ-ਪਕਾਰੀ।
ਕਰਜ਼ਾ ਮੁਆਫ ਨਾ ਕੀਤਾ ਸਰਕਾਰਾਂ
ਖੁਸ਼ ਕੀਤਾ ਬਸ ਅਮੀਰਾਂ ਤੇ ਸ਼ਾਹੂਕਾਰਾਂ
ਸਾਡੇ ਨਾਲ ਸਭ ਨੇ ਕੀਤੀ ਹੁਸ਼ਿਆਰੀ।

ਕਾਹਦੀ ਵਿਸਾਖੀ ਮਨਾਈਏ ਓ ਜੱਟਾ ਵੇ
ਬੀਜ਼ ਪਾ ਗਿਆ ਅੱਖਾਂ ਵਿਚ ਘੱਟਾ ਵੇ।
ਠੇਕੇ ਵਾਲੇ ਵੀ ਲਗਦਾ ਮਸਾਂ ਪੂਰੇ ਹੋਣੇ ਆ
ਖੁਆਬ ਇਸ ਵਾਰ ਵੀ ਅਧੂਰੇ ਹੋਣੇ ਆ
'ਲਾਲਪੁਰੀ' ਖੇਤੀ ਵੀ ਆ ਹੁਣ ਸੱਟਾ ਵੇ।

*-ਰਵਿੰਦਰ ਲਾਲਪੁਰੀ*

---

## ਅਸੀਂ ਤੇ ਤੁਸੀਂ

ਗੂੰਗੇ ਅਸੀਂ ਬਣਨਾ ਨਹੀਂ
ਬਹਿਰੇ ਤੁਸੀਂ ਹੋਏ ਨਹੀਂ।
ਝੂਠਿਆਂ ਨਾਲ ਖੜ੍ਹਨਾ ਨਹੀਂ
ਸੱਚੇ ਅਜੇ ਮੋਏ ਨਹੀਂ।

ਕੱਚਿਆਂ 'ਤੇ ਤਰਨਾ ਈ
ਪੱਕੇ ਤੁਸੀਂ ਛੋਹੇ ਨਹੀਂ।
ਬਿਰਹਣ ਦੀਆਂ ਸੁਣ ਹੂਕਾਂ
ਮਾਰੂਥਲ ਰੋਏ ਨਹੀਂ।

ਮਨ ਦੀ ਇਸ ਖੇਤੀ ਵਿਚ
ਹਲ ਵੀ ਜਿਨ੍ਹਾਂ ਜੋਏ ਨਹੀਂ।
ਸੁਣਦੇ ਰਹੇ, ਕੰਨ ਪੱਕ ਗਏ
ਬੈਠੇ ਕਦੇ ਲੋਏ ਨਹੀਂ।

ਮਿਹਨਤ ਦੇ ਮੋਢਿਆਂ 'ਤੇ
ਭਾਰ ਜਿਨ੍ਹਾਂ ਢੋਏ ਨਹੀਂ।
ਮਹਿਲਾਂ 'ਚ ਡਰਦੇ ਰਹੇ
ਨੀਂਦ ਸੁੱਖ ਦੀ ਸੋਏ ਨਹੀਂ।

ਸੱਚੇ ਨੇ ਆਪਣੀ ਥਾਂ
ਝੂਠੇ ਉਹ ਦੋਏ ਨਹੀਂ।
ਦਿੱਤੇ ਨੇ ਵੋਟਾਂ ਪਾ ਕੇ
ਹੱਕ ਉਨ੍ਹਾਂ ਖੋਹੇ ਨਹੀਂ।

'ਹਮਦਮ' ਉਹ ਬਣਦੇ ਰਹੇ
ਪੈਰੀਂ ਤਾਂ ਖੜੋਏ ਨਹੀਂ।
ਪੱਕੇ ਸੀ ਤਿੜਕ ਗਏ
ਕੱਚੇ ਤੇ ਚੋਏ ਨਹੀਂ।

*-ਸੁਖਵਿੰਦਰ ਹਮਦਮ, ਬੋਦਲਾਂ ਵਾਲਾ*
*ਫੋਨ: 360-281-2624*


# ਜਲ੍ਹਿਆਂਵਾਲਾ ਬਾਗ ਸਾਕੇ ਦਾ ਪਿਛੋਕੜ

**ਸ਼ਤਾਬਦੀ 'ਤੇ ਵਿਸ਼ੇਸ਼**

**1919-2019**

***ਸੌ ਸਾਲ ਪਹਿਲਾਂ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਦਾ ਸਾਕਾ ਹੋਇਆ। ਉਸ ਦਿਨ ਲੋਕ ਉਥੇ ਰੌਲਟ ਐਕਟ ਦੇ ਖਿਲਾਫ ਇਕੱਠੇ ਹੋਏ ਸਨ, ਜਿਸ ਤਹਿਤ ਸਰਕਾਰ ਨੂੰ ਭਾਰਤੀ ਲੋਕਾਂ ਦੇ ਅੰਗਰੇਜ਼ਾਂ ਖਿਲਾਫ ਹਰ ਤਰ੍ਹਾਂ ਦੇ ਵਿਰੋਧ ਨੂੰ ਕੁਚਲਣ ਦੀਆਂ ਬੇਸ਼ੁਮਾਰ ਤਾਕਤਾਂ ਦਿੱਤੀਆਂ ਗਈਆਂ। ਦੇਸ਼ ਭਰ 'ਚ ਇਸ ਦਾ ਵਿਰੋਧ ਹੋਇਆ ਪਰ ਪੰਜਾਬ ਅਤੇ ਬੰਗਾਲ ਵਿਚ ਇਸ ਦਾ ਵਿਰੋਧ ਬਹੁਤ ਤਿੱਖਾ ਸੀ। ਭਾਰਤ ਦੀ ਆਜ਼ਾਦੀ ਬਾਰੇ ਨਿੱਠ ਕੇ ਲਿਖਣ ਵਾਲੇ ਗੁਰਦੇਵ ਸਿੰਘ ਸਿੱਧੂ ਨੇ ਇਸ ਲੇਖ ਵਿਚ ਇਸ ਸਾਕੇ ਦੇ ਪਿਛੋਕੜ ਦੇ ਹਾਲਾਤ ਦਾ ਵਰਣਨ ਕੀਤਾ ਹੈ। -ਸੰਪਾਦਕ***

ਉਨ੍ਹੀਵੀਂ ਸਦੀ ਦੇ ਅੰਤਲੇ ਵਰ੍ਹਿਆਂ ਦੌਰਾਨ ਬੰਬਈ (ਹੁਣ ਮੁੰਬਈ) ਪ੍ਰਾਂਤ ਵਿਚ ਅੰਗਰੇਜ਼ ਹਕੂਮਤ ਖਿਲਾਫ ਸ਼ੁਰੂ ਹੋਇਆ ਹਿੰਸਕ ਰੋਸ ਅਗਲੇ ਕੁਝ ਸਾਲਾਂ ਵਿਚ ਦੇਸ਼ ਭਰ ਵਿਚ ਫੈਲ ਗਿਆ। ਭਾਵੇਂ ਬਿਹਾਰ-ਉੜੀਸਾ, ਸੰਯੁਕਤ ਪ੍ਰਾਂਤ ਅਤੇ ਕੇਂਦਰੀ ਪ੍ਰਾਂਤ ਵੀ ਇਨ੍ਹਾਂ ਹਿੰਸਕ ਕਾਰਵਾਈਆਂ ਤੋਂ ਅਛੂਤੇ ਨਹੀਂ ਸਨ ਰਹੇ ਪਰ ਇਨ੍ਹਾਂ ਦਾ ਮੁੱਖ ਕੇਂਦਰ ਪੰਜਾਬ ਅਤੇ ਬੰਗਾਲ ਬਣੇ। ਬੰਗਾਲ ਹਿੰਸਕ ਵਾਰਦਾਤਾਂ ਵਾਪਰਨ ਦੀ ਗਿਣਤੀ ਪੱਖੋਂ ਮੋਹਰੀ ਸੀ ਅਤੇ ਪੰਜਾਬ ਵਿਚਲੀਆਂ ਘਟਨਾਵਾਂ ਵਿਆਪਕਤਾ ਪੱਖੋਂ ਬੇਮਿਸਾਲ ਸਨ। ਅੰਗਰੇਜ਼ ਹਾਕਮਾਂ ਲਈ ਲੋਕਾਂ ਵਿਚ ਵਧ ਰਿਹਾ ਹਿੰਸਕ ਰੁਝਾਨ



**ਗੁਰਦੇਵ ਸਿੰਘ ਸਿੱਧੂ**
ਫੋਨ: +91-94170-49417

ਉਨ੍ਹਾਂ ਦੀ 'ਕਾਨੂੰਨ ਦੁਆਰਾ ਸਥਾਪਤ ਸਰਕਾਰ' ਲਈ ਖਤਰੇ ਦੀ ਘੰਟੀ ਸੀ, ਜਿਸ ਨੂੰ ਟਾਲਣ ਲਈ ਉਹ ਯਤਨਸ਼ੀਲ ਸਨ। ਅਜਿਹੇ ਯਤਨਾਂ ਵਜੋਂ ਹੀ ਗਵਰਨਰ ਜਨਰਲ ਨੇ 10 ਦਸੰਬਰ 1917 ਨੂੰ ਕਮੇਟੀ ਬਣਾਉਣ ਦਾ ਐਲਾਨ ਕੀਤਾ, ਜਿਸ ਨੂੰ ਇਹ ਕਾਰਜ ਸੌਂਪੇ ਗਏ:

-ਹਿੰਦੁਸਤਾਨ ਵਿਚ ਇਨਕਲਾਬੀ ਲਹਿਰ ਨਾਲ ਸਬੰਧਤ ਮੁਜਰਮਾਨਾ ਸਾਜ਼ਿਸ਼ਾਂ ਦੇ ਲੱਛਣਾਂ ਅਤੇ ਵਿਸਥਾਰ ਬਾਰੇ ਜਾਂਚ ਕਰ ਕੇ ਰਿਪੋਰਟ ਦੇਣੀ।

-ਅਜਿਹੀਆਂ ਸਾਜ਼ਿਸ਼ਾਂ ਨਾਲ ਸਿੱਝਣ ਸਮੇਂ ਦਰਪੇਸ਼ ਮੁਸ਼ਕਿਲਾਂ ਬਾਰੇ ਗੌਰ ਕਰਦਿਆਂ ਇਨ੍ਹਾਂ ਦੀ ਪਰਖ ਕਰਨੀ ਅਤੇ ਸਰਕਾਰ ਨੂੰ ਇਨ੍ਹਾਂ ਲਹਿਰਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਵਾਸਤੇ, ਜੇ ਲੋੜ ਸਮਝੀ ਜਾਵੇ, ਕਾਨੂੰਨ ਬਣਾਉਣ ਦੀ ਸਲਾਹ ਦੇਣੀ।

ਇਸ ਕਮੇਟੀ ਦਾ ਪ੍ਰਧਾਨ ਹਿਜ਼ ਮੈਜਿਸਟੀ'ਜ਼ ਹਾਈ ਕੋਰਟ ਆਫ ਜਸਟਿਸ ਦੇ ਕਿੰਗ'ਜ਼ ਬੈਂਚ ਡਿਵੀਜ਼ਨ ਦੇ ਜਸਟਿਸ ਸਿਡਨੀ ਰੌਲਟ ਨੂੰ ਥਾਪਿਆ ਗਿਆ। ਕਮੇਟੀ ਦੇ ਦੂਜੇ ਮੈਂਬਰ ਬੰਬਈ ਦਾ ਚੀਫ ਜਸਟਿਸ ਬਾਸਿਲ ਸਕਾਟ, ਮਦਰਾਸ ਹਾਈ ਕੋਰਟ ਦਾ ਜੱਜ ਦੀਵਾਨ ਬਹਾਦਰ ਸੀ.ਵੀ. ਕੁਮਾਰਾਸਵਾਮੀ ਸ਼ਾਸਤਰੀ, ਸੰਯੁਕਤ ਪ੍ਰਾਂਤਾਂ ਦੇ ਰੈਵੇਨਿਊ ਬੋਰਡ ਦਾ ਮੈਂਬਰ ਵਰਨਏ ਲੋਵਿਟ ਅਤੇ ਕਲਕੱਤਾ ਹਾਈ ਕੋਰਟ ਦਾ ਵਕੀਲ ਪ੍ਰੋਵਾਸ਼ ਚੰਦਰ ਮਿੱਤ੍ਰਾ ਸਨ। ਬੰਗਾਲ ਕਾਡਰ ਦੇ ਆਈ. ਸੀ. ਐਸ. ਅਧਿਕਾਰੀ ਜੇ. ਡੀ.ਵੀ. ਹੋਜ ਨੂੰ ਕਮੇਟੀ ਦਾ ਸਕੱਤਰ ਨਿਯੁਕਤ ਕੀਤਾ ਗਿਆ। ਕਮੇਟੀ ਨੇ ਜਨਵਰੀ 1918 ਤੋਂ 4 ਮੀਟਿੰਗਾਂ ਲਾਹੌਰ ਅਤੇ ਬਾਕੀ ਸਭ ਕਲਕੱਤੇ ਵਿਚ ਕੀਤੀਆਂ। ਹਿੰਦੁਸਤਾਨ ਸਰਕਾਰ ਦੇ ਨਾਲ ਨਾਲ ਸਭ ਪ੍ਰਾਂਤਕ ਸਰਕਾਰਾਂ ਨੇ ਆਪਣੇ ਬਿਆਨ ਲਿਖਤੀ ਸਬੂਤਾਂ ਸਮੇਤ ਕਮੇਟੀ ਸਾਹਮਣੇ ਰੱਖੇ।

ਇਨ੍ਹਾਂ ਦਸਤਾਵੇਜ਼ਾਂ ਦੀ ਪੁਣਛਾਣ ਪਿਛੋਂ ਕਮੇਟੀ ਨੇ ਆਪਣੀ ਰਿਪੋਰਟ 15 ਅਪਰੈਲ 1918 ਨੂੰ ਗਵਰਨਰ ਜਨਰਲ ਨੂੰ ਪੇਸ਼ ਕੀਤੀ। ਰਿਪੋਰਟ ਵਿਚ ਹਿੰਸਕ ਕਾਰਵਾਈਆਂ ਨਾਲ ਸਿੱਝਣ ਲਈ ਸਰਕਾਰ ਨੂੰ ਨਵਾਂ ਕਾਨੂੰਨ ਬਣਾਉਣ ਦੀ ਸਿਫਾਰਿਸ਼ ਕੀਤੀ ਗਈ ਸੀ। ਇਸ ਦੀ ਲੋਅ ਵਿਚ ਸਰਕਾਰ ਨੇ ਬਿਲ ਤਿਆਰ ਕੀਤਾ, ਜਿਸ ਨੂੰ 'ਦਿ ਅਨਾਰਕੀਕਲ ਐਂਡ ਰੈਵੋਲਿਊਸ਼ਨਰੀ ਕ੍ਰਾਈਮਜ਼ ਬਿਲ' ਦਾ ਨਾਂ ਦਿੱਤਾ ਗਿਆ। ਇਹ ਬਿਲ ਜਸਟਿਸ ਰੌਲਟ ਦੀ ਪ੍ਰਧਾਨਗੀ ਹੇਠਲੀ ਕਮੇਟੀ ਵਲੋਂ ਸੁਝਾਇਆ ਗਿਆ ਹੋਣ ਕਾਰਨ ਆਮ ਲੋਕਾਂ ਵਿਚ ਇਹ 'ਰੌਲਟ ਬਿਲ' ਨਾਂ ਨਾਲ ਜਾਣਿਆ ਗਿਆ। ਇਸ ਬਿਲ ਵਿਚ ਇਹ ਧਾਰਾਵਾਂ ਸਨ:

1. ਇਨਕਲਾਬੀਆਂ ਦੇ ਮੁਕੱਦਮੇ ਤਿੰਨ ਜੱਜਾਂ ਦੇ ਬੈਂਚ ਸਾਹਮਣੇ ਪੇਸ਼ ਹੋਣ, ਜੋ ਸਮਾਂਬੱਧ ਫੈਸਲਾ ਸੁਣਾਏ। ਫੈਸਲੇ ਬਾਰੇ ਅਪੀਲ ਨਹੀਂ ਸੀ ਹੋ ਸਕਣੀ।

2. ਜਿਸ ਬੰਦੇ ਖਿਲਾਫ ਸਰਕਾਰ ਵਿਰੁਧ ਅਪਰਾਧ ਕਰਨ ਦਾ ਸ਼ੱਕ ਹੋਵੇ, ਉਸ ਪਾਸੋਂ ਜ਼ਮਾਨਤ ਲੈ ਕੇ ਉਸ ਨੂੰ ਕਿਸੇ ਖਾਸ ਥਾਂ ਜਾਣ ਤੇ ਵਿਸ਼ੇਸ਼ ਕੰਮ ਕਰਨ ਤੋਂ ਵਰਜਿਆ ਜਾ ਸਕਦਾ ਸੀ।

3. ਪ੍ਰਾਂਤਿਕ ਸਰਕਾਰ ਨੂੰ ਹੱਕ ਮਿਲ ਜਾਂਦਾ ਸੀ ਕਿ ਉਹ ਕਿਸੇ ਵੀ ਬੰਦੇ ਨੂੰ ਸਰਕਾਰ ਵਿਰੋਧੀ ਕਾਰਵਾਈ ਕਰਨ ਦੇ ਸ਼ੱਕ ਵਿਚ ਬਿਨਾ ਵਾਰੰਟ ਗ੍ਰਿਫਤਾਰ ਕਰ ਸਕੇ ਅਤੇ ਜੇ ਅਜਿਹਾ ਬੰਦਾ ਪਹਿਲਾਂ ਹੀ ਜੇਲ੍ਹ ਵਿਚ ਹੋਵੇ ਤਾਂ ਉਸ ਦੀ ਕੈਦ ਦੀ ਮਿਆਦ ਵਧਾ ਸਕੇ।

4. ਗੈਰ-ਕਾਨੂੰਨੀ ਸਮੱਗਰੀ ਦਾ ਪ੍ਰਕਾਸ਼ਨ, ਅਜਿਹੀ ਸਮੱਗਰੀ ਨੂੰ ਕੋਲ ਰੱਖਣ ਅਤੇ ਉਸ ਦੀ ਵੰਡ ਕਰਨ ਨੂੰ ਅਪਰਾਧ ਐਲਾਨਿਆ ਗਿਆ।

ਸਰਕਾਰ ਨੇ 18 ਜਨਵਰੀ 1919 ਦੇ ਗਜ਼ਟ ਵਿਚ ਇਹ ਬਿਲ ਛਾਪਿਆ ਤਾਂ ਜੰਗ ਦੀ ਸਮਾਪਤੀ ਪਿੱਛੋਂ ਸਰਕਾਰ ਦੀ ਨੀਤੀ ਵਿਚ ਲੋਕ ਪੱਖੀ ਸੁਧਾਰ ਆਉਣ ਦੇ ਆਸਵੰਦ ਲੋਕਾਂ ਲਈ ਇਹ ਅਸਮਾਨੋਂ ਡਿੱਗੀ ਬਿੱਜ ਸੀ, ਜਿਸ ਦਾ ਵੱਡਾ ਵਿਰੋਧ ਹੋਣਾ ਲਾਜ਼ਮੀ ਸੀ। ਦੋ ਫਰਵਰੀ 1919 ਨੂੰ ਲਾਹੌਰ ਵਿਚ ਇੰਡੀਅਨ ਐਸੋਸੀਏਸ਼ਨ ਨੇ ਮੀਟਿੰਗ ਕਰ ਕੇ ਰੌਲਟ ਬਿਲ ਦਾ ਵਿਰੋਧ ਕੀਤਾ ਤੇ 4 ਫਰਵਰੀ ਨੂੰ ਇਸ ਮੰਤਵ ਲਈ ਹੀ ਬ੍ਰੈਡਲੇ ਹਾਲ ਵਿਚ ਇਕ ਹੋਰ ਮੀਟਿੰਗ ਹੋਈ। ਪੰਜ ਫਰਵਰੀ ਨੂੰ ਅੰਮ੍ਰਿਤਸਰ ਵਿਚ ਹੋਈ ਜਨ ਸਭਾ ਵਿਚ ਰੌਲਟ ਬਿਲ ਦਾ ਵਿਰੋਧ ਕੀਤਾ ਗਿਆ। ਛੇ ਅਤੇ ਸੱਤ ਫਰਵਰੀ ਨੂੰ ਇਸ ਬਿੱਲ ਉਤੇ ਕੌਂਸਲ ਦੇ ਇਜਲਾਸ ਵਿਚ ਬਹਿਸ ਹੋਈ ਤਾਂ ਵੀ. ਜੀ. ਪਟੇਲ, ਸੁਰਿੰਦਰ ਨਾਥ ਬੈਨਰਜੀ, ਮੁਹੰਮਦ ਅਲੀ ਜਿਨਾਹ, ਮਦਨ ਮੋਹਨ ਮਾਲਵੀਆ, ਬੀ. ਬੀ. ਸ਼ੁਕਲ, ਤੇਜ ਬਹਾਦਰ ਸਪਰੂ ਆਦਿ ਮੈਂਬਰਾਂ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਵੀ. ਜੀ. ਪਟੇਲ ਨੇ ਕਿਹਾ, "ਅਜਿਹੇ ਮੌਕੇ ਜਦੋਂ ਲੋਕ ਇਹ ਆਸਾਂ ਲਾਈ ਬੈਠੇ ਸਨ ਕਿ ਲੋਕਾਂ ਦੀ ਭਲਾਈ ਲਈ ਕੋਈ ਬਿਲ ਪੇਸ਼ ਹੋਵੇਗਾ, ਇਸ ਬਿਲ ਦਾ ਪੇਸ਼ ਹੋਣਾ ਬੜੇ ਅਫਸੋਸ ਦੀ ਗੱਲ ਹੈ।"



*ਜਲ੍ਹਿਆਂਵਾਲਾ ਬਾਗ ਦੇ ਸਾਕਾ ਦਾ ਇਕ ਚਿੱਤਰ।*

ਮੁਹੰਮਦ ਅਲੀ ਜਿਨਾਹ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ, "ਮੇਰੇ ਵਲੋਂ ਇਸ ਬਿਲ ਦਾ ਵਿਰੋਧ ਕੀਤੇ ਜਾਣ ਦਾ ਆਖਰੀ ਆਧਾਰ ਜੋ ਮੈਂ ਸਰਕਾਰ ਨੂੰ ਡਰਾਵੇ ਜਾਂ ਧਮਕੀ ਵਜੋਂ ਕਹਿਣਾ ਨਹੀਂ ਚਾਹੁੰਦਾ, ਪਰ ਇਸ ਲਈ ਕਹਿ ਰਿਹਾ ਹਾਂ ਕਿ ਤੁਹਾਨੂੰ ਸੱਚਾਈ ਦੱਸਣਾ ਮੇਰਾ ਫਰਜ਼ ਹੈ; ਕਿ ਜੇ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਤੁਸੀਂ ਮੁਲਕ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਬੇਚੈਨੀ ਅਤੇ ਐਜੀਟੇਸ਼ਨ ਦਾ ਅਜਿਹਾ ਤੂਫਾਨ ਪੈਦਾ ਕਰ ਦਿਓਗੇ, ਜੋ ਤੁਸੀਂ ਕਦੇ ਨਾ ਵੇਖਿਆ ਹੋਵੇ।"

ਮੁਹੰਮਦ ਅਲੀ ਜਿਨਾਹ ਦੀ ਗੱਲ ਸਹੀ ਸਿੱਧ ਹੋਈ। ਅਜੇ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਵਿਚ ਬਿਲ ਬਾਰੇ ਬਹਿਸ ਹੀ ਚੱਲ ਰਹੀ ਸੀ ਕਿ ਇਸ ਦਾ ਦੇਸ਼-ਵਿਆਪੀ, ਆਪ-ਮੁਹਾਰਾ ਵਿਰੋਧ ਹੋਣ ਲੱਗਾ। ਪਹਿਲ ਇੰਡੀਅਨ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਬੀ. ਐਨ. ਸ਼ਰਮਾ ਨੇ ਕੌਂਸਲ ਮੈਂਬਰੀ ਤੋਂ ਅਸਤੀਫਾ ਦੇ ਕੇ ਕੀਤੀ ਤੇ ਲਿਖਿਆ, "ਸ਼ਾਂਤੀ ਦੇ ਸਮੇਂ ਰੌਲਟ ਬਿਲ ਨੂੰ ਇਸ ਦੇ ਮੌਜੂਦਾ ਰੂਪ ਵਿਚ ਪ੍ਰਵਾਨ ਕਰਨਾ ਕਾਨੂੰਨ ਦੇ ਬੁਨਿਆਦੀ ਅਸੂਲਾਂ ਦੀ ਉਲੰਘਣਾ ਅਤੇ ਪਰਜਾ ਦੀ ਆਜ਼ਾਦੀ ਲਈ ਗੰਭੀਰ ਧਮਕੀ ਹੈ ਅਤੇ ਸ਼ਾਇਦ ਅੰਤ ਦੀ ਸ਼ੁਰੂਆਤ ਹੈ।" ਝਬਦੇ ਹੀ ਇਸ ਬਿਲ ਦੇ ਵਿਰੋਧ ਵਿਚ ਪੰਜਾਬ ਵਿਚ ਥਾਂ ਥਾਂ ਆਵਾਜ਼ ਉਠਣ ਲੱਗੀ।

ਇਧਰ ਕੌਂਸਲ ਵਿਚ ਬਿਲ 'ਤੇ ਬਹਿਸ ਹੋ ਰਹੀ ਸੀ, ਉਧਰ 9 ਅਤੇ 13 ਫਰਵਰੀ 1919 ਨੂੰ ਅੰਮ੍ਰਿਤਸਰ ਵਿਚ ਇਸ ਦੇ ਵਿਰੋਧ ਲਈ ਸਭਾਵਾਂ ਹੋਈਆਂ। ਨੌਂ ਫਰਵਰੀ ਦੀ ਸਭਾ ਨੂੰ ਸੰਬੋਧਨ ਕਰਨ ਲਈ ਡਾ. ਗੋਕੁਲ ਚੰਦ ਨਾਰੰਗ ਉਚੇਚੇ ਲਾਹੌਰ ਤੋਂ ਅੰਮ੍ਰਿਤਸਰ ਆਏ। 13 ਫਰਵਰੀ ਦੀ ਸਭਾ ਨਿਰੋਲ ਮੁਸਲਮਾਨ ਸਰੋਤਿਆਂ ਦੀ ਸੀ, ਜਿਸ ਨੂੰ ਡਾ. ਸੈਫ ਉਦ-ਦੀਨ ਕਿਚਲੂ ਨੇ ਸੰਬੋਧਨ ਕੀਤਾ।

16 ਫਰਵਰੀ ਨੂੰ ਰੌਲਟ ਬਿਲ ਦੇ ਵਿਰੋਧ ਲਈ ਲਾਇਲਪੁਰ ਵਿਚ ਸਥਾਨਕ ਕਾਂਗਰਸ ਕਮੇਟੀ ਅਤੇ 19 ਫਰਵਰੀ ਨੂੰ ਫਿਰੋਜ਼ਪੁਰ ਵਿਚ ਸੇਵਾ ਸੰਮਤੀ ਸ਼ਾਖਾ ਵਲੋਂ ਮੀਟਿੰਗ ਕੀਤੀ ਗਈ।

19 ਫਰਵਰੀ ਨੂੰ ਅੰਮ੍ਰਿਤਸਰ ਦੇ ਵੰਦੇ ਮਾਤ੍ਰਮ ਹਾਲ ਵਿਚ ਰੌਲਟ ਬਿਲ ਦੇ ਵਿਰੋਧ ਵਿਚ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਲਾਲਾ ਘਨੱਈਆ ਲਾਲ ਨੇ ਕੀਤੀ।

22 ਅਤੇ 23 ਫਰਵਰੀ ਨੂੰ ਮੁਲਤਾਨ ਦੀ ਕੁਪ ਸਬਜ਼ੀ ਮੰਡੀ ਵਿਚ ਜਿਲਾ ਕਾਂਗਰਸ ਕਮੇਟੀ ਦੀ ਸਰਪ੍ਰਸਤੀ ਹੇਠ ਹੋਈ ਇਕੱਤਰਤਾ ਵਿਚ ਇਸ ਬਿਲ ਦਾ ਵਿਰੋਧ ਕੀਤਾ ਗਿਆ। ਇਕੱਤਰਤਾ ਵਿਚ ਮੁੱਖ ਤੌਰ 'ਤੇ ਵਪਾਰੀ ਤਬਕਾ ਸ਼ਾਮਲ ਹੋਇਆ। 24 ਫਰਵਰੀ ਨੂੰ ਅਜਿਹੀ ਮੀਟਿੰਗ ਗੱਲਾ ਮੰਡੀ ਵਿਚ ਹੋਈ। ਤਿੰਨੇ ਦਿਨ ਸਿੰਧ ਤੋਂ ਆਏ ਡਾ. ਚੇਤ ਰਾਮ ਸਿੰਘ ਨੇ ਸੰਬੋਧਿਤ ਕੀਤਾ।

28 ਫਰਵਰੀ ਨੂੰ ਅਜਿਹੀ ਮੀਟਿੰਗ ਅੰਮ੍ਰਿਤਸਰ ਵਿਚ ਹੋਈ। ਇਸੇ ਦਿਨ ਲਾਹੌਰ ਵਿਚ ਕਿਸੇ ਸੰਭਾਵੀ ਅੰਦੋਲਨ ਲਈ ਵਾਲੰਟੀਅਰ ਭਰਤੀ ਕਰਨ ਵਾਸਤੇ ਦੁਨੀ ਚੰਦ ਨੇ 'ਪੰਜਾਬ ਨੈਸ਼ਨਲ ਵਾਲੰਟੀਅਰ ਕੋਰ' ਦੀ ਸਥਾਪਨਾ ਕੀਤੀ। ਪਹਿਲੀ ਮਾਰਚ ਨੂੰ ਲਾਇਲਪੁਰ ਵਿਚ 'ਸੇਵਾ ਸੰਮਤੀ' ਬਣੀ। ਲਾਹੌਰ ਵਿਚ 9 ਮਾਰਚ ਨੂੰ ਮੀਆਂ ਫਜ਼ਲ ਹੁਸੈਨ ਦੀ ਪ੍ਰਧਾਨਗੀ ਹੇਠ ਬ੍ਰੈਡਲੇ ਹਾਲ ਵਿਚ ਹੋਈ ਮੀਟਿੰਗ ਵਿਚ ਰੌਲਟ ਬਿਲ ਦਾ ਵਿਰੋਧ ਕੀਤਾ ਗਿਆ। ਮੁੱਖ ਬੁਲਾਰਾ ਕਸੂਰ ਵਾਸੀ ਵਕੀਲ ਗੁਲਾਮ ਮੋਹੀਓਦੀਨ ਸੀ। ਕਲਕੱਤਾ ਤੋਂ ਆਏ ਪੱਤਰਕਾਰ ਸਈਦ ਹਬੀਬ ਸ਼ਾਹ ਨੇ ਵੀ ਸੰਬੋਧਨ ਕੀਤਾ। 15 ਅਤੇ 16 ਮਾਰਚ ਨੂੰ ਮੁਲਤਾਨ ਵਿਚ ਜਿਲਾ ਕਾਂਗਰਸ ਕਮੇਟੀ ਦੇ ਝੰਡੇ ਹੇਠ ਬਾਉਲੀ ਸੇਠ ਕੁਮਾਂ ਦਾਸ ਨੇੜੇ ਹੋਈ ਇਕੱਤਰਤਾ ਨੂੰ ਅੰਮ੍ਰਿਤਸਰ ਤੋਂ ਆਏ ਡਾ. ਸੈਫ ਉਦ-ਦੀਨ ਕਿਚਲੂ ਅਤੇ ਲਾਹੌਰ ਤੋਂ ਦੁਨੀ ਚੰਦ ਤੇ ਮੋਹਸਨ ਸ਼ਾਹ ਨੇ ਸੰਬੋਧਿਤ ਕੀਤਾ।

ਗਾਂਧੀ ਅਤੇ ਰੌਲਟ ਬਿਲ: ਗਾਂਧੀ ਨੂੰ ਸਪਸ਼ਟ ਦਿਸਣ ਲੱਗਾ ਕਿ ਸਰਕਾਰ ਰੌਲਟ ਬਿਲ ਨੂੰ ਐਕਟ ਦਾ ਰੂਪ ਦੇਣ ਉਤੇ ਬਜ਼ਿਦ ਹੈ। ਉਨ੍ਹਾਂ ਨੇ ਜੰਗ ਦੌਰਾਨ ਸਰਕਾਰ ਦੀ ਮਦਦ ਕਰਨ ਦੇ ਇਵਜ਼ ਵਿਚ ਮਿਲੇ ਰੌਲਟ ਬਿਲ ਨੂੰ ਆਪਣੇ ਸਵੈਮਾਨ ਲਈ ਠੇਸ ਮੰਨਦਿਆਂ ਇਸ ਬਿਲ ਦੇ ਐਕਟ ਬਣਨ ਪਿਛੋਂ ਪੈਦਾ ਹੋਣ ਵਾਲੀ ਹਾਲਤ ਦੇ ਮੁਕਾਬਲੇ ਲਈ ਬੰਬਈ ਵਿਚਲੇ ਆਪਣੇ ਸਹਿਯੋਗੀਆਂ ਨਾਲ ਵਿਚਾਰ ਕੀਤੀ ਅਤੇ ਸੱਤਿਆਗ੍ਰਹਿ ਸਭਾ ਕਾਇਮ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਇਸ ਸਭਾ ਦਾ ਵਾਲੰਟੀਅਰ ਬਣਨ ਵਾਲੇ ਹਰ ਬੰਦੇ ਵਲੋਂ ਭਰੇ ਜਾਣ ਵਾਸਤੇ ਇਹ ਪ੍ਰਣ ਪੱਤਰ ਤਿਆਰ ਕੀਤਾ:

"ਪੂਰੀ ਸਿਦਕਦਿਲੀ ਅਤੇ ਇਮਾਨਦਾਰੀ ਨਾਲ ਇਹ ਰਾਏ ਰੱਖਦਾ ਹਾਂ ਕਿ ਇਹ ਬਿੱਲ ਇੰਡੀਅਨ ਕ੍ਰਿਮੀਨਲ ਲਾਅ (ਅਮੈਂਡਮੈਂਟ) ਨੰਬਰ 1, 1919 ਅਤੇ ਨੰਬਰ 2 ਨਿਆਂਹੀਣ ਅਤੇ ਆਜ਼ਾਦੀ ਤੇ ਇਨਸਾਫ ਦੇ ਅਸੂਲਾਂ ਲਈ ਘਾਤਕ ਅਤੇ ਸ਼ਹਿਰੀਆਂ ਦੇ ਬੁਨਿਆਦੀ ਹੱਕਾਂ ਉਪਰ ਛਾਪਾ ਹਨ ਅਤੇ ਇਹ ਰਾਜ ਤੇ ਕੌਮ ਦੇ ਬਚਾਓ ਨੂੰ ਆਧਾਰ ਬਣਾ ਕੇ ਸ਼ਹਿਰੀਆਂ ਦੇ ਬੁਨਿਆਦੀ ਹੱਕਾਂ ਦਾ ਵੀ ਘਾਣ ਕਰਦੇ ਹਨ। ਸਾਡਾ ਪ੍ਰਣ ਹੈ ਕਿ ਇਨ੍ਹਾਂ ਬਿੱਲਾਂ ਦੇ ਐਕਟ ਬਣ ਜਾਣ ਦੀ ਸੂਰਤ ਵਿਚ ਅਸੀਂ ਇਨ੍ਹਾਂ ਕਾਨੂੰਨਾਂ ਤੇ ਹੋਰਨਾਂ ਨੂੰ ਵੀ, ਜਿਵੇਂ ਕਿ ਸਾਡੀ ਬਣਾਈ ਜਾਣ ਵਾਲੀ ਕਮੇਟੀ ਹਦਾਇਤ ਕਰੇ ਜਾਂ ਮੁਨਾਸਬ ਸਮਝੇ, ਮੰਨਣ ਤੋਂ ਸ਼ਾਂਤਮਈ ਢੰਗ ਨਾਲ ਇਨਕਾਰ ਕਰ ਦਿਆਂਗੇ। ਅਸੀਂ ਇਹ ਵੀ ਪੂਰੀ ਗੰਭੀਰਤਾ ਨਾਲ ਕਸਮ ਖਾਂਦੇ ਹਾਂ ਕਿ ਆਪਣੇ ਇਸ ਅੰਦੋਲਨ ਵਿਚ ਸੱਚ ਦਾ ਅਤੇ ਸ਼ਾਂਤੀ ਦਾ ਪੱਲਾ ਕਦੇ ਨਹੀਂ ਛੱਡਾਂਗੇ ਤੇ ਕਿਸੇ ਜਾਨ ਮਾਲ ਨੂੰ ਹਾਨੀ ਨਹੀਂ ਪੁਚਾਵਾਂਗੇ।"

ਸੱਤਿਆਗ੍ਰਹਿ ਦੀ ਲੋੜ ਬਾਰੇ ਗਾਂਧੀ ਜੀ ਦਾ ਕਹਿਣਾ ਸੀ, "ਇਨ੍ਹਾਂ ਬਿਲਾਂ ਦਾ ਸਾਰੇ ਹਿੰਦੁਸਤਾਨ 'ਤੇ ਅਸਰ ਪੈਣਾ ਹੈ। ਇਨ੍ਹਾਂ ਅਧੀਨ ਸਰਕਾਰ ਨੂੰ ਹਾਲਾਤ ਨੂੰ ਸੰਭਾਲਣ ਦੀ ਲੋੜ ਨਾਲੋਂ ਕਿਤੇ ਬੇਪਨਾਹ ਹੱਕ ਦਿੱਤੇ ਜਾਣ ਵਾਲੇ ਹਨ। ਇਹ ਭਾਰੀ ਖਤਰੇ ਵਾਲੀ ਗੱਲ ਹੈ।"

ਗਾਂਧੀ ਦੀ ਇਸ ਤਜਵੀਜ਼ ਨੂੰ ਪੰਜਾਬ ਵਿਚ ਬੇਮਿਸਾਲ ਹੁੰਗਾਰਾ ਮਿਲਿਆ, ਕਿਉਂਕਿ ਰੌਲਟ ਬਿਲ ਨੇ ਸ਼ਾਸਨ ਵਿਚ ਭਾਗੀਦਾਰੀ ਦੀ ਮੰਗ ਕਰਨ ਵਾਲੇ ਹੋਮ ਰੂਲ ਲਹਿਰ ਦੇ ਆਗੂਆਂ ਦੇ ਪੱਲੇ ਨਿਰਾਸ਼ਾ ਪਾਈ ਸੀ ਜਿਸ ਤੋਂ ਬਚਣ ਵਾਸਤੇ ਉਹ ਗਾਂਧੀ ਵਲੋਂ ਤਜਵੀਜ਼ਸ਼ੁਦਾ ਸੱਤਿਆਗ੍ਰਹਿ ਵਲ ਮੁੜ ਗਏ। ਉਨ੍ਹਾਂ ਗਾਂਧੀ ਜੀ ਵਲੋਂ ਸੱਤਿਆਗ੍ਰਹਿ ਦੀ ਮਿਤੀ ਐਲਾਨੇ ਜਾਣ ਤੋਂ ਪਹਿਲਾਂ ਹੀ ਪੰਜਾਬ ਵਿਚ ਸੰਭਾਵੀ ਅੰਦੋਲਨ ਦੀ ਤਿਆਰੀ ਸ਼ੁਰੂ ਕਰ ਦਿੱਤੀ। ਅੰਮ੍ਰਿਤਸਰ ਤੋਂ ਡਾ. ਸੈਫ ਉਦ-ਦੀਨ ਕਿਚਲੂ ਅਤੇ ਲਾਹੌਰ ਤੋਂ ਦੁਨੀ ਚੰਦ ਤੇ ਮੋਹਸਨ ਸ਼ਾਹ 15 ਅਤੇ 16 ਮਾਰਚ ਨੂੰ ਮੁਲਤਾਨ ਵਿਚ ਸਨ, ਜਿਥੇ ਉਨ੍ਹਾਂ ਪਹਿਲੇ ਦਿਨ ਜਿਲਾ ਕਾਂਗਰਸ ਕਮੇਟੀ ਦੀ ਸਰਪ੍ਰਸਤੀ ਹੇਠ ਸੇਠ ਕੁਮਾਂ ਦਾਸ ਦੀ ਬਾਉਲੀ ਨੇੜੇ ਜਲਸੇ ਵਿਚ ਅਤੇ ਅਗਲੇ ਦਿਨ ਗੱਲਾ ਮੰਡੀ ਵਿਚ ਹੋਈ ਕਾਨਫਰੰਸ ਵਿਚ ਹੋਮ ਰੂਲ ਤੇ ਰੌਲਟ ਬਿਲ ਬਾਰੇ ਭਾਸ਼ਣ ਦਿੱਤੇ।

ਪੰਜਾਬ ਵਿਚ ਸੱਤਿਆਗ੍ਰਹਿ: 18 ਮਾਰਚ 1919 ਨੂੰ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਦੀ ਪ੍ਰਵਾਨਗੀ ਪਿਛੋਂ ਇਹ ਬਿਲ ਕਾਨੂੰਨ ਬਣ ਗਿਆ। ਫਲਸਰੂਪ ਇਸ ਦੇ ਵਿਰੋਧ ਵਿਚ ਵੀ ਵਾਧਾ ਹੋਇਆ। 23 ਮਾਰਚ ਨੂੰ ਅੰਮ੍ਰਿਤਸਰ ਵਿਚ ਜਨਤਕ ਇਕੱਠ ਵਿਚ ਰੌਲਟ ਐਕਟ ਵਿਰੁਧ ਅਤੇ ਸ਼ਾਂਤਮਈ ਸੱਤਿਆਗ੍ਰਹਿ ਦੇ ਪੱਖ ਵਿਚ ਭਾਸ਼ਣ ਹੋਏ। ਮੁੱਖ ਵਕਤਾ ਡਾ. ਸੱਤਪਾਲ ਸੀ, ਜਿਸ ਨੇ ਬੜਾ ਜੋਸ਼ੀਲਾ ਭਾਸ਼ਣ ਦਿੱਤਾ। 'ਡਿਸਆਰਡਰ ਇਨਕੁਆਇਰੀ ਕਮੇਟੀ' ਦੀ ਰਿਪੋਰਟ ਅਨੁਸਾਰ ਇਸ ਮੀਟਿੰਗ ਵਿਚ ਇਕ ਬੁਲਾਰੇ ਨੇ ਕਿਹਾ, "ਬੋਇਰਜ਼ ਕੀੜੀਆਂ ਵਾਂਗੂੰ ਕੱਟਦੇ ਹਨ ਪਰ ਬਰਤਾਨਵੀ ਸੱਪ ਵਾਂਗ ਡੱਸਦੇ ਹਨ। ਜੇ ਅਫਸਰਸ਼ਾਹ ਇਸ ਮੁਲਕ 'ਤੇ ਡੇਢ ਸੌ ਸਾਲ ਰਾਜ ਕਰਨ ਪਿਛੋਂ ਵੀ 10-20 ਇਨਕਲਾਬੀਆਂ ਨੂੰ ਕੰਟਰੋਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਰਾਜ ਕਰਨ ਵਾਸਤੇ ਕਿਸੇ ਹੋਰ ਮੁਲਕ ਦੀ ਤਲਾਸ਼ ਕਰਨੀ ਚਾਹੀਦੀ ਹੈ।" ਬੁਲਾਰੇ ਨੇ ਇਸ ਐਕਟ ਦੀ ਤੁਲਨਾ ਨਾਦਰਸ਼ਾਹੀ ਕਾਰਵਾਈ ਨਾਲ ਕੀਤੀ।

ਉਧਰ ਮਹਾਤਮਾ ਗਾਂਧੀ ਨੇ 23 ਮਾਰਚ ਨੂੰ ਹੀ ਸੱਤਿਆਗ੍ਰਹਿ ਕਰਨ ਵਾਲਿਆਂ ਲਈ ਹਦਾਇਤਾਂ ਜਾਰੀ ਕੀਤੀਆਂ। ਸੱਤਿਆਗ੍ਰਹਿ ਸ਼ਾਂਤੀਪੂਰਨ ਰੱਖਣ ਲਈ ਉਨ੍ਹਾਂ ਕਿਹਾ, "ਮੈਨੂੰ ਪੂਰਨ ਭਰੋਸਾ ਹੈ ਕਿ ਸਾਡਾ ਕਲਿਆਣ ਦੁੱਖ ਅਤੇ ਪੀੜ ਜਰਨ ਨਾਲ ਹੀ ਹੋਵੇਗਾ, ਅੰਗਰੇਜ਼ਾਂ ਵਲੋਂ ਸਾਡੇ ਲਈ ਉਪਰੋਂ ਸੁੱਟੇ ਗਏ ਸੁਧਾਰਾਂ ਨਾਲ ਨਹੀਂ। ਅੰਗਰੇਜ਼ ਪਸ਼ੂ ਸ਼ਕਤੀ ਦੀ ਵਰਤੋਂ ਕਰਦੇ ਹਨ, ਅਸੀਂ ਆਤਮਾ ਦੀ ਸ਼ਕਤੀ ਦੀ।" ਜਿਉਂ ਹੀ ਜਨਤਾ ਨੂੰ ਸੱਤਿਆਗ੍ਰਹਿ ਸਭਾ ਦੇ ਮੈਂਬਰ ਬਣਨ ਦਾ ਸੱਦਾ ਮਿਲਿਆ, ਲੋਕ ਧੜਾਧੜ ਪ੍ਰਣ ਪੱਤਰ ਭਰਨ ਲੱਗੇ।

ਕੌਮਾਂਤਰੀ ਪੱਧਰ ਉਤੇ ਵਾਪਰੀਆਂ ਦੋ ਘਟਨਾਵਾਂ ਜਨਤਾ ਨੂੰ ਰਾਜਸੀ ਭਿਆਲੀ ਵਿਚ ਭਾਈਵਾਲ ਹੋਣ ਲਈ ਉਤਸ਼ਾਹਿਤ ਕਰ ਰਹੀਆਂ ਸਨ। ਪਹਿਲੀ ਸੀ, ਅਕਤੂਬਰ 1917 ਵਿਚ ਰੂਸ ਵਿਚ ਆਇਆ ਇਨਕਲਾਬ, ਜਿਥੇ ਲੋਕ ਉਭਾਰ ਨੇ ਜ਼ਾਰਸ਼ਾਹੀ ਨੂੰ ਮਿਟਾ ਕੇ ਰਾਜ ਸੱਤਾ ਲੋਕ ਨੁਮਾਇੰਦਿਆਂ ਦੇ ਹੱਥ ਸੌਂਪ ਦਿੱਤੀ ਸੀ ਅਤੇ ਦੂਜੀ ਸੀ ਅਮਰੀਕਾ ਦੇ ਰਾਸ਼ਟਰਪਤੀ ਵਿਲਸਨ ਵਲੋਂ ਆਲਮੀ ਜੰਗ ਵਿਚ ਸ਼ਾਮਲ ਹੋਣ ਬਾਰੇ ਦਿੱਤਾ ਇਹ ਬਿਆਨ ਕਿ ਅਮਰੀਕਾ ਨੂੰ ਛੋਟੀਆਂ ਕੌਮਾਂ ਦੀ ਆਜ਼ਾਦੀ ਲਈ ਜੰਗ ਵਿਚ ਕੁੱਦਣਾ ਪਿਆ ਹੈ। ਹਿੰਦੁਸਤਾਨ ਦਾ ਪੜ੍ਹਿਆ ਲਿਖਿਆ ਤਬਕਾ, ਜੋ ਇਨ੍ਹਾਂ ਦੋਹਾਂ ਘਟਨਾਵਾਂ ਤੋਂ ਉਤਸ਼ਾਹਿਤ ਹੋ ਕੇ ਸਰਕਾਰ ਨਾਲ ਦਸਤਪੰਜਾ ਲੈਣ ਲਈ ਮੌਕੇ ਦੀ ਭਾਲ ਵਿਚ ਸੀ, ਸੱਤਿਆਗ੍ਰਹਿ ਦੇ ਵਾਲੰਟੀਅਰ ਬਣਨ ਵਾਲਿਆਂ ਵਿਚ ਮੋਹਰੀ ਸੀ।


ਵੀ. ਐਨ. ਦੱਤ ਅਨੁਸਾਰ, "ਮਦਰਾਸ ਵਿਖੇ ਸਰੋਜਨੀ ਨਾਇਡੂ, ਬਿਪਨ ਚੰਦਰ ਪਾਲ ਅਤੇ ਰਾਜ ਗੋਪਾਲ ਆਚਾਰੀਆ ਨੇ ਰੋਸ ਮੀਟਿੰਗਾਂ ਦੀ ਤਨਜ਼ੀਮ ਕੀਤੀ। ਕਲਕੱਤੇ ਵਿਚ ਸੀ. ਆਰ. ਦਾਸ ਅਤੇ ਬੀ. ਚੱਕਰਵਰਤੀ ਐਜੀਟੇਸ਼ਨ ਦੇ ਮੋਹਰੀ ਬਣੇ। ਗਾਂਧੀ ਅਲਾਹਾਬਾਦ ਨਹਿਰੂ ਪਰਿਵਾਰ ਕੋਲ ਠਹਿਰੇ ਅਤੇ ਉਨ੍ਹਾਂ ਦੀ ਹਮਾਇਤ ਵੀ ਪ੍ਰਾਪਤ ਕਰ ਲਈ। ਉਤਰ ਪ੍ਰਦੇਸ਼ ਵਿਚ ਉਨ੍ਹਾਂ ਮੁਸਲਿਮ ਲੀਡਰਾਂ ਨਾਲ ਵਿਚਾਰ-ਵਟਾਂਦਰੇ ਕੀਤੇ। ਉਨ੍ਹਾਂ ਦੀ ਪ੍ਰੇਰਨਾ ਸਦਕਾ ਅਲੀ ਭਰਾਵਾਂ-ਮੁਹੰਮਦ ਤੇ ਸ਼ੌਕਤ ਅਤੇ 'ਇੰਡੀਪੈਂਡੈਂਟ' ਨਾਲ ਵਾਸਤਾ ਰੱਖਣ ਵਾਲੇ ਅਬਦੁਲ ਬਾਰੀ ਤੇ ਸਈਦ ਹੁਸੈਨ, ਸਭ ਨੇ ਸੱਤਿਆਗ੍ਰਹਿ ਦੇ ਪ੍ਰਣ ਪੱਤਰਾਂ 'ਤੇ ਸਹੀ ਪਾ ਦਿੱਤੀ। ਇਹ ਵਾਕਿਆ ਮਾਰਚ 1919 'ਚ ਹੋਇਆ ਤੇ ਵੱਡੀ ਪ੍ਰਾਪਤੀ ਸੀ।

ਇਸ ਨਾਲ ਤੁਰਕੀ ਅਤੇ ਖਿਲਾਫਤ ਦੇ ਸਵਾਲ ਬਾਰੇ ਭਟਕੇ ਮੁਸਲਮਾਨ ਵੀ ਸਿਆਸੀ ਐਜੀਟੇਸ਼ਨ ਅਖਾੜੇ ਵਿਚ ਉਤਰ ਆਏ। ਇਸ ਦੌਰਾਨ ਗਾਂਧੀ ਨੇ ਦਿੱਲੀ ਵਿਚ ਸਵਾਮੀ ਸ਼ਰਧਾਨੰਦ, ਅੰਮ੍ਰਿਤਸਰ ਵਿਚ ਡਾ. ਸੈਫ ਉਦ-ਦੀਨ ਕਿਚਲੂ ਅਤੇ ਡਾ. ਸੱਤਿਆਪਾਲ, ਜਿਸ ਨੂੰ ਉਸ ਦੇ ਅੰਗਰੇਜ਼ ਵਿਰੋਧੀ ਵਿਚਾਰਾਂ ਕਾਰਨ ਫੌਜ ਵਿਚ ਸਹਾਇਕ ਸਰਜਨ ਦੀ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ, ਲਾਹੌਰ ਵਿਚ ਲਾਲਾ ਦੁਨੀ ਚੰਦ, ਚੌਧਰੀ ਰਾਮਭਜ ਦੱਤ ਅਤੇ ਲਾਲਾ ਹਰਕਿਸ਼ਨ ਲਾਲ ਨਾਲ ਸੰਪਰਕ ਕਰ ਲਿਆ। ਗਾਂਧੀ ਵਲੋਂ ਪੇਸ਼ ਕੀਤਾ ਸੱਚਾਈ ਅਤੇ ਅਹਿੰਸਾ ਦਾ ਸਰਲ ਤੇ ਸਾਦਾ ਤਰੀਕਾ ਲੀਡਰਾਂ ਅਤੇ ਉਨ੍ਹਾਂ ਦੇ ਮਗਰ ਲੱਗਣ ਵਾਲੇ ਲੋਕਾਂ ਨੂੰ ਇਕੋ ਜਿਹਾ ਅਪੀਲ ਕਰ ਗਿਆ।

ਰੌਲਟ ਐਕਟ ਹਿੰਦੁਸਤਾਨ ਦੇ ਲੋਕਾਂ ਨੂੰ ਇਕੱਠੇ ਹੋਣ ਲਈ ਸ਼ਾਨਦਾਰ ਸੁਨਹਿਰੀ ਮੌਕੇ ਵਾਂਗ ਲੱਭ ਪਿਆ ਸੀ। ਉਨ੍ਹਾਂ ਗਾਂਧੀ ਦੀ ਲਲਕਾਰ ਦਾ ਪੂਰੇ ਜੋਸ਼ ਅਤੇ ਦਿਲ ਨਾਲ ਹੁੰਗਾਰਾ ਦਿੱਤਾ।

*(ਅਗਲੇ ਸਫੇ 'ਤੇ ਜਾਰੀ)*

ਪੰਜਾਬ ਸਮੇਤ ਦੇਸ਼ ਦੇ ਹੋਰ ਭਾਗਾਂ ਵਿਚ ਅਜੇ ਰੌਲਟ ਐਕਟ ਦੇ ਵਿਰੋਧ ਵਿਚ ਜਲਸੇ ਹੀ ਹੋ ਰਹੇ ਸਨ ਕਿ ਗਾਂਧੀ ਨੇ 30 ਮਾਰਚ ਨੂੰ ਹੜਤਾਲ ਦਾ ਸੱਦਾ ਦੇ ਦਿੱਤਾ। ਉਨ੍ਹਾਂ ਭਾਵੇਂ ਪਿੱਛੋਂ ਹੜਤਾਲ ਦੀ ਤਰੀਕ ਬਦਲ ਕੇ 6 ਅਪਰੈਲ ਕਰ ਦਿੱਤੀ, ਪਰ ਇਸ ਦੀ ਸੂਚਨਾ ਨਾ ਮਿਲਣ ਕਾਰਨ ਪੰਜਾਬ ਦੇ ਕਾਂਗਰਸੀ ਆਗੂਆਂ ਨੇ 30 ਮਾਰਚ ਦੀ ਹੜਤਾਲ ਨੂੰ ਸਫਲ ਬਣਾਉਣ ਲਈ ਪੂਰੀ ਸ਼ਕਤੀ ਝੋਕ ਦਿੱਤੀ ਅਤੇ ਹੜਤਾਲ ਤੋਂ ਇਕ ਦਿਨ ਪਹਿਲਾਂ ਪੂਰੀ ਸਰਗਰਮੀ ਵਿਖਾਈ। ਇਸ ਦਿਨ ਅੰਮ੍ਰਿਤਸਰ, ਫਾਜ਼ਿਲਕਾ (ਜਿਲਾ ਫਿਰੋਜ਼ਪੁਰ), ਝੰਗ-ਮਘਿਆਣਾ (ਜਿਲਾ ਝੰਗ) ਅਤੇ ਮੁਲਤਾਨ



*ਸਿਡਨੀ ਰੌਲਟ*

ਵਿਚ ਜਲਸੇ ਕੀਤੇ। ਇਸ ਦਿਨ ਅੰਮ੍ਰਿਤਸਰ ਜਿਲਾ ਪ੍ਰਸ਼ਾਸਨ ਨੇ ਡਾ. ਸੱਤਿਆਪਾਲ ਵਲੋਂ 23 ਮਾਰਚ ਨੂੰ ਕੀਤੀ ਤਕਰੀਰ ਦੇ ਆਧਾਰ ਉਤੇ ਉਸ ਵਲੋਂ ਜਨਤਕ ਇਕੱਠਾਂ ਵਿਚ ਭਾਸ਼ਣ ਕਰਨ ਉਤੇ ਪਾਬੰਦੀ ਲਾ ਦਿੱਤੀ। ਫਾਜ਼ਿਲਕਾ ਵਿਚ ਲਾਲਾ ਦੀਨਾ ਨਾਥ ਪਲੀਡਰ, ਸਵਾਮੀ ਬਰਮਾ ਨੰਦ ਅਤੇ ਹੋਰਾਂ ਨੇ ਮੀਟਿੰਗ ਕਰ ਕੇ ਅਗਲੇ ਦਿਨ ਹੜਤਾਲ ਦੇ ਪ੍ਰਚਾਰ ਕਰਨ ਦੇ ਨਾਲ ਨਾਲ ਸ਼ਹਿਰ ਵਿਚ 'ਸੱਤਿਆਗ੍ਰਹਿ ਲਾਇਬ੍ਰੇਰੀ' ਸਥਾਪਤ ਕਰਨ ਲਈ ਚੰਦਾ ਇਕੱਠਾ ਕੀਤਾ (ਪੰਜਾਬ ਸਰਕਾਰ ਨੇ ਲਾਲਾ ਦੀਨਾ ਨਾਥ ਪਲੀਡਰ ਦੇ ਵਿਹਾਰ ਤੋਂ ਚਿੜ ਕੇ ਉਸ ਬਾਰੇ ਪੰਜਾਬ ਹਾਈ ਕੋਰਟ, ਲਾਹੌਰ ਵਿਚ ਸ਼ਿਕਾਇਤ ਕੀਤੀ)।

ਮੁਲਤਾਨ ਵਿਚ ਹਿੰਦੂ-ਮੁਸਲਮਾਨ ਪੰਚਾਇਤ ਦੀ ਸਰਪ੍ਰਸਤੀ ਹੇਠ ਮੀਟਿੰਗ ਕੀਤੀ ਗਈ। ਇਸ ਦਿਨ ਸ਼ਹਿਰ ਵਿਚ ਜਿਲਾ ਕਾਂਗਰਸ ਕਮੇਟੀ ਵਲੋਂ ਪ੍ਰਕਾਸ਼ਿਤ 'ਹੜਤਾਲ ਕਰਨ ਦੀ ਅਪੀਲ' ਵੰਡੀ ਗਈ। 'ਵਕਤ' ਅਖਬਾਰ ਦੇ 30 ਮਾਰਚ ਦੇ ਅੰਕ ਵਿਚਲੀ ਇਹ ਟਿੱਪਣੀ ਹੜਤਾਲ ਪੱਖੀਆਂ ਦਾ ਹੌਸਲਾ ਵਧਾਉਣ ਵਾਲੀ ਸੀ, "ਜੇ ਸਾਰਾ ਦੇਸ਼ ਹੀ ਸੱਤਿਆਗ੍ਰਹਿ ਦੇ ਰਾਹ ਤੁਰ ਪਏ ਤਾਂ ਉਹ ਕਿਹੜੀ ਸਰਕਾਰ ਹੈ ਜੋ ਇਸ ਦੇ ਸਾਹਮਣੇ ਅਟਕ ਸਕੇ। ਸੱਤਿਆਗ੍ਰਹਿ ਜ਼ੁਲਮ ਅਤੇ ਜਬਰ ਨੂੰ ਜੜ੍ਹਾਂ ਤੋਂ ਪੁੱਟ ਕੇ ਇਸ ਦੀ ਥਾਂ ਇਨਸਾਫ, ਤਰਸ ਅਤੇ ਪ੍ਰੇਮ ਦਾ ਬੀਜ ਬੀਜਦਾ ਹੈ।"

30 ਮਾਰਚ ਨੂੰ ਇਨ੍ਹਾਂ ਸ਼ਹਿਰਾਂ ਦੇ ਨਾਲ ਨਾਲ ਮੁਕੇਰੀਆਂ (ਜਿਲਾ ਹੁਸ਼ਿਆਰਪੁਰ), ਕਰਨਾਲ, ਪਾਣੀਪਤ (ਜਿਲਾ ਕਰਨਾਲ) ਅਤੇ ਕੋਟ (ਜਿਲਾ ਮੁਜ਼ੱਫਰਗੜ੍ਹ) ਵਿਚ ਹੜਤਾਲ ਹੋਈ। ਇਸ ਦਿਨ ਕਰਨਾਲ ਸ਼ਹਿਰ ਦੀਆਂ ਦੀਵਾਰਾਂ ਉਤੇ ਉਰਦੂ ਵਿਚ ਛਪਿਆ ਇਸ਼ਤਿਹਾਰ ਲੱਗਾ ਦੇਖਿਆ ਗਿਆ, ਜਿਸ ਦਾ ਉਨਵਾਨ (ਸਿਰਲੇਖ) '30 ਮਾਰਚ-ਹੜਤਾਲ ਦਾ ਦਿਨ, ਸੋਗ ਦਿਵਸ' ਸੀ। ਇਸ਼ਤਿਹਾਰ ਵਿਚ ਲਿਖਿਆ ਸੀ ਕਿ ਰੌਲਟ ਐਕਟ ਖਿਲਾਫ ਦੋ ਹੀ ਰਾਹ ਹਨ: ਇਨਕਲਾਬ ਜਾਂ ਅਸਹਿਯੋਗ ਅੰਦੋਲਨ; ਤੇ ਹਥਿਆਰਾਂ ਦੀ ਅਣਹੋਂਦ ਕਾਰਨ ਦੂਜਾ ਰਾਹ ਹੀ ਬਚਦਾ ਹੈ। ਮੁਲਤਾਨ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਨੇ ਆਪਸੀ ਸਹਿਯੋਗ ਨਾਲ ਹੜਤਾਲ ਸਫਲ ਬਣਾਈ। ਸਵੇਰੇ 11 ਵਜੇ ਨਰਸਿੰਘ ਪੁਰੀ ਮੰਦਿਰ ਨੇੜੇ; 1 ਵਜੇ ਦੁਪਹਿਰੇ ਪ੍ਰਹਿਲਾਦਪੁਰੀ ਮੰਦਿਰ ਨੇੜੇ; ਅਤੇ 4 ਵਜੇ ਸ਼ਾਮ ਨੂੰ ਕੁੱਪ ਵੰਗੀ ਗਰਾਂ ਨੇੜੇ ਜਲਸੇ ਕੀਤੇ ਗਏ। 30 ਮਾਰਚ ਨੂੰ ਅੰਮ੍ਰਿਤਸਰ ਅਤੇ ਮੁਲਤਾਨ; ਫਿਰੋਜ਼ਪੁਰ ਅਤੇ ਹੁਸ਼ਿਆਰਪੁਰ ਦੇ ਕੁਝ ਕਸਬਿਆਂ; ਤੇ ਕਰਨਾਲ ਵਿਚ ਮੁਕੰਮਲ ਹੜਤਾਲ ਹੋਈ। ਅੰਮ੍ਰਿਤਸਰ ਅਤੇ ਮੁਲਤਾਨ ਵਿਚ ਹੋਈ ਮੁਕੰਮਲ ਹੜਤਾਲ ਨੂੰ ਲਾਹੌਰ ਦੇ ਅਖਬਾਰਾਂ ਨੇ ਪ੍ਰਬੰਧਕਾਂ ਦੀ ਜਿੱਤ ਐਲਾਨਿਆ। ਅੰਮ੍ਰਿਤਸਰ ਵਿਚ ਹੜਤਾਲ ਪਿੱਛੋਂ ਸ਼ਾਮੀ ਜਲਸਾ ਹੋਇਆ, ਜਿਸ ਦੀ ਹਾਜ਼ਰੀ ਵਖ ਵਖ ਧਿਰਾਂ ਅਨੁਸਾਰ 15000 ਤੋਂ 40000 ਦੇ ਵਿਚਕਾਰ ਸੀ। ਸਮੁੱਚੇ ਤੌਰ 'ਤੇ ਭਾਸ਼ਣਾਂ ਦੀ ਸੁਰ ਹੜਤਾਲ ਦੌਰਾਨ ਕੀਤੇ ਭਾਸ਼ਣਾਂ ਨਾਲੋਂ ਘੱਟ ਉਕਸਾਊ ਸੀ। ਸ਼ਾਇਦ ਇਕੋ ਇਕ ਬਿਆਨ ਧਿਆਨ ਮੰਗਦਾ ਹੈ, ਉਹ ਹੈ, ਡਾ. ਕਿਚਲੂ ਦਾ ਬਿਆਨ ਕਿ ਜੇ ਹਿੰਦੁਸਤਾਨੀਆਂ ਨੇ ਜੰਗ ਦੌਰਾਨ ਇਨਕਲਾਬ ਕਰਨ ਦੀ ਚੋਣ ਕੀਤੀ ਹੁੰਦੀ ਤਾਂ ਉਹ ਆਸਾਨੀ ਨਾਲ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਕੱਢ ਸਕਦੇ ਸਨ।

ਇਸ ਦਿਨ ਦਿੱਲੀ ਵਿਚ ਹੜਤਾਲੀਆਂ ਦੀ ਪੁਲਿਸ ਨਾਲ ਹੋਈ ਝੜਪ ਵਿਚ ਕੁਝ ਮੌਤਾਂ ਹੋ ਗਈਆਂ। ਜਿਉਂ ਜਿਉਂ ਇਸ ਝੜਪ ਅਤੇ ਹੜਤਾਲ ਦੀ ਮਿਤੀ 6 ਅਪਰੈਲ ਹੋਣ ਬਾਰੇ ਖਬਰ ਫੈਲਦੀ ਗਈ, ਜਨਤਾ ਦੇ ਮਨ ਰੋਹ ਅਤੇ ਰੋਸ ਨਾਲ ਭਰਦੇ ਗਏ। ਫਲਸਰੂਪ 6 ਅਪਰੈਲ ਦੀ ਹੜਤਾਲ ਨੂੰ ਸਫਲ ਬਣਾਉਣ ਲਈ 31 ਮਾਰਚ ਨੂੰ ਸਿਆਲਕੋਟ ਵਿਚ ਜਲਸਾ ਹੋਇਆ; ਜਲੰਧਰ ਵਿਚ ਹੋਈ ਇਸ ਮਨੋਰਥ ਦੀ ਮੀਟਿੰਗ ਵਿਚ ਅੰਮ੍ਰਿਤਸਰ ਤੋਂ ਡਾ. ਕਿਚਲੂ ਅਤੇ ਦੀਨਾ ਨਾਥ ਨੇ ਭਾਸ਼ਣ ਦਿੱਤੇ। ਲੁਧਿਆਣੇ ਦੇ ਆਰੀਆ ਸਮਾਜ ਮੰਦਿਰ ਵਿਚ ਔਰਤਾਂ ਦੀ ਸਭਾ ਹੋਈ, ਜਿਸ ਨੂੰ ਦਿੱਲੀ ਦੇ ਸਵਾਮੀ ਸ਼ਰਧਾ ਨੰਦ ਦੀ ਬੇਟੀ ਨੇ ਸੰਬੋਧਨ ਕੀਤਾ।

ਜਲੰਧਰ ਵਿਚ ਪਹਿਲੀ ਅਤੇ 2 ਅਪਰੈਲ ਨੂੰ ਸੂਬਾਈ ਕਾਨਫਰੰਸ ਦੌਰਾਨ ਅੰਮ੍ਰਿਤਸਰ ਤੋਂ ਆਏ ਡਾ. ਕਿਚਲੂ ਅਤੇ ਦੀਨਾ ਨਾਥ ਨੇ ਸੰਬੋਧਨ ਕੀਤਾ। 6 ਅਪਰੈਲ ਦੀ ਤਿਆਰੀ ਲਈ 2 ਅਪਰੈਲ ਨੂੰ ਅੰਬਾਲਾ, ਅੰਮ੍ਰਿਤਸਰ, ਹੁਸ਼ਿਆਰਪੁਰ, ਲਾਹੌਰ ਅਤੇ ਮਿੰਟਗੁਮਰੀ ਵਿਚ ਜਲਸੇ ਹੋਏ। ਅੰਮ੍ਰਿਤਸਰ ਵਾਲੀ ਸਭਾ ਵਿਚ ਗਾਂਧੀ ਦੇ ਸ਼ਰਧਾਲੂ ਸਵਾਮੀ ਸੱਤਿਆ ਦੇਵ ਨੇ 'ਆਤਮਿਕ ਸ਼ਕਤੀ' ਬਾਰੇ ਭਾਸ਼ਣ ਦਿੱਤਾ ਅਤੇ ਜਲੰਧਰ ਵਿਚ ਡਾ. ਕਿਚਲੂ ਅਤੇ ਦੀਨਾ ਨਾਥ ਨੇ। ਲਾਹੌਰ ਵਿਚ ਪੁਲਿਸ ਐਕਟ ਅਧੀਨ ਜਲੂਸ ਕੱਢਣ ਉਤੇ ਇਕ ਮਹੀਨੇ ਲਈ ਪਾਬੰਦੀ ਲਾ ਕੇ ਜਲੂਸ ਨੂੰ ਗਲੀਆਂ ਵਿਚ ਜਾਣ ਤੋਂ ਰੋਕ ਦਿੱਤਾ ਗਿਆ। ਮਿੰਟਗੁਮਰੀ ਵਿਚ ਵਕੀਲਾਂ ਨੇ ਬਾਰ ਰੂਮ ਵਿਚ ਮੀਟਿੰਗ ਕੀਤੀ।

ਅਗਲੇ ਦਿਨ ਮੀਟਿੰਗਾਂ ਦਾ ਸਿਲਸਿਲਾ ਵੱਡੇ ਸ਼ਹਿਰਾਂ ਦੇ ਨਾਲ ਨਾਲ ਕਸਬਿਆਂ ਤਕ ਫੈਲ ਗਿਆ। ਅੰਬਾਲਾ ਜਿਲੇ ਦੇ ਕਸਬਾ ਰੋਪੜ ਵਿਚ ਸਭਾ ਨੇ ਰੌਲਟ ਐਕਟ ਦੀ ਨਿੰਦਿਆ ਕੀਤੀ ਅਤੇ ਦਿੱਲੀ ਵਿਚ ਪੁਲਿਸ ਵਲੋਂ ਚਲਾਈ ਗੋਲੀ ਨੂੰ ਮੰਦਭਾਗਾ ਦੱਸਿਆ। ਛੇ ਅਪਰੈਲ ਨੂੰ ਹੜਤਾਲ ਦੀ ਸਫਲਤਾ ਲਈ ਜ਼ੋਰਦਾਰ ਕੋਸ਼ਿਸ਼ਾਂ ਕਰਨ ਦਾ ਫੈਸਲਾ ਹੋਇਆ। ਗੁਰਦਾਸਪੁਰ ਅਤੇ ਇਸ ਜਿਲੇ ਦੇ ਕਸਬੇ ਬਟਾਲਾ 'ਚ ਹੜਤਾਲ ਦੀ ਸਫਲਤਾ ਲਈ ਕਮੇਟੀਆਂ ਬਣਾਈਆਂ ਗਈਆਂ। ਹੁਸ਼ਿਆਰਪੁਰ ਵਿਚ ਹੜਤਾਲ ਦੀ ਜ਼ਿੰਮੇਵਾਰੀ ਇਕ ਮੁਸਲਿਮ ਵਕੀਲ ਨੂੰ ਸੌਂਪੀ ਗਈ। ਲੁਧਿਆਣੇ ਵਿਚ ਅਜਿਹੀ ਸਭਾ ਕੇਸਰਗੰਜ ਦਾਣਾ ਮੰਡੀ 'ਚ ਹੋਈ। ਸਿਆਲਕੋਟ ਵਿਚ ਆਗੂਆਂ ਨੇ ਦੁਕਾਨਾਂ 'ਤੇ ਜਾ ਕੇ ਛੇ ਅਪਰੈਲ ਨੂੰ ਹੜਤਾਲ ਕਰਨ ਦੀ ਅਪੀਲ ਕੀਤੀ।

ਅੰਮ੍ਰਿਤਸਰ ਵਿਚ ਹੜਤਾਲ ਪੱਖੀ ਮਾਹੌਲ ਬਣਦਾ ਦੇਖ ਜਿਲਾ ਪ੍ਰਸ਼ਾਸਨ ਨੇ 4 ਅਪਰੈਲ ਨੂੰ ਡਾ. ਕਿਚਲੂ, ਪੰਡਿਤ ਕੋਟੂ ਮੱਲ, ਦੀਨਾ ਨਾਥ ਅਤੇ ਸਵਾਮੀ ਅਨੁਭਵਾਨੰਦ ਉਤੇ ਜਨਤਕ ਇਕੱਠਾਂ ਵਿਚ ਭਾਸ਼ਣ ਦੇਣ ਉਤੇ ਪਾਬੰਦੀ ਲਾ ਦਿੱਤੀ। ਡਾ. ਸੱਤਿਆਪਾਲ ਉਤੇ ਅਜਿਹੀ ਪਾਬੰਦੀ 29 ਮਾਰਚ ਤੋਂ ਹੀ ਆਇਦ ਸੀ। ਹੁਸ਼ਿਆਰਪੁਰ ਵਿਚ ਵਕੀਲਾਂ ਅਤੇ ਵਪਾਰੀਆਂ ਦੀ ਇਕੱਤਰਤਾ ਵਿਚ 6 ਅਪਰੈਲ



*ਜਲ੍ਹਿਆਂਵਾਲਾ ਬਾਗ ਦੇ ਸਾਕੇ ਦੀ ਯਾਦਗਾਰ।*

ਦੀ ਹੜਤਾਲ ਵਿਚ ਸ਼ਾਮਲ ਹੋਣ ਅਤੇ ਇਸ ਦਿਨ ਸ਼ਾਮ ਨੂੰ ਜਲਸਾ ਕਰਨ ਦਾ ਫੈਸਲਾ ਕੀਤਾ। ਲਾਹੌਰ ਵਿਚ ਪ੍ਰਸ਼ਾਸਨ ਨੇ ਮਿਉਂਸਪਲ ਮੈਂਬਰਾਂ, ਆਨਰੇਰੀ ਮੈਜਿਸਟਰੇਟਾਂ ਅਤੇ ਵਪਾਰੀਆਂ ਦੀ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਛੇ ਤਰੀਕ ਦੀ ਹੜਤਾਲ ਨੂੰ ਟਾਲਣ ਦੀ ਪ੍ਰੇਰਨਾ ਕੀਤੀ।

ਇਸ ਮੀਟਿੰਗ ਵਿਚ ਲਾਲਾ ਦੁਨੀ ਚੰਦ ਅਤੇ ਚੌਧਰੀ ਸ਼ਹਾਬੂਦੀਨ ਰੌਲਟ ਐਕਟ ਦੇ ਵਿਰੋਧ ਵਿਚ ਬੋਲੇ। ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਤਾੜਨਾ ਕੀਤੀ ਕਿ 6 ਤਰੀਕ ਨੂੰ ਕੋਈ ਬਦਅਮਨੀ ਹੋਈ ਤਾਂ ਉਨ੍ਹਾਂ ਨੂੰ ਜ਼ਿੰਮੇਵਾਰ ਮੰਨਿਆ ਜਾਵੇਗਾ। ਮੁਲਤਾਨ ਵਿਚ ਹਿੰਦੂ-ਮੁਸਲਮਾਨ ਪੰਚਾਇਤ ਨੇ ਮਿਸਰ ਅਤੇ ਫਲਸਤੀਨ ਦੇ ਮੋਰਚੇ ਵਿਚ ਭਾਗ ਲੈ ਕੇ ਵਾਪਸ ਆਈ 2/30 ਪੰਜਾਬੀ ਪਲਟਣ ਦੇ ਸਵਾਗਤ ਵਿਚ ਮਿਉਂਸਪਲ ਕਮੇਟੀ ਵਲੋਂ ਕੀਤੇ ਜਾਣ ਵਾਲੇ ਸਮਾਗਮ ਦੇ ਬਾਈਕਾਟ ਦਾ ਫੈਸਲਾ ਕੀਤਾ। ਕਰਨਾਲ ਤੇ ਸਿਆਲਕੋਟ 'ਚ ਵੀ ਹੜਤਾਲ ਦੀ ਸਫਲਤਾ ਲਈ ਮੀਟਿੰਗਾਂ ਕੀਤੀਆਂ ਗਈਆਂ।

ਪੰਜ ਅਪਰੈਲ ਦਾ ਦਿਨ ਪ੍ਰਸ਼ਾਸਨ ਵਲੋਂ ਅਗਲੇ ਦਿਨ ਹੋਣ ਵਾਲੀ ਹੜਤਾਲ ਨੂੰ ਰੋਕਣ ਅਤੇ ਹੜਤਾਲ ਪੱਖੀਆਂ ਵਲੋਂ ਹੜਤਾਲ ਦੇ ਸੱਦੇ ਨੂੰ ਪ੍ਰਭਾਵੀ ਢੰਗ ਨਾਲ ਅਮਲ ਵਿਚ ਲਿਆਉਣ ਦੀਆਂ ਕਾਰਵਾਈਆਂ ਵਿਚ ਬੀਤਿਆ। ਅੰਮ੍ਰਿਤਸਰ, ਗੁੱਜਰਾਂਵਾਲਾ, ਹੁਸ਼ਿਆਰਪੁਰ, ਮੁਲਤਾਨ ਅਤੇ ਸਿਆਲਕੋਟ ਵਿਚ ਅਧਿਕਾਰੀਆਂ ਨੇ ਹੜਤਾਲ ਪੱਖੀ ਆਗੂਆਂ ਨੂੰ ਬੁਲਾ ਕੇ ਹੜਤਾਲ ਨਾ ਕਰਨ ਦੀ ਪ੍ਰੇਰਨਾ ਕੀਤੀ, ਪਰ ਕੋਈ ਅਸਰ ਨਾ ਹੋਇਆ। ਮਿੰਟਗੁਮਰੀ ਵਿਚ ਲਾਹੌਰ ਤੋਂ ਲਿਆਂਦੇ ਇਸ਼ਤਿਹਾਰ ਲਾਏ ਗਏ, ਜਿਨ੍ਹਾਂ ਵਿਚ 6 ਅਪਰੈਲ ਨੂੰ ਹੜਤਾਲ ਕਰਨ ਦੀ ਅਪੀਲ ਕੀਤੀ ਗਈ ਸੀ। ਮੁਲਤਾਨ ਜ਼ਿਲ੍ਹੇ ਦੇ ਕਸਬੇ ਕੋਟ ਆਦੂ ਵਿਚ ਲਾਹੌਰ ਆਰੀਆ ਸਮਾਜ ਦੇ ਪ੍ਰਤੀਨਿਧੀ ਪੰਡਿਤ ਲੋਕ ਨਾਥ ਅਤੇ ਜਿਲਾ ਰੋਹਤਕ ਦੇ ਕਸਬੇ ਬਹਾਦਰਗੜ੍ਹ ਵਿਚ ਅਲੀਗੜ੍ਹ ਤੋਂ ਆਏ ਪੰਡਿਤ ਤੋਤਾ ਰਾਮ ਨੇ ਜਨਤਕ ਇਕੱਠਾਂ ਵਿਚ ਰੌਲਟ ਐਕਟ ਵਿਰੁਧ ਭਾਸ਼ਣ ਦਿੱਤੇ।

# ਰੌਲਟ ਐਕਟ ਤੋਂ ਯੂ. ਏ. ਪੀ. ਏ.: ਤਸ਼ੱਦਦ ਦੀ ਦਾਸਤਾਨ

ਕੁਝ ਚਿਰ ਪਹਿਲਾਂ ਦਿੱਲੀ ਵਿਚ ਮੇਰੀ ਮੁਲਾਕਾਤ ਬੀ ਰੌਲਟ ਅਤੇ ਜਸਟਿਨ ਰੌਲਟ ਨਾਂ ਦੇ ਬ੍ਰਿਟਿਸ਼ ਪੱਤਰਕਾਰਾਂ ਨਾਲ ਹੋਈ। ਉਹ 2015 ਵਿਚ ਬੀ.ਬੀ.ਸੀ. ਦਾ ਦੱਖਣੀ ਏਸ਼ੀਆ ਦਾ ਪੱਤਰਕਾਰ ਬਣ ਕੇ ਭਾਰਤ ਆਇਆ ਸੀ। ਗੱਲਬਾਤ ਦੌਰਾਨ ਜ਼ਿਕਰ ਆਇਆ ਕਿ 2015 ਵਿਚ ਜਦੋਂ ਉਸ ਦਾ ਪਰਿਵਾਰ ਸਮੇਤ ਭਾਰਤ ਤਬਾਦਲਾ ਕਰੀਬ ਤੈਅ ਹੋ ਚੁਕਾ ਸੀ, ਉਸ ਦੀ ਕੰਪਨੀ ਵਿਚ ਸਵਾਲ ਉਠਿਆ: ਕੀ ਜਸਟਿਨ ਰੌਲਟ ਨੂੰ ਭਾਰਤ ਭੇਜਣਾ ਠੀਕ ਹੈ, ਕੰਪਨੀ ਨੂੰ ਕੋਈ ਖਤਰਾ ਤਾਂ ਨਹੀਂ? ਕਾਰਨ, ਜਸਟਿਨ ਦੇ ਨਾਂ ਮਗਰ ਲੱਗਾ ਰੌਲਟ ਸੀ। ਉਹ ਸਿਡਨੀ ਰੌਲਟ ਦਾ ਪੜਪੋਤਾ ਹੈ। ਸਿਡਨੀ ਰੌਲਟ ਭਾਰਤ ਵਿਚ 1919 ਵਿਚ ਲਾਗੂ ਹੋਏ

**ਡਾ. ਨਵਸ਼ਰਨ ਕੌਰ**
ਫੋਨ: +91-99101-71808

ਪਹਿਲੇ ਸਥਾਈ ਕਾਲੇ ਕਾਨੂੰਨ, ਰੌਲਟ ਐਕਟ ਦਾ ਜਨਮਦਾਤਾ ਸੀ।

ਜਸਟਿਨ ਨੇ ਦੱਸਿਆ ਕਿ ਕੰਪਨੀ ਨੇ ਆਪਣੇ ਵਲੋਂ ਅੰਦਰੂਨੀ ਪੜਤਾਲ ਪਿਛੋਂ ਫੈਸਲਾ ਕੀਤਾ ਕਿ ਜਸਟਿਨ ਰੌਲਟ ਨੂੰ ਭਾਰਤ ਭੇਜਣ 'ਚ ਕੋਈ ਜੋਖਮ ਨਹੀਂ, ਭਾਰਤ ਸਰਕਾਰ ਤੇ ਲੋਕਾਂ ਨੂੰ ਰੌਲਟ ਐਕਟ ਨਾਲ ਕੋਈ ਰੰਜ਼ਿਸ਼ ਨਹੀਂ, ਉਸ ਕਾਲੇ ਕਾਨੂੰਨ ਤੇ ਉਸ ਦੇ ਇਤਿਹਾਸ ਨੂੰ ਭੁਲਾਇਆ ਜਾ ਚੁਕਾ ਹੈ। ਜਸਟਿਨ ਰੌਲਟ ਭਾਰਤ ਵਿਚ ਆਪਣੀ ਮਿਆਦ ਸਫਲਤਾ ਨਾਲ ਨਿਭਾ ਕੇ ਇਥੋਂ ਵਾਪਸ ਜਾ ਚੁਕਾ ਹੈ, ਪਰ 'ਭਾਰਤ ਰੌਲਟ ਐਕਟ ਨੂੰ ਭੁਲਾ ਚੁਕਾ ਹੈ' ਇਹ ਮਿਹਣਾ ਸਾਡੇ 'ਤੇ ਜ਼ਰੂਰ ਛੱਡ ਗਿਆ।

ਇਹ ਐਕਟ ਰੌਲਟ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਬਣਿਆ ਕਾਨੂੰਨ ਸੀ, ਜਿਸ ਵਿਚ ਸਰਕਾਰ ਨੂੰ ਸ਼ਹਿਰੀਆਂ ਦੇ ਸੰਵਿਧਾਨਕ ਹੱਕਾਂ ਨੂੰ ਮੁਲਤਵੀ ਕਰਨ ਦੀ ਕਾਨੂੰਨਨ ਛੋਟ ਸੀ। ਇਹ ਕਾਨੂੰਨ ਬਰਤਾਨਵੀ ਸਰਕਾਰ ਦੇ ਸੰਸਾਰ ਜੰਗ ਦੌਰਾਨ ਪਾਸ ਕੀਤੇ 'ਡਿਫੈਂਸ ਆਫ ਇੰਡੀਆ ਐਕਟ 1915' ਦੀ ਬੁਨਿਆਦ 'ਤੇ ਉਲੀਕਿਆ ਗਿਆ ਸੀ। 1915 ਵਾਲੇ ਐਕਟ ਥੱਲੇ ਸਰਕਾਰ ਨੂੰ ਖੁੱਲ੍ਹ ਸੀ ਕਿ ਕੋਈ ਵੀ ਉਹ ਬੰਦਾ ਜਿਸ ਨੂੰ ਬਰਤਾਨਵੀ ਰਾਜ, ਜੋ ਸੰਸਾਰ ਜੰਗ ਲੜ ਰਿਹਾ ਸੀ, ਆਪਣੀ ਸੁਰੱਖਿਆ ਲਈ ਖਤਰਾ ਸਮਝੇ, ਉਸ ਨੂੰ ਸਿਰਫ ਸ਼ੱਕ ਦੇ ਆਧਾਰ 'ਤੇ ਹੀ ਗ੍ਰਿਫਤਾਰ ਕਰ ਸਕਦੀ ਸੀ। ਜੰਗ ਦੌਰਾਨ ਇਸ ਕਾਨੂੰਨ ਨੂੰ ਹਕੂਮਤ ਨੇ ਦੇਸ਼ ਭਰ ਦੇ ਇਨਕਲਾਬੀਆਂ ਅਤੇ ਅੰਗਰੇਜ਼ ਸਰਕਾਰ ਦੀ ਖਿਲਾਫਤ ਨੂੰ ਦੱਬਣ ਲਈ ਵਰਤਿਆ। ਇਸ ਦੀ ਵੱਡੀ ਦੁਰਵਰਤੋਂ ਪੰਜਾਬ ਦੇ ਗਦਰੀ ਇਨਕਲਾਬੀ ਦੇਸ਼ਭਗਤਾਂ ਅਤੇ ਬੰਗਾਲ ਦੇ ਯੋਧੇ ਇਨਕਲਾਬੀਆਂ ਉਤੇ ਹੋਈ, ਪਰ ਇਹ ਅਸਥਾਈ ਕਾਨੂੰਨ ਸੀ, ਜੋ ਸਿਰਫ ਜੰਗ ਜਿਹੀਆਂ ਹੰਗਾਮੀ ਹਾਲਤਾਂ ਲਈ ਹੀ ਮਨਜ਼ੂਰ ਹੋਇਆ ਸੀ।

ਜੰਗ ਖਤਮ ਹੋਣ ਤੋਂ ਠੀਕ ਛੇ ਮਹੀਨੇ ਪਹਿਲਾਂ ਹਕੂਮਤ ਨੇ ਇਸ ਕਾਨੂੰਨ ਨੂੰ ਚਿਰਸਥਾਈ ਬਣਾਉਣ ਲਈ ਰੌਲਟ ਕਮਿਸ਼ਨ ਬਣਾਇਆ ਤਾਂ ਜੋ ਬਰਤਾਨਵੀ ਹਕੂਮਤ ਖਿਲਾਫ ਵਿਦਰੋਹ ਨੂੰ ਕੁਚਲਣ ਦੀ ਵਿਉਂਤ ਨੂੰ ਮਜ਼ਬੂਤ ਅਤੇ ਸਥਾਈ ਢਾਂਚਾ ਦਿੱਤਾ ਜਾ ਸਕੇ। ਇਸ ਕਮਿਸ਼ਨ ਦੀ ਸਦਾਰਤ ਸਿਡਨੀ ਰੌਲਟ ਨੂੰ ਦਿੱਤੀ ਗਈ, ਜਿਸ ਨੇ ਬਰਤਾਨਵੀ ਖੁਫੀਆ ਰਿਪੋਰਟਾਂ, ਅੰਗਰੇਜ਼ ਅਫਸਰਾਂ ਦੀ ਬਾਗੀਆਂ ਬਾਰੇ ਸਮਝ ਤੇ ਬਰਤਾਨਵੀ ਸਾਮਰਾਜ ਨੂੰ 'ਖਤਰਾ' ਵਾਲਾ ਆਧਾਰ ਬਣਾ ਕੇ ਅਜਿਹੇ ਸਥਾਈ ਕਾਨੂੰਨ ਦਾ ਮਸੌਦਾ ਤਿਆਰ ਕੀਤਾ। ਇਉਂ ਇਸ ਰਾਹੀਂ ਭਾਰਤੀਆਂ ਤੋਂ ਹਕੂਮਤ ਦਾ ਵਿਰੋਧ ਕਰਨ ਦਾ ਹੱਕ ਖੋਹ ਲਿਆ। ਸਰਕਾਰ ਨੂੰ ਛੋਟ ਸੀ ਕਿ ਉਹ ਮਹਿਜ਼ ਸ਼ੱਕ ਦੇ ਆਧਾਰ 'ਤੇ ਕਿਸੇ ਵੀ ਸ਼ਹਿਰੀ ਨੂੰ ਬਿਨਾ ਕਿਸੇ ਅਦਾਲਤ ਵਿਚ ਪੇਸ਼ ਕੀਤੇ, ਬਿਨਾ ਮੁਕੱਦਮਾ ਚਲਾਏ ਜਾਂ ਗਵਾਹੀ ਭੁਗਤਾਏ ਬੰਦੀ ਬਣਾ ਸਕਦੀ ਸੀ। ਇਸੇ ਕਰਕੇ ਇਹ ਕਾਨੂੰਨ 'ਵਕੀਲ ਨਹੀਂ, ਅਪੀਲ ਨਹੀਂ, ਦਲੀਲ ਨਹੀਂ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਰੌਲਟ ਐਕਟ ਤੋਂ ਮਿਲੀ ਅੰਨ੍ਹੀ ਹਕੂਮਤੀ ਤਾਕਤ ਦੇ ਜ਼ੋਰ 'ਤੇ ਹੀ ਜਨਰਲ ਡਾਇਰ ਨੇ ਆਪਣੀ ਫੌਜ ਨਾਲ ਜਲ੍ਹਿਆਂਵਾਲਾ ਬਾਗ ਘੇਰ ਕੇ ਬਿਨਾ ਚਿਤਾਵਨੀ ਦਿੱਤੇ ਫੌਜ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਇਸ 'ਚ ਸੈਂਕੜੇ ਨਿਹੱਥੇ ਲੋਕ ਮਾਰੇ ਗਏ।

1947 ਵਿਚ ਬਰਤਾਨਵੀ ਹਕੂਮਤ ਖਤਮ ਹੋਈ, ਜਿਸ ਨੇ ਸਮਾਜਕ ਨਿਆਂ 'ਤੇ ਆਧਾਰਤ ਰਾਸ਼ਟਰ ਦੀ ਸਿਰਜਣਾ ਅਤੇ ਜਾਤਾਂ, ਜਮਾਤਾਂ, ਕੌਮੀਅਤਾਂ ਅਤੇ ਮਜ਼੍ਹਬਾਂ ਦੇ ਸੁਆਲਾਂ ਨੂੰ ਸੰਵਿਧਾਨਕ ਅਤੇ ਜਮਹੂਰੀ ਢੰਗ ਨਾਲ ਹੱਲ ਕਰਨ ਦਾ ਕਰਾਰ ਕੀਤਾ। 1950 ਵਿਚ ਹੀ ਸਰਕਾਰ ਨੇ 'ਦੇਸ਼ ਦੀ ਸੁਰੱਖਿਆ ਅਤੇ ਅਮਨ ਕਾਨੂੰਨ ਨੂੰ ਖਤਰਾ' ਦੇ ਨਾਂ 'ਤੇ ਨਜ਼ਰਬੰਦੀ ਕਾਨੂੰਨ (ਪ੍ਰੀਵੈਨਟਿਵ ਡਿਟੈਨਸ਼ਨ ਐਕਟ) ਪਾਸ ਕੀਤਾ ਅਤੇ ਤਿਲੰਗਾਨਾ ਵਿਚ ਕਿਸਾਨ ਤੇ ਖੇਤ ਮਜ਼ਦੂਰਾਂ ਦੇ ਜਗੀਰਦਾਰੀ ਨਿਜ਼ਾਮ ਵਿਰੁਧ ਉਠੇ ਵਿਦਰੋਹ ਨੂੰ ਦਬਾਉਣ ਲਈ ਵਰਤਿਆ। ਇਸ ਕਾਨੂੰਨ ਤਹਿਤ ਬਿਨਾ ਮੁਕੱਦਮਾ ਮੁਲਜ਼ਿਮ ਕਰਾਰ ਦਿੱਤੇ ਗਏ ਕਿਸਾਨ, ਮਜ਼ਦੂਰ ਅਤੇ ਉਨ੍ਹਾਂ ਦੇ ਆਗੂਆਂ ਦੀਆਂ ਲੰਮੀਆਂ ਗ੍ਰਿਫਤਾਰੀਆਂ ਹੋਈਆਂ। ਸ਼ੁਰੂ ਵਿਚ ਇਹ ਐਕਟ ਇਕ ਸਾਲ ਲਈ ਪਾਸ ਹੋਇਆ ਪਰ ਸਾਲ ਦਰ ਸਾਲ ਇਸ ਦੀ ਮਿਆਦ ਵਧਾਈ ਗਈ ਅਤੇ 1969 ਵਿਚ ਜਦੋਂ ਖਤਮ ਕੀਤਾ ਤਾਂ ਉਦੋਂ ਤਕ ਇਹ ਕਾਨੂੰਨ ਭਾਰਤ ਦੇ ਪ੍ਰਸ਼ਾਸਕੀ ਅਮਲ ਦਾ ਜ਼ਰੂਰੀ ਹਿੱਸਾ ਬਣ ਚੁੱਕਾ ਸੀ। ਇਸ ਪਿਛੋਂ ਮੁਲਕ ਦੇ ਭਖਦੇ ਮਸਲਿਆਂ ਨੂੰ ਲੈ ਕੇ ਚੱਲੇ ਘੋਲਾਂ ਨੂੰ ਹੰਗਾਮੀ ਹਾਲਾਤ ਐਲਾਨਣ ਕਰਕੇ ਕਾਲੇ ਕਾਨੂੰਨਾਂ ਨਾਲ ਨਿਬੇੜਨ ਦਾ ਰੁਝਾਨ ਪੱਕਾ ਹੋ ਗਿਆ। 1967 ਵਿਚ ਗੈਰ-ਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ, 1971 ਵਿਚ ਅੰਦਰੂਨੀ ਸੁਰੱਖਿਆ ਕਾਨੂੰਨ, 1980 ਵਿਚ ਕੌਮੀ ਸੁਰੱਖਿਆ ਕਾਨੂੰਨ, 1980 ਵਿਚ ਪੰਜਾਬ ਤੇ ਜੰਮੂ ਕਸ਼ਮੀਰ ਵਿਚ ਆਰਮਡ ਫੋਰਸਿਜ਼ (ਵਿਸ਼ੇਸ਼ ਅਧਿਕਾਰ) ਐਕਟ (ਅਫਸਪਾ), 1985 ਵਿਚ ਅਤਿਵਾਦ ਅਤੇ ਵਿਘਨਕਾਰੀ ਕ੍ਰਿਆਵਾਂ (ਰੋਕੂ) ਕਾਨੂੰਨ ਅਤੇ ਉਸ ਪਿਛੋਂ 2002 ਵਿਚ ਅਤਿਵਾਦ ਰੋਕਥਾਮ ਕਾਨੂੰਨ। ਇਨ੍ਹਾਂ ਕਾਨੂੰਨਾਂ ਦੀ ਦੁਰਵਰਤੋਂ ਹੋਈ ਪਰ ਅਸਲ ਵਿਚ ਦੁਰਵਰਤੋਂ ਹੀ ਇਨ੍ਹਾਂ ਕਾਨੂੰਨਾਂ ਦੀ ਵਰਤੋਂ ਸੀ। ਇਨ੍ਹਾਂ ਸਾਰੇ ਕਾਨੂੰਨਾਂ ਦੀ ਪੜਚੋਲ ਦੀ ਮਿਆਦ 2 ਤੋਂ 5 ਵਰ੍ਹੇ ਰਹੀ ਤੇ ਭਾਵੇਂ ਇਨ੍ਹਾਂ ਕਾਨੂੰਨਾਂ ਦੀ ਮਿਆਦ ਵਾਰ-ਵਾਰ ਅੱਗੇ ਵਧਦੀ ਰਹੀ, ਹਰ ਦੂਜੇ ਜਾਂ ਪੰਜਵੇਂ ਸਾਲ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਜਾਇਜ਼ ਠਹਿਰਾਉਣ ਦੀ ਮੁਸ਼ੱਕਤ ਕਰਨੀ ਪੈਂਦੀ ਰਹੀ।


ਸਾਲ 2004 ਅਤੇ ਫਿਰ 2008 ਵਿਚ ਭਾਰਤ ਸਰਕਾਰ ਨੇ 1967 ਦੇ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਵਿਚ ਸੋਧ ਕੀਤੀ। ਨਵੇਂ ਸੋਧੇ ਕਾਨੂੰਨ ਨੇ 'ਟਾਡਾ' ਤੇ 'ਪੋਟਾ' ਦੇ ਸਭ ਤੋਂ ਕਠੋਰ ਤੇ ਕਰੜੇ ਪ੍ਰਾਵਧਾਨਾਂ ਨੂੰ ਜੋੜ ਕੇ ਅਜਿਹਾ ਕਾਨੂੰਨ ਪਾਸ ਕੀਤਾ, ਜਿਸ ਵਿਚ ਸਮੀਖਿਆ ਕਰਨ ਦੀ ਧਾਰਾ ਹੀ ਨਹੀਂ ਹੈ। ਇਹ ਕਦੇ ਨਾ ਖਤਮ ਹੋਣ ਵਾਲਾ ਕਾਲਾ ਕਾਨੂੰਨ ਹੈ। ਸੰਘ ਨੂੰ ਖਤਰੇ ਤੇ ਦਹਿਸ਼ਤਵਾਦ ਨੂੰ ਠੱਲ੍ਹ ਪਾਉਣ ਦੇ ਤਰਕ 'ਤੇ ਬਣਿਆ ਇਹ ਕਾਨੂੰਨ ਰੌਲਟ ਐਕਟ ਨੂੰ ਕਿਤੇ ਪਿੱਛੇ ਛੱਡ ਗਿਆ।

ਜੇ 1919 ਵਿਚ ਰੌਲਟ ਐਕਟ ਦੀ ਵਰਤੋਂ ਆਜ਼ਾਦੀ ਨੂੰ ਪ੍ਰਣਾਏ ਦੇਸ਼ ਭਗਤਾਂ ਖਿਲਾਫ ਹੋਈ ਸੀ ਤਾਂ ਅੱਜ ਯੂ.ਏ.ਪੀ.ਏ. ਨੂੰ ਦਲਿਤਾਂ, ਆਦਿਵਾਸੀਆਂ ਅਤੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣਨ ਵਾਲੇ ਬੁੱਧੀਜੀਵੀਆਂ, ਵਕੀਲਾਂ ਅਤੇ ਜਮਹੂਰੀ ਹੱਕਾਂ ਦੇ ਪਹਿਰੇਦਾਰਾਂ ਖਿਲਾਫ ਖੁੱਲ੍ਹੇਆਮ ਵਰਤਿਆ ਜਾ ਰਿਹਾ ਹੈ। ਅੱਜ ਸਾਡੇ ਦੇਸ਼ ਦੇ ਦਰਜਨਾਂ ਬੁੱਧੀਜੀਵੀ ਕਾਮੇ ਯੂ.ਏ.ਪੀ.ਏ. ਥੱਲੇ ਲੰਬੀਆਂ ਕੈਦਾਂ ਕੱਟ ਰਹੇ ਹਨ।

ਰੌਲਟ ਐਕਟ ਤੇ ਉਸ ਨਾਲ ਜੁੜਿਆ ਜਲ੍ਹਿਆਂਵਾਲਾ ਬਾਗ ਦਾ ਸਾਕਾ ਬਰਤਾਨਵੀ ਸਾਮਰਾਜ ਖਿਲਾਫ ਦੇਸ਼ ਭਗਤਾਂ ਦੀ ਜੰਗ ਦਾ ਸ਼ਾਨਾਂਮੱਤਾ ਇਤਿਹਾਸ ਹੈ ਤੇ ਸਾਡੀ ਪ੍ਰੇਰਨਾ ਦਾ ਸੋਮਾ ਹੈ। ਜਿਸ ਹੌਸਲੇ ਨਾਲ ਸਰਕਾਰੀ ਰੋਕ ਦੇ ਬਾਵਜੂਦ ਜਲ੍ਹਿਆਂਵਾਲੇ ਬਾਗ ਵਿਚ ਹਜ਼ਾਰਾਂ ਲੋਕ ਇਕੱਠੇ ਹੋਏ ਤੇ ਰੌਲਟ ਐਕਟ ਨੂੰ ਵਾਪਸ ਲੈਣ ਅਤੇ ਫੜੇ ਆਗੂਆਂ ਨੂੰ ਰਿਹਾ ਕਰਨ ਦੀ ਮੰਗ ਉਠੀ, ਅੱਜ ਫਿਰ ਲੋੜ ਹੈ ਉਸੇ ਹੀ ਹੌਸਲੇ ਦੀ ਤੇ ਮੰਗ ਕਰਨ ਦੀ ਕਿ ਯੂ.ਏ.ਪੀ.ਏ. ਨੂੰ ਰੱਦ ਕਰਕੇ ਗ੍ਰਿਫਤਾਰ ਕੀਤੇ ਬੁੱਧੀਜੀਵੀ ਰਿਹਾ ਕੀਤੇ ਜਾਣ।

## ਸਿਡਨੀ ਰੌਲਟ ਦਾ ਪੱਤਰਕਾਰ ਪੜਪੋਤਾ

ਰੌਲਟ ਐਕਟ ਬਣਾਉਣ ਵਾਲੇ ਸਿਡਨੀ ਰੌਲਟ ਦਾ ਪੜਪੋਤਰਾ ਜਸਟਿਨ ਰੌਲਟ ਭਾਰਤ ਵਿਚ ਬੀ.ਬੀ.ਸੀ. ਦਾ ਪੱਤਰਕਾਰ ਰਿਹਾ ਹੈ। ਜਸਟਿਨ ਰੌਲਟ ਆਪਣੇ ਪੜਦਾਦੇ ਬਾਰੇ ਆਖਦਾ ਹੈ: ਮੇਰੇ ਜਨਮ ਤੋਂ ਬਹੁਤ ਪਹਿਲਾਂ ਸਿਡਨੀ ਰੌਲਟ ਦਾ ਦੇਹਾਂਤ ਹੋ ਚੁਕਾ ਸੀ। ਉਸ ਦੀ ਭੂਰੀ ਜਿਹੀ ਤਸਵੀਰ ਮੇਰੇ ਪਾਸ ਹੈ। ਉਹ ਕਿਸੇ ਹੋਰ ਯੁੱਗ ਦਾ ਬੰਦਾ ਲੱਗਦਾ ਹੈ, ਬਹੁਤ ਵਡੇਰੀ ਉਮਰ ਦਾ ਅਤੇ ਆਵਾਰਾ ਜਿਹਾ, ਐਡਵਰਡ ਦੇ ਸਮੇਂ ਦਾ ਮਨੁੱਖ। ਉਹ ਭਾਰਤੀ ਇਤਿਹਾਸ ਵਿਚ ਆਪਣੀ ਅਣਇੱਛਤ ਭੂਮਿਕਾ ਨਿਭਾਉਣ ਕਿਵੇਂ ਆਇਆ, ਇਹ ਪੈਟਰਿਕ ਫਰੈਂਚ ਦੀ ਆਜ਼ਾਦੀ ਲਹਿਰ ਦਾ ਇਤਿਹਾਸ 'ਆਜ਼ਾਦੀ ਜਾਂ ਮੌਤ' ਰਚਨਾ ਵਿਚ ਹੈ। ਫਰੈਂਚ ਸਪਸ਼ਟ ਲਿਖਦਾ ਹੈ: 'ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਸਰ ਸਿਡਨੀ ਰੌਲਟ ਭੁੱਲੇ ਵਿਸਰੇ ਅ-ਨਾਇਕਾਂ ਵਿਚੋਂ ਇਕ ਹੈ। ਉਹ ਮੁਕਾਬਲਤਨ ਨਾਚੀਜ਼ ਜਿਹਾ ਜੱਜ ਸੀ, ਜਿਸ ਦੀ ਰੁਚੀ ਆਰਥਕ ਵਿਸ਼ੇ ਵੱਲ ਸੀ ਅਤੇ ਜਿਸ ਦੀ ਭਾਰਤ ਵਿਚ ਨਿਯੁਕਤੀ ਬਿਲਕੁਲ 'ਅਚਾਨਕ' ਹੋਈ ਸੀ।



*ਜਸਟਿਨ ਰੌਲਟ*

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਸ਼ਹੀਦ ਊਧਮ ਸਿੰਘ ਦੀ ਵਿਲੱਖਣ ਸ਼ਹਾਦਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ 'ਗਲਤਫਹਿਮੀ' ਦੀ ਵਿਆਖਿਆ ਕੀਤੀ ਸੀ ਕਿ ਕਿਵੇਂ ਇਹ ਸ਼ਖਸੀਅਤ ਵਿਚ ਵਿਗਾੜ ਪੈਦਾ ਕਰਦੀ ਹੈ। ਉਨ੍ਹਾਂ ਨਸੀਹਤ ਕੀਤੀ ਸੀ, "ਗਲਤਫਹਿਮੀ ਨਾ ਪਾਲੋ। ਕਦੇ ਗੰਧਲੇ ਪਾਣੀ ਨਾ ਹੰਘਾਲੋ। ਬੇਲੋੜੇ ਅਤੇ ਬੇਰੁੱਖੇ ਦੀ ਯਾਦ 'ਚ ਦੀਦੇ ਨਾ ਗਾਲੋ। ਔਤਰ ਚੁੱਕੀ ਆਸ ਲਈ ਉਮੀਦਾਂ ਦੇ ਚਿਰਾਗ ਪਲਕਾਂ 'ਚ ਨਾ ਬਾਲੋ। ਸਗੋਂ ਖੁਦ ਨੂੰ ਸੰਭਾਲੋ।" ਹਥਲੇ ਲੇਖ ਵਿਚ ਉਨ੍ਹਾਂ ਜੱਲਿਆਂ ਵਾਲੇ ਬਾਗ ਦੇ ਸਾਕੇ ਦੀ ਸੌਵੀਂ ਬਰਸੀ ਮੌਕੇ ਜਨਰਲ ਓਡਵਾਇਰ ਨੂੰ ਗੋਲੀ ਮਾਰ ਕੇ ਇਸ ਸਾਕੇ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿਚ ਸ਼ਰਧਾਂਜਲੀ ਭੇਟ ਕੀਤੀ ਹੈ। ਉਹ ਕਹਿੰਦੇ ਹਨ, "ਕੁਝ ਲੋਕ ਸਿਰਫ ਸਿੰਘ, ਰਾਮ ਜਾਂ ਮੁਹੰਮਦ ਬਣ ਕੇ ਹੀ ਸੰਤੁਸ਼ਟ ਹੁੰਦੇ, ਪਰ ਵਿਰਲੇ ਹੀ ਹੁੰਦੇ, ਜੋ ਰਾਮ ਮੁਹੰਮਦ ਸਿੰਘ ਆਜ਼ਾਦ ਬਣ ਕੇ ਆਪਣੇ ਆਪ ਨੂੰ ਸਮੁੱਚੀ ਮਨੁੱਖਤਾ ਦਾ ਪ੍ਰਤੀਨਿਧ ਸਾਬਤ ਕਰਦੇ।...ਆਮ ਤੌਰ 'ਤੇ ਸ਼ਹੀਦ ਰਾਮ, ਸਿੰਘ ਜਾਂ ਮੁਹੰਮਦ ਹੋ ਸਕਦਾ ਏ, ਪਰ ਊਧਮ ਸਿੰਘ ਇਕੋ ਇਕ ਅਜਿਹਾ ਸ਼ਹੀਦ ਹੈ, ਜੋ ਰਾਮ ਮੁਹੰਮਦ ਸਿੰਘ ਆਜ਼ਾਦ ਬਣ ਕੇ ਇਤਿਹਾਸ ਦਾ ਮਾਣਮੱਤਾ ਹੀਰੋ ਬਣ ਕੇ ਸਦਾ ਜਿਉਂਦਾ ਹੈ।" -ਸੰਪਾਦਕ*

100 ਸਾਲ ਪਹਿਲਾਂ ਪੰਜਾਬ ਦੇ ਕਾਲੇ ਇਤਿਹਾਸ ਦਾ ਇਕ ਵਰਕਾ ਸੀ ਜੱਲਿਆਂ ਵਾਲੇ ਬਾਗ ਦਾ ਦੁਖਾਂਤ। ਇਕ ਖੌਫਨਾਕ ਤ੍ਰਾਸਦੀ, ਜਿਸ ਰਾਹੀਂ ਅੰਗਰੇਜ਼ ਹਾਕਮਾਂ ਨੇ ਪੰਜਾਬੀਆਂ ਵਿਚ ਡਰ ਤੇ ਸਹਿਮ ਪੈਦਾ ਕਰਨ ਦੀ ਕੋਸ਼ਿਸ਼ ਕੀਤੀ; ਪਰ ਇਹ ਡਰ ਰੋਹ ਅਤੇ ਰੰਜਿਸ਼ ਬਣ ਕੇ ਆਜ਼ਾਦੀ ਲਈ ਸ਼ਹਾਦਤਾਂ ਦਾ ਸਫਰ ਬਣ ਗਿਆ। ਇਕ ਡਰ 21 ਸਾਲਾਂ ਬਾਅਦ ਲੰਡਨ ਵਿਚ ਪੈਦਾ ਕੀਤਾ ਗਿਆ, ਜਿਸ ਨੇ ਅੰਗਰੇਜ਼ ਹਾਕਮਾਂ ਨੂੰ ਆਜ਼ਾਦੀ ਜਲਦੀ ਦੇਣ ਲਈ ਮਜਬੂਰ ਕੀਤਾ। ਇਨ੍ਹਾਂ ਦੋਹਾਂ ਡਰਾਂ ਵਿਚਲੀ ਇਕੋ-ਇਕ ਕੜੀ ਸੀ, ਸ਼ਹੀਦ ਊਧਮ ਸਿੰਘ, ਜਿਸ ਨੇ ਇਕ ਡਰ ਨੂੰ ਹੱਡੀਂ ਹੰਢਾਇਆ ਅਤੇ ਦੂਜੇ ਡਰ ਨੂੰ ਅੰਜ਼ਾਮ ਦਿਤਾ। ਇਕ ਡਰ ਨੂੰ ਪੈਦਾ ਕਰਨ ਲਈ ਭੀੜ ਉਤੇ ਬੇਤਹਾਸ਼ਾ ਗੋਲੀਆਂ ਚਲਾਈਆਂ ਗਈਆਂ, ਜਦ ਕਿ ਦੂਜੇ ਡਰ ਲਈ ਭੀੜ ਵਿਚੋਂ ਸਿਰਫ ਇਕ ਨੂੰ ਚੁਣਿਆ ਗਿਆ। ਇਕ ਡਰ ਹਾਕਮਾਂ ਵਲੋਂ ਆਮ ਲੋਕਾਂ ਦੇ ਮਨਾਂ ਵਿਚ ਪੈਦਾ ਕਰਨ ਦੀ ਕੋਸ਼ਿਸ਼ ਸੀ, ਜਦ ਕਿ ਦੂਜਾ ਡਰ ਅਣਖੀ ਪੰਜਾਬੀ ਵਲੋਂ ਹਾਕਮਾਂ ਦੇ ਦਿਲਾਂ 'ਚ ਪਾਇਆ ਗਿਆ। ਇਕ ਡਰ ਜ਼ੁਲਮ ਦਾ ਸੀ ਅਤੇ ਦੂਜਾ ਡਰ ਉਸ ਜ਼ੁਲਮ ਦਾ ਬਦਲਾ ਸੀ। ਇਕ ਡਰ ਕਾਲਾ ਪਹਿਰ ਸੀ, ਜਦ ਕਿ ਦੂਜਾ ਡਰ ਸੁਨਹਿਰੀ ਸਫਾ। ਇਕ ਨੇ ਹੀਣਤਾ ਤੇ ਨਮੋਸ਼ੀ ਪੈਦਾ ਕੀਤੀ, ਦੂਜਾ ਸਿਰ ਉਚਾ ਕਰਕੇ ਜਿਉਣ ਦਾ ਸਬਕ ਬਣਿਆ। ਇਕ ਡਰ ਹੰਕਾਰ ਦੀ ਉਪਜ ਤੇ ਦੂਜਾ ਅਣਖ ਨਾਲ ਜਿਉਣ ਦੀ ਇਬਾਦਤ।

ਕੁਝ ਲੋਕ ਮਰਦੇ, ਕੁਝ ਲੋਕ ਸ਼ਹੀਦ ਹੁੰਦੇ, ਪਰ ਕੁਝ ਲੋਕ ਸ਼ਹਾਦਤ ਨੂੰ ਨਵੇਂ ਅਰਥ ਦਿੰਦੇ। ਕੁਝ ਲੋਕ ਇਤਿਹਾਸ ਦਾ ਵਰਕਾ ਹੁੰਦੇ, ਪਰ ਕੁਝ ਲੋਕ ਇਤਿਹਾਸ ਹੀ ਬਣ ਜਾਂਦੇ। ਕੁਝ ਲੋਕ ਕਥਾ-ਕਹਾਣੀਆਂ ਦੇ ਸਿਰਫ ਪਾਤਰ ਹੀ ਰਹਿ ਜਾਂਦੇ, ਪਰ ਕੁਝ ਅਮਰ ਕਥਾ-ਕਹਾਣੀਆਂ ਹੀ ਬਣ ਜਾਂਦੇ। ਕੁਝ ਲੋਕਾਂ ਦਾ ਮੁਹਾਂਦਰਾ ਹਰਫਾਂ ਵਿਚੋਂ ਝਲਕਦਾ, ਪਰ ਕੁਝ ਲੋਕਾਂ ਦੀਆਂ ਸ਼ਖਸੀਅਤ ਨੂੰ ਬਿਆਨ ਕਰਨ ਲੱਗਿਆਂ ਹਰਫ ਛੋਟੇ ਰਹਿ ਜਾਂਦੇ। ਕੁਝ ਲੋਕਾਂ ਕਾਰਨ ਵਕਤ ਨੂੰ ਨਵੀਂ ਤਸ਼ਬੀਹ ਮਿਲਦੀ, ਪਰ ਕੁਝ ਲੋਕਾਂ ਦੀਆਂ ਤਸ਼ਬੀਹਾਂ ਵਿਚੋਂ ਹੀ ਵਕਤ ਦੀ ਨਿਸ਼ਾਨਦੇਹੀ ਹੁੰਦੀ। ਕੁਝ ਲੋਕ ਇਕ ਫਿਰਕੇ ਦਾ ਹੀ ਮਾਣ ਹੁੰਦੇ, ਪਰ ਕੁਝ ਲੋਕਾਂ 'ਤੇ ਸਾਰੇ ਫਿਰਕੇ ਹੀ ਮਾਣ ਕਰਦੇ। ਕੁਝ ਲੋਕ ਆਪਣੇ ਪੁਰਖਿਆਂ ਦੇ ਨਾਂ ਨਾਲ ਜਾਣੇ ਜਾਂਦੇ, ਪਰ ਕੁਝ ਲੋਕਾਂ ਨਾਲ ਹੀ ਉਨ੍ਹਾਂ ਦੇ ਪੁਰਖਿਆਂ, ਪਿਛੋਕੜ ਤੇ ਪਰਿਵਾਰ ਨੂੰ ਨਵੀਂ ਪਛਾਣ ਮਿਲਦੀ। ਕੁਝ ਲੋਕ ਨਿੱਜ ਨੂੰ ਮੁੱਖ ਰੱਖ ਕੇ ਕਿਸੇ ਮਕਸਦ ਨੂੰ ਆਪਣਾ ਅਕੀਦਾ ਬਣਾਉਂਦੇ, ਪਰ ਕੁਝ ਲੋਕ ਸਮਾਜਕ ਸਰੋਕਾਰਾਂ ਵਿਚੋਂ ਹੀ ਆਪਣੀ ਪਛਾਣ ਤੇ ਹੋਂਦ ਦੀ ਜਦੋਜਹਿਦ ਹੁੰਦੇ। ਕੁਝ ਲੋਕ ਸਿਰਫ ਸਿੰਘ, ਰਾਮ ਜਾਂ ਮੁਹੰਮਦ ਬਣ ਕੇ ਹੀ ਸੰਤੁਸ਼ਟ ਹੁੰਦੇ, ਪਰ ਵਿਰਲੇ ਹੀ ਹੁੰਦੇ, ਜੋ ਰਾਮ ਮੁਹੰਮਦ ਸਿੰਘ ਆਜ਼ਾਦ ਬਣ ਕੇ ਆਪਣੇ ਆਪ ਨੂੰ ਸਮੁੱਚੀ ਮਨੁੱਖਤਾ ਦਾ ਪ੍ਰਤੀਨਿਧ ਸਾਬਤ ਕਰਦੇ। ਵਿਰਲੇ ਹੀ ਹੁੰਦੇ, ਜੋ ਹਜ਼ੂਮ ਵਿਚੋਂ ਸੌਖਿਆਂ ਹੀ ਪਛਾਣੇ ਜਾਂਦੇ ਅਤੇ ਉਨ੍ਹਾਂ ਵਿਰਲਿਆਂ ਵਿਚੋਂ ਵੀ ਵਿਰਲਾ ਸੀ, ਸ਼ਹੀਦ ਊਧਮ ਸਿੰਘ।

ਸ਼ਹੀਦ ਊਧਮ ਸਿੰਘ ਦੀ ਜੀਵਨ-ਕਥਾ ਤੇ ਸ਼ਹਾਦਤ ਕਈ ਪੱਖਾਂ ਤੋਂ ਵਿਲੱਖਣ ਅਤੇ ਵੱਖਰੀ। ਇਸ ਵਿਲੱਖਣਤਾ ਕਾਰਨ ਹੀ ਇਕ ਅਜਿਹੇ ਸਿਰਲੱਥ ਯੋਧੇ ਦੀ ਤਸਵੀਰ ਅੱਖਾਂ ਸਾਹਵੇਂ ਉਜਾਗਰ ਹੁੰਦੀ, ਜੋ ਆਪਣੇ ਪ੍ਰਣ ਨੂੰ ਨਿਭਾਉਣ ਲਈ ਹਰ ਔਕੜ ਅਤੇ ਦੁੱਖ-ਦਰਦ ਨੂੰ ਵੀ ਬੌਣਾ ਸਮਝਦਾ ਸੀ।

ਕੁਝ ਕੁ ਵਖਰੇਵੇਂ ਹੇਠਾਂ ਦਰਜ ਹਨ,

ਪਹਿਲਾ, ਬਚਪਨ ਵਿਚ ਹੀ ਯਤੀਮ ਹੋ ਜਾਣਾ ਅਤੇ ਆਪਣੇ ਭਰਾ ਨਾਲ ਅੰਮ੍ਰਿਤਸਰ ਦੇ ਸੈਂਟਰਲ ਯਤੀਮਖਾਨੇ ਵਿਚ ਆਉਣਾ, ਇਕ ਬੱਚੇ ਦੀ ਮਾਨਸਿਕਤਾ, ਵਿਗਸਦੀ ਸੋਚ, ਲਾਡ ਪਿਆਰ ਦੀ ਵਰੇਸ ਅਤੇ ਰਿਹਾੜ ਕਰਕੇ ਮਾਪਿਆਂ ਤੋਂ ਹਰ ਗੱਲ ਮੰਨਵਾਉਣ ਵਾਲੀ ਮਾਨਸਿਕ ਬਿਰਤੀ 'ਤੇ ਕਿਹੋ ਜਿਹੀਆਂ ਝਰੀਟਾਂ ਪਈਆਂ ਹੋਣਗੀਆਂ, ਕਿਆਸ ਕਰਕੇ ਵੀ ਮਨ ਨੂੰ ਹੌਲ ਪੈਣ ਲੱਗਦੇ। ਜਰਾ ਸੋਚਣਾ! ਆਪਣੇ ਭਰਾ ਦੀ ਬੇਵਕਤੀ ਮੌਤ ਨੂੰ ਉਸ ਗਭਰੀਟ ਨੇ ਕਿਵੇਂ ਮਹਿਸੂਸ ਕੀਤਾ ਹੋਵੇਗਾ ਅਤੇ ਸਦਮਾ ਕਿਵੇਂ ਸਹਿਆ ਹੋਵੇਗਾ? ਪਰ ਉਸ ਪੀੜ, ਇਕੱਲ ਅਤੇ ਯਤੀਮਪੁਣੇ ਵਾਲੇ ਸਮੇਂ ਵਿਚ ਹੀ ਇਕ ਅਜਿਹੀ ਸ਼ਖਸੀਅਤ ਦੀ ਨੀਂਹ ਰੱਖੀ ਗਈ, ਜਿਸ ਨੂੰ ਦੁੱਖ ਦਰਦ ਸਹਿਣ ਅਤੇ ਇਸ 'ਚੋਂ ਉਭਰਨ ਦੀ ਜਾਚ ਵੀ ਆ ਗਈ। ਉਸ ਦੇ ਮਨ ਵਿਚ ਰੋਹ ਪੈਦਾ ਹੁੰਦਾ। ਉਹ ਖੁਦ ਨੂੰ ਸੰਭਾਲਦਾ ਏ।

ਊਧਮ ਸਿੰਘ ਦਾ ਬਚਪਨ ਬਹੁਤੇ ਕ੍ਰਾਂਤੀਕਾਰੀਆਂ ਨਾਲੋਂ ਵੱਖਰਾ ਅਤੇ ਗਰੀਬੀ ਤੇ ਗੁਰਬਤ ਨਾਲ ਭਰਿਆ ਪਿਆ ਸੀ, ਜਿਸ ਕਾਰਨ ਸੁਪਨਿਆਂ ਨੂੰ ਸੱਚ ਕਰਨ ਦੀ ਦਲੇਰੀ ਦਾ ਪੈਦਾ ਹੋਣਾ ਅਤੇ ਮਨ ਵਿਚ ਦ੍ਰਿੜਤਾ ਦੀ ਪਕਿਆਈ ਹੋਰ ਵੀ ਮਜਬੂਤ ਹੁੰਦੀ ਏ। ਹੌਲੀ ਹੌਲੀ ਉਸ ਦੀ ਸੋਚ ਵਿਚ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਬੀਜ ਪੁੰਗਰਨੇ ਸ਼ੁਰੂ ਹੁੰਦੇ।

ਦੂਸਰਾ, 20 ਸਾਲ ਦਾ ਨੌਜਵਾਨ ਊਧਮ ਸਿੰਘ ਜੱਲਿਆਂ ਵਾਲੇ ਬਾਗ ਦਾ ਚਸ਼ਮਦੀਦ ਸੀ, ਜੋ ਸੁਣਨ, ਪੜ੍ਹਨ ਜਾਂ ਦੂਜਿਆਂ ਦੇ ਦੀਦਿਆਂ ਰਾਹੀਂ ਇਸ ਦੀ ਭਿਆਨਕਤਾ ਨੂੰ ਦੇਖਣ ਨਾਲੋਂ ਬਹੁਤ ਵੱਖਰਾ ਸੀ। ਉਸ ਨੇ ਜਨਰਲ ਡਾਇਰ ਵਲੋਂ ਕੀਤੇ ਅਣਮਨੁੱਖੀ ਕਤਲੇਆਮ ਨੂੰ ਆਪਣੀ ਅੱਖੀਂ ਦੇਖਿਆ, ਉਸ ਦੇ ਕੰਨਾਂ ਨੇ ਸੁਣਿਆ ਚੀਖ-ਚਿਹਾੜਾ, ਬੱਚਿਆਂ ਦੀਆਂ ਕੁਰਲਾਹਟਾਂ, ਮਾਂਵਾਂ ਦੇ ਕੀਰਨੇ ਅਤੇ ਨਿਹੱਥੇ ਲੋਕਾਂ ਦੀ ਬੇਵਸੀ ਤੇ ਲਾਚਾਰੀ। ਅੱਖਾਂ ਸਾਹਵੇਂ ਵਾਪਰਿਆ ਮੌਤ ਦਾ ਤਾਂਡਵ ਨਾਚ। ਜਰਾ ਸੋਚਣਾ! ਇਸ ਤਾਂਡਵ ਨਾਚ ਨੇ ਗਰਮ ਖੂਨ ਨੂੰ ਕਿਵੇਂ ਉਬਾਲੇ ਖਾਣ ਅਤੇ ਕੁਝ ਕਰ ਗੁਜਰਨ ਦੀ ਤਮੰਨਾ ਗੱਭਰੂ ਊਧਮ ਸਿੰਘ ਦੇ ਵਿਚਾਰਾਂ ਵਿਚ ਪੈਦਾ ਕੀਤੀ ਹੋਵੇਗੀ? ਰੋਸ, ਰੰਜ ਅਤੇ ਰੋਹ ਵਿਚ ਵੱਟੀਆਂ ਕਚੀਚੀਆਂ ਨੇ ਮੂਕ ਚੁੱਪ ਵਿਚੋਂ ਕੁਝ ਅਜਿਹਾ ਕਰਨ ਅਤੇ ਜ਼ੁਲਮ ਦਾ ਬਦਲਾ ਲੈਣ ਦਾ ਠੋਸ ਫੈਸਲਾ ਕੀਤਾ ਹੋਵੇਗਾ। ਜਵਾਨ ਮਨ 'ਤੇ ਪਈਆਂ ਝਰੀਟਾਂ ਕਾਰਨ ਉਸ ਦੀ ਹੋਸ਼ ਤੇ ਜੋਸ਼ ਵਿਚ ਭੁਚਾਲ ਆਇਆ ਹੋਵੇਗਾ; ਪਰ ਉਸ ਨੇ ਕਚੀਚੀ ਵੱਟ ਕੇ ਆਪਣੀਆਂ ਭਾਵਨਾਵਾਂ ਨੂੰ ਚੁੱਪ ਦੀ ਜ਼ੁਬਾਨ ਦਿਤੀ ਹੋਵੇਗੀ। ਬਹੁਤ ਸਾਰੇ ਪ੍ਰਸ਼ਨ ਉਸ ਦੇ ਅੰਤਰੀਵ ਵਿਚ ਖੁਣੇ ਗਏ ਹੋਣਗੇ। ਬਹੁਤ ਘੱਟ ਯੋਧੇ ਹੋਣਗੇ ਜਿਨ੍ਹਾਂ ਨੇ ਅੱਖੀਂ ਡਿੱਠੇ ਅਤੇ ਹੱਡੀਂ ਹੰਢਾਏ ਦਰਦ ਕਾਰਨ ਮਨ ਵਿਚ ਕਸਮ ਪਾਈ ਹੋਵੇਗੀ ਅਤੇ ਇਸ ਕਤਲੇਆਮ ਦੇ ਦੋਸ਼ੀ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਲਈ ਖੁਦ ਨੂੰ ਵੰਗਾਰਿਆ ਹੋਵੇਗਾ।

ਤੀਸਰਾ, ਪਰ ਇਸ ਕਤਲੇਆਮ ਨੇ ਉਸ ਦੀ ਸੋਚ ਨੂੰ ਹੋਸ਼ ਨਾਲ ਵਰਤਣ ਅਤੇ ਉਸ ਦੀ ਸੋਚ ਧਾਰਾ ਨੂੰ ਪਰਪੱਕਤਾ ਦਿੱਤੀ, ਤਾਂ ਹੀ ਉਸ ਨੇ ਕਾਹਲ ਵਿਚ ਕੋਈ ਕਦਮ ਨਹੀਂ ਚੁਕਿਆ, ਸਗੋਂ ਦੋਸ਼ੀ ਨੂੰ ਸਜ਼ਾ ਦੇਣ ਲਈ ਇੱਕੀ ਸਾਲ ਤੀਕ ਸਹੀ ਸਮਾਂ, ਸਥਾਨ ਅਤੇ ਸਥਿਤੀ ਦੀ ਉਡੀਕ ਕਰਦਾ ਰਿਹਾ। ਅਕਸਰ ਲੋਕ ਤਾਂ ਤੱਟ-ਫੱਟ ਹੀ ਬਦਲਾ ਲੈਣ ਲਈ ਤੁਰ ਪੈਂਦੇ ਨੇ; ਪਰ ਉਸ ਦੇ ਸਹਿਜ ਸੁਭਾਅ, ਸ਼ਖਸੀ ਤਵਾਜ਼ਨ, ਸੋਚ-ਸੰਜਮ ਅਤੇ ਸੰਜੀਦਗੀ ਨੇ ਬੋਲ ਪੁਗਾਉਣ ਵਿਚ ਨਰੋਇਆ ਰੋਲ ਅਦਾ ਕੀਤਾ, ਜੋ ਉਸ ਵਕਤ ਬਹੁਤ ਜਰੂਰੀ ਸੀ, ਕਿਉਂਕਿ ਉਹ ਸਮਝਦਾ ਸੀ ਕਿ ਅਜ਼ਾਈਂ ਹੀ ਆਪਣੇ ਜੋਸ਼ ਤੇ ਜਨੂਨ ਨੂੰ ਜਰਬ ਦੇਣ ਨਾਲੋਂ, ਉਡੀਕ ਕਰਕੇ ਮਕਸਦ ਨੂੰ ਪੂਰਾ ਕਰਨਾ ਵੱਧ ਅਹਿਮ ਅਤੇ ਜਰੂਰੀ ਹੁੰਦਾ ਹੈ।

ਚੌਥਾ, ਸ਼ਹੀਦ ਊਦਮ ਸਿੰਘ ਜਵਾਨੀ ਦੇ ਦਿਨਾਂ ਵਿਚ ਸਹਿਜ ਅਤੇ ਠਰੰਮਾ ਰੱਖਦਾ ਹੈ ਅਤੇ 21 ਸਾਲ ਤੀਕ ਆਪਣੇ ਮਸਕਦ ਦੀ ਪੂਰਤੀ ਲਈ ਉਡੀਕ ਤਾਂ ਕਰਦਾ ਹੈ, ਪਰ ਇਸ ਗੱਲ ਦੀ ਭਿਣਕ ਨਹੀਂ ਪੈਣ ਦਿੰਦਾ ਕਿ ਉਸ ਦੇ ਮਨ ਵਿਚ ਕੀ ਹੈ? ਬਦਲੇ ਦੀ ਭਾਵਨਾ ਨੂੰ ਹੋਰਨਾਂ ਕੋਲੋਂ ਛੁਪਾ ਕੇ ਰੱਖਣਾ, ਅਜਿਹਾ ਮੀਰੀ ਗੁਣ ਸੀ, ਜੋ ਇਸ ਕਸਮ ਦੀ ਪੂਰਤੀ ਲਈ ਅਹਿਮ ਸੀ। ਸਿਰਫ ਖੁਦ ਨਾਲ ਹੀ ਉਹ ਇਸ ਕਾਰਜ ਦੀ ਪੂਰਤੀ ਲਈ ਪ੍ਰਤੀਬੱਧ ਸੀ। ਆਪਣੇ ਆਪ 'ਤੇ ਕਾਬੂ, ਜੋਸ਼ ਅਤੇ ਹੋਸ਼ ਵਿਚਲਾ ਸੰਤੁਲਨ, ਔਖੀਆਂ ਹਾਲਤਾਂ ਨਾਲ ਜੂਝਣਾ ਅਤੇ ਉਨ੍ਹਾਂ ਵਿਚੋਂ ਹੀ ਆਪਣੇ ਆਪ ਨੂੰ ਵਿਕਸਿਤ ਕਰਕੇ, ਆਪਣੇ ਆਪ ਨੂੰ ਨਵੇਂ ਨਿਵੇਕਲੇ ਮਾਡਲ ਦੇ ਰੂਪ ਵਿਚ ਪੇਸ਼ ਕਰਨਾ, ਉਸ ਦਾ ਸ਼ਖਸੀ ਗੁਣ ਸੀ।



*ਸ਼ਹੀਦ ਊਧਮ ਸਿੰਘ*

ਪੰਜਵਾਂ, ਉਧਮ ਸਿੰਘ ਕ੍ਰਾਂਤੀਕਾਰੀਆਂ ਨਾਲ ਕੰਮ ਕਰਦਾ ਏ। ਗਦਰੀ ਯੋਧਿਆਂ ਦਾ ਸਾਥੀ ਏ। ਅਮਰੀਕਾ ਜਾਣ ਲਈ ਅਫਰੀਕਾ ਦੇ ਰਸਤੇ ਤੁਰਦਾ, ਪਰ ਨਾਕਾਮ ਰਹਿਣ 'ਤੇ ਵਾਪਸ ਭਾਰਤ ਪਰਤਦਾ ਏ। ਫਿਰ ਦੂਜੀ ਵਾਰ ਅਮਰੀਕਾ ਪਹੁੰਚਦਾ ਏ। ਭਾਰਤ ਪਰਤ ਕੇ ਆਜ਼ਾਦੀ ਦੀ ਲਹਿਰ ਨਾਲ ਜੋਸ਼ੀਲੇ ਤਰੀਕੇ ਨਾਲ ਜੁੜਿਆ ਰਹਿੰਦਾ ਏ। ਜੇਲ੍ਹ ਵੀ ਕੱਟਦਾ ਹੈ, ਪਰ ਉਸ ਦੇ ਮਨ ਦੀ ਟੀਸ ਅਤੇ ਚੀਸ ਉਸ ਨੂੰ ਟਿਕਣ ਨਹੀਂ ਦਿੰਦੀ। ਮਨ ਵਿਚ ਖਲਬਲੀ ਹੈ, ਟਿਕਾਓ ਨਹੀਂ, ਤੇ ਉਹ ਆਖਰ ਨੂੰ ਆਪਣਾ ਟੀਚਾ ਪੂਰਾ ਕਰਨ ਲਈ ਇਕੱਲਾ ਹੀ ਕਸ਼ਮੀਰ ਦੇ ਰਸਤੇ ਹੁੰਦਾ, ਇੰਗਲੈਂਡ ਪਹੁੰਚਦਾ ਏ। ਯਾਦ ਰੱਖਣਾ, ਜ਼ਿਆਦਾਤਰ ਆਜ਼ਾਦੀ ਸੰਗਰਾਮੀਆਂ ਨੇ ਇਕੱਠੇ ਹੋ ਕੇ ਕਿਸੇ ਮੁਹਿੰਮ ਨੂੰ ਵਿਢਿਆ, ਸਭ ਦੀ ਇਕੱਠੀ ਸਲਾਹ ਨਾਲ ਵਿਉਂਤਬੰਦੀ ਹੋਈ ਅਤੇ ਫਿਰ ਖਾਸ ਮੁਹਿੰਮ ਨੂੰ ਅੰਜਾਮ ਦਿੱਤਾ ਗਿਆ, ਪਰ ਊਧਮ ਸਿੰਘ ਇਕੱਲਾ ਹੀ ਬਦਲੇ ਦੀ ਯੋਜਨਾ ਬਣਾਉਂਦਾ ਹੈ, 21 ਸਾਲ ਤੀਕ ਆਪਣੇ ਆਪ ਨੂੰ ਤੜਫਾਉਂਦਾ ਅਤੇ ਤਪਾਉਂਦਾ ਏ। ਫਿਰ 'ਕੱਲਾ ਹੀ ਇੰਗਲੈਂਡ ਪਹੁੰਚਦਾ ਏ। ਕਿੰਨੇ ਕਮਾਲ ਦੀ ਗੱਲ ਹੈ ਕਿ ਉਹ ਵਿਦੇਸ਼ੀ ਧਰਤੀ 'ਤੇ ਆਪਣੇ ਆਪ ਨੂੰ ਪੱਕੇ ਪੈਰੀਂ ਟਿਕਾਉਂਦਾ ਏ। ਆਪਣੇ ਸ਼ਿਕਾਰ ਦੀ ਭਾਲ ਕਰਦਾ, ਸਹੀ ਮੌਕੇ ਦੀ ਚੋਣ ਕਰਦਾ ਹੈ ਅਤੇ ਆਪਣੇ ਟੀਚੇ ਨੂੰ ਪੂਰਾ ਕਰਦਾ ਏ। ਇਕੱਲਿਆਂ ਅਜਿਹਾ ਕੁਝ ਬਹੁਮੁਖੀ ਅਤੇ ਬਹੁਪੱਖੀ ਸ਼ਖਸੀਅਤ ਹੀ ਕਰ ਸਕਦੀ ਏ, ਜੋ ਸਿਰਫ ਊਧਮ ਸਿੰਘ ਹੀ ਸੀ।

ਛੇਵਾਂ, ਲੰਡਨ ਦੇ ਕੈਕਸਟਨ ਹਾਲ ਵਿਚ ਪੰਜਾਬ ਦੇ ਸਾਬਕਾ ਗਵਰਨਰ ਮਾਈਕਲ ਓਡਵਾਇਰ ਦੇ ਸੀਨੇ ਵਿਚ ਗੋਲੀਆਂ ਦਾਗਦਿਆਂ ਊਧਮ ਸਿੰਘ ਨੇ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਜਰੂਰ ਝਾਕਿਆ ਹੋਣਾ। ਉਸ ਨੂੰ ਉਸ ਦੇ ਪਾਪ ਜਰੂਰ ਚੇਤੇ ਕਰਵਾਏ ਹੋਣਗੇ ਕਿ ਕਿਵੇਂ ਨਿਹੱਥੇ ਭਾਰਤੀਆਂ ਨੂੰ ਜੱਲਿਆਂ ਵਾਲੇ ਬਾਗ ਵਿਚ ਮਾਰਿਆ ਸੀ। ਇਕੱਠ ਨੂੰ ਗੋਲੀਆਂ ਨਾਲ ਭੁੰਨਣ ਦੇ ਦੋਸ਼ੀ ਨੂੰ ਵੀ ਇਕੱਠ ਵਿਚ ਹੀ ਮਾਰਿਆ ਗਿਆ। ਦੁਸ਼ਮਣ ਦੇ ਨੈਣਾਂ ਵਿਚ ਨੈਣ ਪਾ ਕੇ, ਉਸ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣੀ, ਸ਼ਾਇਦ ਇਤਿਹਾਸ ਦਾ ਉਹ ਵਰਕਾ ਹੈ, ਜੋ ਊਧਮ ਸਿੰਘ ਦੇ ਹਿੱਸੇ ਆਇਆ। ਬਹੁਤੇ ਆਜ਼ਾਦੀ ਸੰਗਰਾਮੀਆਂ ਨੇ ਲੁਕਵੇਂ ਜਾਂ ਓਹਲੇ ਵਿਚ ਕੀਤੇ ਹਮਲੇ ਰਾਹੀਂ ਹੀ ਦੋਸ਼ੀਆਂ ਨੂੰ ਸਜ਼ਾ ਦਿੱਤੀ ਸੀ, ਪਰ ਇਥੇ ਤਾਂ ਬਦਲਾ ਲੈਣ ਵਾਲਾ ਅੱਖਾਂ 'ਚ ਅੱਖਾਂ ਪਾ ਕੇ ਕਾਤਲ ਨੂੰ ਉਸ ਦੇ ਕੀਤੇ ਦੀ ਸਜ਼ਾ ਦਿੰਦਾ ਹੈ। ਉਸ ਦਾ ਮਕਸਦ ਆਮ ਲੋਕਾਂ ਨੂੰ ਕੋਈ ਨੁਕਸਾਨ ਪਹੁੰਚਾਉਣਾ ਨਹੀਂ ਸੀ, ਸਗੋਂ ਦੋਸ਼ੀ ਨੂੰ ਸਜ਼ਾ ਦੇਣਾ ਸੀ।

ਸੱਤਵਾਂ, ਉਹ ਮਾਈਕਲ ਓਡਵਾਇਰ ਨੂੰ ਮਾਰਨ ਪਿਛੋਂ ਦੌੜਦਾ ਨਹੀਂ। ਕੀਤੇ 'ਤੇ ਕੋਈ ਪਛਤਾਵਾ ਨਹੀਂ। ਉਹ ਆਪਣੇ ਆਪ ਨੂੰ ਕਾਨੂੰਨ ਦੇ ਹਵਾਲੇ ਕਰ ਦਿੰਦਾ ਹੈ। ਕਈ ਵਾਰ ਕ੍ਰਾਂਤੀਕਾਰੀ ਜਾਂ ਯੋਧੇ ਮਾਰਨ ਪਿਛੋਂ ਦੌੜ ਜਾਂਦੇ ਅਤੇ ਕਈ ਵਾਰ ਤਾਂ ਕਾਤਲ ਦਾ ਪਤਾ ਵੀ ਨਹੀਂ ਲੱਗਦਾ। ਪਰ ਇਥੇ ਤਾਂ ਊਧਮ ਸਿੰਘ ਸ਼ਹਾਦਤ ਦਾ ਜਾਮ ਪੀਣ ਲਈ ਕਾਹਲਾ ਏ। ਇਹ ਊਧਮ ਸਿੰਘ ਦੇ ਮਨ ਵਿਚਲੀ ਪਕਿਆਈ, ਜਿੰਦ ਨੂੰ ਦੇਸ਼ ਦੇ ਲੇਖੇ ਲਾਉਣ ਦੀ ਗਵਾਹੀ ਬਣਦੀ ਏ।

ਅੱਠਵਾਂ, ਇਸ ਕਤਲ ਨੇ ਲੰਡਨ ਵਿਚ ਮਹਿਫੂਜ਼ ਵੱਸਦੇ ਦਾਗੀ ਤੇ ਜਾਲਮ ਗੋਰੇ ਸ਼ਾਸ਼ਕਾਂ ਦੇ ਮਨਾਂ ਵਿਚ ਡਰ ਪੈਦਾ ਕੀਤਾ। ਆਮ ਭਾਰਤੀਆਂ ਲਈ ਊਧਮ ਸਿੰਘ ਇਕ ਨਾਇਕ ਸੀ, ਜਿਸ ਨੇ 21 ਸਾਲ ਬਾਅਦ ਜੱਲਿਆਂ ਵਾਲੇ ਬਾਗ ਵਿਚ ਹੋਏ ਕਤਲੇਆਮ ਦਾ ਬਦਲਾ ਲੈ ਕੇ ਭਾਰਤੀਆਂ ਦਾ ਸਿਰ ਮਾਣ ਨਾਲ ਇਕ ਅਣਖੀਲੀ ਕੌਮ ਵਜੋਂ ਉਚਾ ਕੀਤਾ। ਭਾਰਤ ਦੀ ਆਜ਼ਾਦੀ ਦਾ ਜਲਦੀ ਮਿਲਣਾ, ਜਿਥੇ ਦੂਜਾ ਵਿਸ਼ਵ ਯੁੱਧ ਵੀ ਇਕ ਕਾਰਨ ਸੀ, ਪਰ ਲੰਡਨ ਵਿਚ ਮਾਈਕਲ ਓਡਵਾਇਰ ਦਾ ਕਤਲ, ਅੰਗਰੇਜ਼ ਹਾਕਮਾਂ ਨੂੰ ਹਲੂਣਨ ਵਾਲੀ ਅਜਿਹੀ ਦਲੇਰਾਨਾ ਕਾਰਵਾਈ ਸੀ, ਜਿਸ ਤੋਂ ਅੰਗਰੇਜ਼ ਸ਼ਾਸ਼ਕਾਂ ਦੇ ਮਨਾਂ ਵਿਚ ਇਕ ਅਜਿਹਾ ਡਰ ਬੈਠਿਆ ਕਿ ਉਹ ਭਾਰਤ ਤੋਂ ਰੁਖਸਤ ਹੋਣ ਲਈ ਬਹਾਨਾ ਲੱਭਣ ਲੱਗੇ ਅਤੇ ਆਖਰ ਨੂੰ 1947 ਵਿਚ ਭਾਰਤ ਨੂੰ ਆਜ਼ਾਦੀ ਮਿਲ ਗਈ। ਭਾਵੇਂ ਇਹ ਆਜ਼ਾਦੀ ਹੁਣ ਤੀਕ ਵੀ ਉਹ ਆਜ਼ਾਦੀ ਨਹੀਂ, ਜਿਸ ਦੀ ਆਸ ਅਤੇ ਤਮੰਨਾ ਆਜ਼ਾਦੀ ਸੰਗਰਾਮੀਆਂ ਦੇ ਮਨ ਵਿਚ ਸੀ।

ਨੌਂਵਾਂ, ਜ਼ਿਆਦਾਤਰ ਸ਼ਹੀਦ ਆਪਣੇ ਖੂਨ ਨਾਲ ਆਪਣੀ ਮਿੱਟੀ ਨੂੰ ਸਿੰਜਦੇ, ਆਪਣੀ ਰਾਖ ਨੂੰ ਵੀ ਧਰਤੀ ਮਾਂ ਵਿਚ ਵਿਲੀਨ ਕਰ ਦਿੰਦੇ ਨੇ, ਪਰ ਸ਼ਹੀਦ ਊਧਮ ਸਿੰਘ ਨੂੰ ਮਰਨ ਪਿਛੋਂ ਆਪਣੀ ਮਾਂ ਮਿੱਟੀ ਦੀ ਗੋਦ ਵੀ ਨਸੀਬ ਨਾ ਹੋਈ ਅਤੇ ਉਸ ਦੀ ਮਿੱਟੀ ਆਪਣੇ ਵਤਨ ਨੂੰ ਪਰਤਣ ਲਈ ਤਰਸਦੀ ਰਹੀ। ਆਖਰ ਸ. ਸਾਧੂ ਸਿੰਘ ਐਮ. ਐਲ. ਏ. ਦੇ ਯਤਨਾਂ ਸਦਕਾ, ਉਹ ਅਸਥੀਆਂ ਦੇ ਰੂਪ ਵਿਚ ਆਪਣੇ ਵਤਨ ਪਰਤਿਆ। ਸ਼ਹੀਦ ਲਈ ਆਪਣੀ ਮਿੱਟੀ ਤੋਂ ਮਹਿਰੂਮਤਾ, ਅਵੇਸਲੀ ਲੋਕ-ਚੇਤਨਾ, ਦੋਗਲੇ ਕਿਰਦਾਰ ਅਤੇ ਰਾਜਸੀ ਧਿਰਾਂ ਦੇ ਦੰਭੀ ਚਰਿੱਤਰ ਨੂੰ ਉਜਾਗਰ ਕਰਦੀ ਏ। ਅਜਿਹਾ ਅਕਸਰ ਹੀ ਉਨ੍ਹਾਂ ਸ਼ਹੀਦਾਂ ਨਾਲ ਵਾਪਰਦਾ ਏ, ਜਿਨ੍ਹਾਂ ਨੇ ਕੁਝ ਵਿਲੱਖਣ ਅਤੇ ਵਿਕੋਲਿਤਰਾ ਕਰਕੇ ਆਪਣੀ ਕੌਮ ਦਾ ਨਾਂ ਚਮਕਾਇਆ ਹੋਵੇ।

ਦਸਵਾਂ, ਸ਼ਹੀਦ ਊਧਮ ਸਿੰਘ ਦੀ ਆਜ਼ਾਦੀ ਪ੍ਰਤੀ ਦੇਣ ਗੁੰਮਨਾਮ ਹੀ ਰਹੀ, ਜਦ ਕਿ ਬਹੁਤ ਸਾਰੇ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੇ ਰਾਜਸੀ ਸੱਤਾ ਦਾ ਅਨੰਦ ਵੀ ਮਾਣਿਆ ਤੇ ਸਰਕਾਰੀ ਸਹੂਲਤਾਂ ਵੀ ਮਾਣੀਆਂ। ਸ਼ਹੀਦ ਊਧਮ ਸਿੰਘ ਕੁਝ ਕੁ ਉਨ੍ਹਾਂ ਸ਼ਹੀਦਾਂ ਵਿਚ ਸ਼ਾਮਲ ਹੈ, ਜਿਸ ਦੇ ਨੇੜਲੇ ਰਿਸ਼ਤੇਦਾਰ ਹਾਲੇ ਵੀ ਦਿਹਾੜੀ ਕਰਕੇ ਆਪਣਾ ਅਤੇ ਪਰਿਵਾਰ ਦਾ ਗੁਜ਼ਾਰਾ ਕਰਦੇ ਨੇ। ਕੀ ਇਹੀ ਹੈ ਊਧਮ ਸਿੰਘ ਦੀ ਸ਼ਹਾਦਤ ਦਾ ਮੁਲ, ਜੋ ਸਮਾਜਕ-ਸੂਝ ਦਾ ਸਮੁੰਦਰ, ਪ੍ਰਚੰਡ ਜਵਾਲਾ, ਰੋਹ ਦਾ ਰਾਗ, ਜ਼ਾਂਬਾਜ਼ੀ ਦੀ ਸਿਖਰ ਅਤੇ ਆਪਣੀ ਧੁਨ ਦਾ ਪੱਕਾ ਤੇ ਸੱਚਾ ਸੀ।

ਗਿਆਰਵਾਂ, ਆਮ ਤੌਰ 'ਤੇ ਸ਼ਹੀਦ ਰਾਮ, ਸਿੰਘ ਜਾਂ ਮੁਹੰਮਦ ਹੋ ਸਕਦਾ ਏ, ਪਰ ਊਧਮ ਸਿੰਘ ਇਕੋ ਇਕ ਅਜਿਹਾ ਸ਼ਹੀਦ ਹੈ, ਜੋ ਰਾਮ ਮੁਹੰਮਦ ਸਿੰਘ ਆਜ਼ਾਦ ਬਣ ਕੇ ਇਤਿਹਾਸ ਦਾ ਮਾਣਮੱਤਾ ਹੀਰੋ ਬਣ ਕੇ ਸਦਾ ਜਿਉਂਦਾ ਹੈ।

ਯਤੀਮੀ ਤੋਂ ਯਾਦਗਾਰੀ ਇਤਿਹਾਸ ਦਾ ਸਿਰਜਣਹਾਰਾ, ਅਣਹੋਏ ਤੋਂ ਹੋਣ ਦਾ ਹਾਸਲ, ਅਨਾਂਵੇਂ ਤੋਂ ਰਾਮ ਮੁਹੰਮਦ ਸਿੰਘ ਆਜ਼ਾਦ ਦਾ ਸਫਰ, ਪੰਜਾਬ ਤੋਂ ਸ਼ੁਰੂ ਕੀਤੀ ਜਦੋਜਹਿਦ ਨੂੰ ਪਰਦੇਸ ਵਿਚ ਪ੍ਰਚੰਡ ਅਤੇ ਪੁਨਰ-ਸੁਰਜੀਤ ਕਰਕੇ ਨਵੇਂ ਮਾਪਦੰਡ ਤੇ ਦਿਸ਼ਾਵਾਂ ਦੇਣੀਆਂ ਅਤੇ ਮੌਤ ਨੂੰ ਮਾਣ ਦਾ ਰੁਤਬਾ ਦੇਣਾ ਸਿਰਫ ਊਧਮ ਸਿੰਘ ਦੇ ਹਿੱਸੇ ਹੀ ਆਇਆ। ਤਾਂ ਹੀ ਸਲਮਨ ਰਸ਼ਦੀ ਆਪਣੇ ਇਕ ਨਾਵਲ ਵਿਚ ਇਕ ਪਾਤਰ ਰਾਹੀਂ ਕਹਿੰਦਾ ਹੈ, 'ਹਰੇਕ ਮਾਈਕਲ ਓਡਵਾਇਰ ਲਈ, ਇਕ ਊਧਮ ਸਿੰਘ ਪੈਦਾ ਹੁੰਦਾ ਹੈ।'

ਸ਼ਹੀਦੀ ਲਈ ਲੋੜ ਹੈ, ਜਜ਼ਬੇ ਦੀ, ਹਿੰਮਤ ਤੇ ਹੌਸਲੇ ਦੀ, ਸੱਚੇ ਸਿਧਾਂਤ ਤੇ ਇਸ ਦੀ ਪਹਿਰੇਦਾਰੀ ਵਿਚੋਂ ਜੀਵਨ ਦੀ ਸਾਰਥਕਤਾ ਨੂੰ ਸਮਝਣ ਦੀ। ਸ਼ਹਾਦਤ ਨਿੱਜ ਲਈ ਨਹੀਂ ਹੁੰਦੀ। ਲੋਕਾਈ ਦਾ ਦਰਦ ਹੁੰਦਾ, ਜੋ ਜਿਉਂਦੇ ਇਨਸਾਨਾਂ ਲਈ ਸੂਲੀ ਦਾ ਸਬੱਬ ਬਣਦਾ। ਉਹ ਇਸ ਵਿਚੋਂ ਹੀ ਸਮਾਜ ਨੂੰ ਨਵੀਂ ਰੌਸ਼ਨੀ ਅਤੇ ਸੇਧ ਦੇ ਕੇ ਅਧੂਰੇ ਸੁਪਨਿਆਂ ਲਈ ਪੂਰਨਤਾ ਬਣਦੇ। ਬਿਖੜੇ ਰਾਹਾਂ ਦੇ ਸਿਰਨਾਂਵੇਂ ਹੁੰਦੇ। ਸ਼ਹੀਦ ਲਈ ਮੌਤ, ਇਕ ਜੀਵਨ-ਮਨੋਰਥ। ਅਜਿਹੀ ਸ਼ਹੀਦੀ ਬਾਰੇ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੈ,

ਸਵੈਯਾ
ਹੇ ਰਵਿ ਹੇ ਸਸਿ ਹੇ ਕਰੁਨਾਨਿੱਧ
ਮੇਰੀ ਅਬੈ ਬਿਨਤੀ ਸੁਨਿ ਲੀਜੈ॥
ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ
ਹਉ ਚਿਤ ਮੇ ਸੋਈ ਕੀਜੈ॥
ਸ਼ਤ੍ਰਨ ਸਿਉ ਅਤਿ ਹੀ ਰਨ ਭੀਤਰ
ਜੂਝ ਮਰੋ ਕਹਿ ਸਾਚ ਪਤੀਜੈ॥
ਸੰਤ ਸਹਾਇ ਸਦਾ ਜਗ ਮਾਇ
ਕ੍ਰਿਪਾ ਕਰਿ ਸਯਾਮ ਇਹੈ ਬਰ ਦੀਜੈ॥

ਲੋੜ ਹੈ, ਅਜੋਕੇ ਸਮਿਆਂ ਵਿਚ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦੇ ਸੰਦੇਸ਼ ਨੂੰ ਸੂਖਮਤਾ, ਸੰਵੇਦਨਸ਼ੀਲਤਾ ਅਤੇ ਸੰਵੇਦਨੀ ਰੂਪ ਵਿਚ ਸਮਾਜਕ ਦਾਇਰਿਆਂ ਦੇ ਨਾਂ ਕਰੀਏ। ਇਹ ਹੀ ਉਸ ਅਜ਼ੀਮ ਸ਼ਹਾਦਤ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਕਹਾਣੀ

# ਗਤੀ

***ਦਿੱਲੀ ਵੱਸਦੇ ਉਚ-ਦੁਮਾਲੜੇ ਲੇਖਕ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਗਤੀ' ਜੀਵਨ ਦੀਆਂ ਬਹੁਤ ਸਾਰੀਆਂ ਪਰਤਾਂ ਬਹੁਤ ਬਾਰੀਕੀ ਨਾਲ ਫਰੋਲਦੀ ਹੈ। ਜਿਉਂ ਜਿਉਂ ਇਹ ਪਰਤਾਂ ਖੁੱਲ੍ਹਦੀਆਂ ਜਾਂਦੀਆਂ ਹਨ, ਪਾਠਕ ਦੇ ਦਿਲੋ-ਦਿਮਾਗ ਅੰਦਰ ਤੂਫਾਨ ਉਠਣਾ ਸ਼ੁਰੂ ਹੋ ਜਾਂਦਾ ਹੈ। ਇਹ ਕਹਾਣੀ ਅੱਜ ਦੇ ਮਾਹੌਲ ਉਤੇ ਵੀ ਤਿੱਖੀ ਚੋਟ ਕਰਦੀ ਹੈ, ਜਿਥੇ ਬੰਦੇ ਨੂੰ ਧਰਮਾਂ, ਜਾਤਾਂ ਅਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਖਾਨਿਆਂ ਵਿਚ ਵੰਡ ਕੇ ਕੋਹਿਆ ਜਾ ਰਿਹਾ ਹੈ। -ਸੰਪਾਦਕ***

ਮਾਂ ਦੀ ਗਤੀ ਨਹੀਂ ਸੀ ਹੋਈ।

ਜਾਗਦੇ ਨੂੰ ਮਾਂ ਦੀ ਯਾਦ ਹੀ ਆਉਂਦੀ ਪਰ ਸੁਤਿਆਂ ਉਹ ਆਪ ਆ ਜਾਂਦੀ। ਸੁਫਨਾ ਬਣ ਕੇ ਆਉਂਦੀ ਅਤੇ ਪਾਣੀ ਮੰਗਦੀ। ਉਹਦਾ ਦੁੱਧ-ਚਿਟਾ ਬਾਣਾ ਚੰਦ ਦੀ ਚਾਨਣੀ ਵਾਂਗ ਜਗ ਰਿਹਾ ਹੁੰਦਾ। ਉਹ ਕਦੀ ਵੀ ਕੋਈ ਹੋਰ ਗੱਲ ਨਾ ਕਰਦੀ, ਬਸ ਸੁੱਕੇ ਹੋਏ ਬੁੱਲ੍ਹਾਂ ਉਤੇ ਜੀਭ ਫੇਰਦੀ ਅਤੇ ਨਿਰਬਲ ਆਵਾਜ਼ ਵਿਚ ਆਖਦੀ, "ਆ ਗਿਐਂ ਛੋਟਿਆ, ਪੁੱਤਰ ਪਾਣੀ ਦੇ!"

ਮੇਰੀ ਨੀਂਦ ਟੁਟ ਜਾਂਦੀ। ਮਾਂ ਦਾ ਚਾਨਣਾ ਵਜੂਦ ਹਨੇਰੇ ਵਿਚ ਘੁਲ ਜਾਂਦਾ। ਮੇਰਾ ਤਨ ਪਸੀਨੇ ਨਾਲ ਗਿਲਾ ਹੋਇਆ ਹੁੰਦਾ ਪਰ ਮੂੰਹ ਸੁਕਿਆ ਪਿਆ ਹੁੰਦਾ। ਬੁੱਲ੍ਹ ਜਿਵੇਂ ਪਾਟੇ ਹੋਏ ਹੋਣ ਅਤੇ ਜੀਭ ਜਿਵੇਂ ਕਾਠ ਦੀ ਬਣੀ ਹੋਈ ਹੋਵੇ। ਮਾਂ ਦੀ ਤੇਹ ਮੇਰੇ ਸੁੱਕੇ ਸੰਘ ਵਿਚ ਕੰਡਿਆਂ ਵਾਂਗ ਚੁਭ ਰਹੀ ਹੁੰਦੀ। ਮੈਂ ਪਾਣੀ ਪੀਂਦਾ। ਮੇਰੀ ਤੇਹ ਤਾਂ ਕੁਝ ਬੁਝ ਜਾਂਦੀ ਪਰ ਮਾਂ ਦੀ ਤੇਹ ਮੱਠੀ ਨਹੀਂ ਸੀ ਪੈਂਦੀ। ਅਗਲੀ ਰਾਤ ਉਹ ਫੇਰ ਸੁੱਕੇ ਹੋਏ ਬੁੱਲ੍ਹਾਂ ਉਤੇ ਜੀਭ ਫੇਰਦਿਆਂ ਆ ਪਾਣੀ ਮੰਗਦੀ, "ਪੁੱਤਰ, ਪਾਣੀ ਦੇ!"



ਮਾਂ ਦੇ ਸੁਫਨੇ ਨਾਲ ਬੇਹਾਲ ਹੋ ਕੇ ਜਾਗਿਆ ਮੈਂ ਪਾਸੇ ਪਰਤਦਾ ਸੌਣ ਦਾ ਯਤਨ ਕਰਦਾ, ਪਰ ਨੀਂਦ ਅੱਖਾਂ ਨਾਲ ਰੁੱਸ ਬੈਠਦੀ।

**ਗੁਰਬਚਨ ਸਿੰਘ ਭੁੱਲਰ**
**ਫੋਨ: 1191-1142502364**
bhullargs@gmail.com

ਲੋਕ ਆਖਦੇ, ਮਰਨ ਲੱਗੀ ਮਾਂ ਦੀ ਸੁਰਤ ਤੇਰੇ ਵੱਲ ਲੱਗੀ ਹੋਈ ਸੀ, ਇਸੇ ਕਰਕੇ ਉਹ ਤੇਰੇ ਸੁਫਨਿਆਂ ਵਿਚ ਆਉਂਦੀ ਹੈ। ਜਦੋਂ ਉਹਦੀ ਜਿੰਦ ਨੇ ਉਡਾਰੀ ਲਾਈ, ਉਹ ਤੈਥੋਂ ਹੀ ਪਾਣੀ ਮੰਗ ਰਹੀ ਸੀ, "ਛੋਟਿਆ, ਪੁੱਤਰ ਪਾਣੀ ਦੇ!"

ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟਾ ਹੋਣ ਕਰਕੇ ਮਾਂ ਨਾਂ ਲੈਣ ਦੀ ਥਾਂ ਛੋਟਾ ਹੀ ਆਖਦੀ। ਜੇ ਕਦੀ ਉਹ ਨਾਂ ਲੈ ਕੇ ਬੁਲਾਉਂਦੀ, ਮੈਨੂੰ ਵੀ ਅਜੀਬ ਲਗਦਾ। ਜਿਵੇਂ ਕਿਸੇ ਕਾਰਨ ਵਿੱਥ ਉਤੇ ਖਲੋ ਕੇ ਗੱਲ ਕਰ ਰਹੀ ਹੋਵੇ। ਉਹਦੇ ਮੂੰਹੋਂ ਨਿਕਲਦੇ 'ਛੋਟਿਆ' ਵਿਚੋਂ ਅਸੀਮ ਮਮਤਾ ਛਲਕਦੀ, ਅਥਾਹ ਮੋਹ ਡੁੱਲ੍ਹ-ਡੁੱਲ੍ਹ ਪੈਂਦਾ।

ਭੈਣ-ਭਰਾ ਮੇਰੇ ਨਾਲ ਮਿੱਠੀ ਈਰਖਾ ਕਰਦੇ ਅਤੇ ਮਾਂ ਨੂੰ ਮਿੱਠੀ ਟਿੱਚਰ ਕਰਦੇ, "ਮਾਂ, ਅਸੀਂ ਸਾਰੇ ਤਾਂ ਦਾਣਿਆਂ ਵਟੇ ਵਟਾਏ ਹੋਏ ਹਾਂ, ਤੇਰੀ ਕੁੱਖੋਂ ਤਾਂ ਇਹੋ ਜੰਮਿਆ!"

ਮਾਂ ਆਖਦੀ, "ਪਿਆਰੇ ਤਾਂ ਸਾਰੇ ਹੀ ਬਥੇਰੇ ਹੋ, ਪਰ ਇਹ ਮੇਰੀ ਬਚੀ-ਖੁਚੀ ਪੂੰਜੀ ਦੀ ਖਰੀਦ ਐ ਮੇਰਾ ਪੇਟ-ਘਰੋੜੀ ਦਾ ਲਾਡਲਾ!" ਉਨ੍ਹਾਂ ਨੂੰ ਉਸੇ ਲਹਿਜੇ ਵਿਚ ਚਿੜਾਉਂਦੀ, "ਸੱਚ ਗੱਲ ਐ, ਥੋਡੇ ਨਾਲੋਂ ਥੋੜਾ ਜਿਹਾ ਵੱਧ ਪਿਆਰਾ।" ਆਪਣੀ ਉਂਗਲ ਦੇ ਪੋਟੇ ਨੂੰ 'ਗੂਠੇ ਨਾਲ ਛੋਹ ਕੇ ਹੱਸ ਪੈਂਦੀ, "ਬੱਸ ਐਵੇਂ ਐਨਾ ਕੁ ਵੱਧ ਪਿਆਰਾ!" ਨਾਲ ਹੀ ਅਸੀਂ ਸਾਰੇ ਵੀ ਹੱਸ ਪੈਂਦੇ।

ਇਸੇ ਕਰਕੇ ਜਦੋਂ ਮਾਂ ਨੇ ਪਾਣੀ ਮੰਗਿਆ, ਮੇਰਾ ਨਾਂ ਲੈ ਕੇ ਹੀ ਮੰਗਿਆ, "ਛੋਟਿਆ, ਪੁੱਤਰ ਪਾਣੀ ਦੇ।"

ਵੱਡੇ ਭਾਈ ਨੇ ਪਾਣੀ ਦਾ ਚਮਚਾ ਬੁੱਲ੍ਹਾਂ ਨੂੰ ਛੁਹਾਇਆ ਤਾਂ ਉਹਨੇ ਅਧ-ਸੁਰਤੀ ਨੂੰ ਇਕਾਗਰ ਕਰਨ ਅਤੇ ਅੱਖਾਂ ਖੋਲ੍ਹਣ ਦਾ ਯਤਨ ਕੀਤਾ। ਉਹ ਆਪਣੇ ਚੁਫੇਰੇ ਪਸਰੀ ਧੁੰਦ ਵਿਚੋਂ ਉਹਦਾ ਚਿਹਰਾ ਪਛਾਣ ਗਈ ਲਗਦੀ ਸੀ। ਡੁਬਦੇ ਬੋਲਾਂ ਵਿਚ ਪੁਛਿਆ, "ਆਇਆ ਨਹੀਂ ਛੋਟਾ ਅਜੇ?"

ਭਾਈ ਬੋਲਿਆ, "ਆਉਂਦਾ ਹੈ ਛੋਟਾ ਵੀ ਮਾਂ, ਲੈ ਤੂੰ ਪਾਣੀ ਪੀ।" ਉਹਨੇ ਪਾਣੀ ਦਾ ਚਮਚਾ ਮਾਂ ਦੇ ਖੁਲ੍ਹੇ ਮੂੰਹ ਵਿਚ ਪਾ ਦਿੱਤਾ। ਸਾਰਾ ਪਾਣੀ ਖਾਖ ਵਿਚੋਂ ਬਾਹਰ ਡੁੱਲ੍ਹ ਗਿਆ ਅਤੇ ਮਾਂ ਦਾ ਸਿਰ ਇਕ ਪਾਸੇ ਨੂੰ ਡਿੱਗ ਪਿਆ। ਖੇਡ ਖਤਮ ਹੋ ਗਈ। ਮਾਂ ਤਿਹਾਈ ਹੀ ਲੰਮੇ ਪੰਧ ਉਤੇ ਤੁਰ ਗਈ।

ਮੈਨੂੰ ਘਰੋਂ ਗਿਆਂ ਇਸ ਵਾਰ ਤਿੰਨ ਦਿਨ ਹੋ ਗਏ ਸਨ। ਮੇਰੇ ਜਿਲੇ ਦੇ ਇਕ ਹਲਕੇ ਤੋਂ ਵਿਧਾਨ ਸਭਾ ਲਈ ਉਪ-ਚੋਣ ਹੋ ਰਹੀ ਸੀ। ਪਿਛਲੀਆਂ ਚੋਣਾਂ ਵੇਲੇ ਇਥੋਂ ਜਿੱਤਿਆ ਵਿਧਾਇਕ ਉਸ ਪਿਛੋਂ ਹੋਈਆਂ ਲੋਕ ਸਭਾ ਚੋਣਾਂ ਵਿਚ ਐਮ. ਪੀ. ਬਣ ਗਿਆ ਸੀ। ਆਪਣੇ ਅਖਬਾਰ ਦਾ ਜਿਲਾ ਪੱਤਰ ਪ੍ਰੇਰਕ ਹੋਣ ਕਰਕੇ ਮੈਂ ਇਨ੍ਹੀਂ ਦਿਨੀਂ ਬਹੁਤਾ ਧਿਆਨ ਇਸੇ ਚੋਣ ਵੱਲ ਦੇ ਰਿਹਾ ਸੀ। ਇਕ ਪਾਰਟੀ ਦੇ ਵਡੇ ਆਗੂ ਨੇ ਸਾਲਾ ਉਮੀਦਵਾਰ ਬਣਾਇਆ ਸੀ ਅਤੇ ਦੂਜੀ ਦੇ ਵਡੇ ਆਗੂ ਨੇ ਭਣੋਈਆ। ਇਸ ਸਿੰਗ-ਫਸਵੇਂ ਮੁਕਾਬਲੇ ਵਿਚ ਬਾਕੀ ਸਭ ਖਬਰਾਂ ਪਿਛੇ ਰਹਿ ਗਈਆਂ ਸਨ। ਮੈਂ ਸਵੇਰੇ ਸੁਵਖਤੇ ਘਰੋਂ ਨਿਕਲਦਾ ਅਤੇ ਸ਼ਾਮ ਨੂੰ, ਕਦੀ ਕਦੀ ਤਾਂ ਰਾਤ ਪਈ ਤੋਂ ਪਰਤਦਾ। ਸੰਪਾਦਕ ਦਾ ਸੁਝਾਅ ਸੀ ਕਿ ਮੈਂ ਮੁੱਖ ਉਮੀਦਵਾਰਾਂ ਦਾ ਪੂਰੇ ਦਿਨ ਦਾ ਰੁਝੇਵਾਂ ਲਿਖ ਭੇਜਾਂ। ਉਨ੍ਹਾਂ ਦਾ ਦਿਸਦਾ ਹਾਲ ਅਤੇ ਜਿਥੋਂ ਤੱਕ ਹੋ ਸਕੇ, ਉਨ੍ਹਾਂ ਦੇ ਪਰਦੇ ਪਿਛਲੇ ਕਾਰਨਾਮੇ। ਮਾਇਆ ਦੇ ਗੱਫੇ ਤੇ ਨਸ਼ਿਆਂ ਦਾ ਪ੍ਰਸ਼ਾਦ। ਮਿੰਨਤਾਂ ਤੇ ਧਮਕੀਆਂ। ਪਾਰਟੀਆਂ ਦੇ ਗੁੰਡੇ ਪੱਗਾਂ ਸਿਰਾਂ ਉਤੇ ਬੰਨ੍ਹਣ ਦੀ ਥਾਂ ਮੋਢਿਆਂ ਉਤੇ ਰਖੀਂ ਫਿਰਦੇ ਸਨ। ਤਕੜੇ ਦੇ ਪੈਰਾਂ ਉਤੇ ਰੱਖਣ ਵਿਚ ਉਨ੍ਹਾਂ ਨੂੰ ਕੋਈ ਸ਼ਰਮ ਨਹੀਂ ਸੀ ਤੇ ਮਾੜੇ ਦੇ ਗਲ ਵਿਚ ਪਾਉਣ ਤੋਂ ਉਨ੍ਹਾਂ ਨੂੰ ਕੋਈ ਸੰਕੋਚ ਨਹੀਂ ਸੀ। ਸਵੇਰ ਤੋਂ ਡੂੰਘੀ ਰਾਤ ਤੱਕ ਸਾਲੇ ਅਤੇ ਭਣੋਈਏ ਦੇ ਵੰਨ-ਸੁਵੰਨੇ ਰੰਗ ਦੇਖਦਿਆਂ ਇਸ ਵਾਰ ਮੈਂ ਇਕੱਠੇ ਤਿੰਨ ਦਿਨ ਘਰੋਂ ਬਾਹਰ ਰਿਹਾ। ਚੌਥੇ ਦਿਨ ਘਰ ਪਰਤਿਆ ਤਾਂ ਮਾਂ ਦੀ ਅਰਥੀ ਚੁੱਕਣ ਦੀ ਤਿਆਰੀ ਹੋ ਰਹੀ ਸੀ। ਅੰਮ੍ਰਿਤ ਵੇਲੇ ਉਹਦੇ ਪ੍ਰਾਣ-ਪੰਖੇਰੂ ਉਡਾਰੀ ਲਾ ਗਏ ਸਨ। ਇਧਰ-ਉਧਰ ਮੇਰੀ ਭਾਲ ਹੁੰਦੀ ਰਹੀ। ਆਖਰ ਵੇਲੇ ਸਿਰ ਮੇਰੇ ਮੁੜਨ ਦੀ ਆਸ ਮੁਕਾ ਕੇ ਉਹ ਮਿੱਟੀ ਸਮੇਟਣ ਲੱਗੇ ਸਨ।

ਮੈਂ ਪਰਤਿਆ ਤਾਂ ਸਭ ਦਾ ਧਿਆਨ ਮੇਰੇ ਵੱਲ ਹੋਣਾ ਸੁਭਾਵਿਕ ਸੀ। ਅੱਖਾਂ ਪੂੰਝਦੇ ਉਹ ਇਕੋ ਗੱਲ ਦੱਸ ਰਹੇ ਸਨ, ਤੈਥੋਂ ਪਾਣੀ ਮੰਗਦੀ ਤੁਰ ਗਈ ਮਾਂ!

ਮੈਂ ਪਛਤਾਉਂਦਾ, ਜੇ ਘਰ ਹੁੰਦਾ, ਮਾਂ ਦੇ ਮੂੰਹ ਵਿਚ ਪਾਣੀ ਤਾਂ ਪਾ ਦਿੰਦਾ। ਭਾਵੇਂ ਮੇਰਾ ਪਾਣੀ ਭਾਈ ਦੇ ਪਾਣੀ ਨਾਲੋਂ ਵੱਧ ਕਾਰਗਰ ਨਹੀਂ ਸੀ ਹੋਣਾ, ਮਾਂ ਦੀ ਅੰਤਿਮ ਇੱਛਾ ਤਾਂ ਪੂਰੀ ਹੋ ਜਾਂਦੀ। ਫੇਰ ਉਹਨੂੰ ਮੇਰੇ ਸੁਫਨਿਆਂ ਵਿਚ ਇਉਂ ਤਿਹਾਈ ਨਾ ਭਟਕਣਾ ਪੈਂਦਾ।

ਇਹ ਅਜਿਹਾ ਪਛਤਾਵਾ ਸੀ, ਜਿਸ ਦਾ ਨਾ ਕੋਈ ਉਪਾਅ ਸੀ ਤੇ ਨਾ ਅੰਤ। ਰੋਜ਼ ਸਵੇਰੇ ਮੈਂ ਪਾਪ-ਬੋਧ ਨਾਲ ਉਠਦਾ। ਇਸ ਵਿਚ ਭਾਵੇਂ ਮੇਰਾ ਕੋਈ ਦੋਸ਼ ਨਹੀਂ ਸੀ, ਮਾਂ ਦੀ ਰੂਹ ਭਟਕ ਤਾਂ ਮੇਰੇ ਕਾਰਨ ਹੀ ਰਹੀ ਸੀ। ਜਦੋਂ ਫੁੱਲ ਜਲ ਵਿਚ ਪ੍ਰਵਾਹੇ ਗਏ ਸਨ, ਲੋਕ ਮਾਂ ਦੀ ਸੰਸਾਰ-ਯਾਤਰਾ ਦਾ ਅੰਤ ਹੋ ਗਿਆ ਆਖਦੇ ਸਨ। ਫੁੱਲ ਪਾਉਣ ਦਾ ਇਕ ਮਨੋਰਥ ਜਿਉਂਦਿਆਂ ਨੂੰ ਇਹ ਅਹਿਸਾਸ ਕਰਾਉਣਾ ਹੁੰਦਾ ਹੈ ਕਿ ਜਾਣ ਵਾਲੇ ਦੀ ਵਿਦਾਇਗੀ ਹੋ ਗਈ। ਪਰਿਵਾਰ ਨਾਲੋਂ, ਸੰਸਾਰ ਨਾਲੋਂ ਉਸ ਦੇ ਨਾਤੇ ਦੀ ਆਖਰੀ ਤੰਦ ਟੁੱਟ ਗਈ। ਪਰ ਫੁੱਲ ਤਾਰਨ ਪਿਛੋਂ ਵੀ ਮੇਰੇ ਮਨ ਵਿਚ ਤਾਂ ਇਹ ਭਾਵਨਾ ਪੈਦਾ ਨਾ ਹੀ ਹੋਈ। ਨਾ ਹੀ ਅੰਤਿਮ ਰਸਮਾਂ ਸਮੇਂ ਸਭ ਵਲੋਂ ਮਿਲ ਕੇ ਪਰਮਾਤਮਾ ਅਗੇ ਕੀਤੀ ਗਈ ਅਰਦਾਸ ਪ੍ਰਵਾਨ ਹੋਈ ਲਗਦੀ ਸੀ। ਕਿਥੇ ਮਿਲੀ ਜਿਉਂਦਿਆਂ ਨੂੰ ਭਾਣਾ ਮੰਨਣ ਦੀ ਸ਼ਕਤੀ! ਮੈਨੂੰ ਤਾਂ ਮਿਲੀ ਹੀ ਨਹੀਂ ਸੀ। ਨਾ ਮਰਨ ਵਾਲੀ ਨੂੰ ਉਹਨੇ ਆਪਣੇ ਚਰਨਾਂ ਵਿਚ ਨਿਵਾਸ ਦਿੱਤਾ ਲਗਦਾ ਸੀ। ਨਹੀਂ ਤਾਂ ਮਾਂ ਮੇਰੇ ਸੁਫਨਿਆਂ ਵਿਚ ਮੁੜ-ਮੁੜ ਕਿਉਂ ਆਉਂਦੀ? 'ਜਨ ਕੀ ਅਰਦਾਸ' ਬਿਰਥੀ ਹੀ ਚਲੀ ਗਈ ਸੀ!

ਮੇਰਾ ਕੰਮ ਹੀ ਅਜਿਹਾ ਸੀ, ਪਤਾ ਨਹੀਂ ਕਦੋਂ ਕਿਥੇ ਜਾਣਾ ਪੈ ਜਾਵੇ। ਇਹ ਵੀ ਪਤਾ ਨਹੀਂ ਸੀ, ਕਿੰਨਾ ਚਿਰ ਘਰੋਂ ਬਾਹਰ ਬੀਤ ਜਾਵੇ। ਯੂਨੀਵਰਸਿਟੀ ਵਿਚ ਪੜ੍ਹਦਿਆਂ ਮੈਂ ਸਮਾਜਕ ਸਮਸਿਆਵਾਂ ਬਾਰੇ, ਲੋਕਾਂ ਦੀਆਂ ਮੁਸ਼ਕਿਲਾਂ ਬਾਰੇ ਲਿਖਣ ਲੱਗ ਪਿਆ ਸੀ। ਮੈਨੂੰ ਦੂਹਰੀ ਤਸੱਲੀ ਹੁੰਦੀ। ਸਾਧਾਰਨ ਜੀਵਨ ਨੂੰ ਮੈਂ ਹਾਕਮਾਂ ਤੇ ਪਾਠਕਾਂ ਦੀ ਨਜ਼ਰ ਵਿਚ ਲਿਆ ਰਿਹਾ ਸੀ ਅਤੇ ਆਮ ਵਿਦਿਆਰਥੀਆਂ ਦੇ ਉਲਟ ਮੇਰੀ ਪਛਾਣ ਬਣਦੀ ਜਾ ਰਹੀ ਸੀ। ਪੜ੍ਹਾਈ ਖਤਮ ਹੋਣ ਮਗਰੋਂ ਭਾਵੇਂ ਮੇਰੇ ਸਾਹਮਣੇ ਕਈ ਰਾਹ ਸਨ, ਪਰ ਲਿਖਣ ਦੀ ਆਪਣੀ ਚਾਹ ਅਤੇ ਕਲਮ ਦੇ ਪ੍ਰਭਾਵ ਤੋਂ ਪ੍ਰੇਰਿਤ ਹੋ ਕੇ ਮੈਂ ਪੱਤਰਕਾਰੀ ਵਿਚ ਦਾਖਲਾ ਲੈ ਲਿਆ।

ਸਬੱਬ ਅਜਿਹਾ ਬਣਿਆ ਕਿ ਇਧਰ ਮੇਰਾ ਕੋਰਸ ਪੂਰਾ ਹੋਇਆ, ਉਧਰ 'ਜਨਮੰਚ' ਅਖਬਾਰ ਦਾ ਸਾਡੇ ਜਿਲੇ ਦਾ ਪੱਤਰ ਪ੍ਰੇਰਕ ਕੰਮ ਤੋਂ ਹਟਾ ਦਿੱਤਾ ਗਿਆ। ਦੋਸ਼ ਸੀ ਕਿ ਉਹਨੇ ਆਪਣੀ ਕਲਮ ਨੂੰ ਪੈਸੇ ਹੂੰਝਣ ਦਾ ਵਸੀਲਾ ਬਣਾਇਆ ਹੋਇਆ ਸੀ। ਕਿਸੇ ਦੀ ਜੇਬ ਉਹ ਵਿਰੋਧ ਵਿਚ ਨਾ ਲਿਖਣ ਦੇ ਇਕਰਾਰ ਨਾਲ ਝਾੜ ਲੈਂਦਾ ਅਤੇ ਕਿਸੇ ਦੇ ਪੱਖ ਵਿਚ ਲਿਖ ਕੇ ਉਹਦੀ ਤਸੱਲੀ ਦਾ ਮੁੱਲ ਮੰਗ ਲੈਂਦਾ। ਨਵਾਂ ਪੱਤਰ ਪ੍ਰੇਰਕ ਰੱਖਣ ਸਮੇਂ ਪੱਤਰਕਾਰੀ ਦੀ ਡਿਗਰੀ ਦੇ ਨਾਲ ਨਾਲ ਮੇਰੀਆਂ ਅਖਬਾਰੀ ਲਿਖਤਾਂ ਦੀ ਫਾਈਲ ਵੀ ਬਹੁਤ ਕੰਮ ਆਈ।

ਘਰ ਵਾਲੇ ਮੇਰੇ ਕੰਮ ਨੂੰ ਚੌਵੀ ਘੰਟੇ ਦਾ ਝੰਜਟ ਆਖਦੇ। ਮੈਨੂੰ ਪਰ ਪੱਤਰਕਾਰੀ ਦੀ ਧੁਨ ਵਿਚ ਵੇਲੇ-ਕੁਵੇਲੇ ਕਿਧਰੇ ਵੀ ਜਾਣਾ ਔਖਾ ਨਾ ਲਗਦਾ। ਅੱਧੀ ਰਾਤ ਕਿਤੇ ਕੁਝ ਹੋ ਜਾਂਦਾ, ਮੈਂ ਸਕੂਟਰ ਕੱਢ ਲੈਂਦਾ। ਕੋਈ ਘਟਨਾ, ਦੁਰਘਟਨਾ, ਲੜਾਈ-ਝਗੜਾ, ਕੁਝ ਵੀ, ਕਿਤੇ ਵੀ, ਕਦੇ ਵੀ ਵਾਪਰ ਸਕਦਾ ਸੀ। ਉਹਦੀ ਤਹਿ ਤੱਕ ਜਾਣਾ ਮੇਰੇ ਲਈ ਅਖਬਾਰੀ ਫਰਜ਼ ਹੀ ਨਹੀਂ ਸੀ ਹੁੰਦਾ, ਸਮਾਜਕ ਜ਼ਿੰਮੇਵਾਰੀ ਵੀ ਹੁੰਦੀ।

ਮਾਂ ਦੇ ਚਲਾਣੇ ਨਾਲ ਜ਼ਰੂਰ ਪਹਿਲੀ ਵਾਰ ਅਹਿਸਾਸ ਹੋਇਆ ਕਿ ਅਤੇ-ਪਤੇ ਤੋਂ ਬਿਨਾ ਘਰੋਂ ਬਾਹਰ ਰਹਿਣਾ ਕਦੀ ਕਦੀ ਕਿੰਨਾ ਦੁਖਦਾਈ ਵੀ



ਹੋ ਸਕਦਾ ਹੈ। ਕੋਈ ਇਕ ਟਿਕਾਣਾ ਦੱਸੇ ਬਿਨਾ ਘਰੋਂ ਗਏ ਬੰਦੇ ਨੂੰ ਲੱਭਣ ਵਾਲੇ ਲੱਭਣ ਤਾਂ ਕਿਥੇ ਲੱਭਣ!

ਮਗਰੋਂ ਜੇਬੀ ਫੋਨ ਦਾ ਜੁੱਗ ਆਇਆ। ਦੇਖਦਿਆਂ ਹੀ ਦੇਖਦਿਆਂ ਉਹਦਾ ਪ੍ਰਵੇਸ਼ ਸਾਡੇ ਇਲਾਕੇ ਦੇ ਪਿੰਡਾਂ ਤੱਕ ਹੋ ਗਿਆ। ਮੇਰਾ ਪਛਤਾਵਾ ਤਾਂ ਵਧਣਾ ਹੀ ਹੋਇਆ। ਜੇ ਜੇਬੀ ਫੋਨ ਦੀ ਸਹੂਲਤ ਕੁਝ ਸਮਾਂ ਪਹਿਲਾਂ ਮੇਰੇ ਵਰਗਿਆਂ ਤੱਕ ਪੁਜਦੀ ਹੋ ਜਾਂਦੀ, ਮੈਂ ਕਿਤੇ ਵੀ ਹੁੰਦਾ, ਮਾਂ ਦੇ ਮੂੰਹ ਵਿਚ ਪਾਣੀ ਪਾਉਣ ਲਈ ਪਹੁੰਚ ਗਿਆ ਹੁੰਦਾ। ਮਾਂ ਬਿਰਧ ਤਾਂ ਹੋ ਹੀ ਚੁੱਕੀ ਸੀ। ਸਰੀਰ ਡੋਬੇ-ਸੋਕੇ ਰਹਿੰਦਾ। ਤਾਂ ਵੀ ਮੇਰੇ ਜਾਣ ਸਮੇਂ ਅਜਿਹਾ ਕੋਈ ਸੰਸਾ ਨਹੀਂ ਸੀ ਕਿ ਉਹ ਅਚਾਨਕ ਢਿੱਲੀ ਹੋ ਕੇ ਕਿਸੇ ਓਹੜ-ਪੋਹੜ ਤੋਂ ਪਹਿਲਾਂ ਹੀ ਤੁਰ ਜਾਵੇਗੀ। ਮੇਰੀ ਉਡੀਕ ਦਾ ਮੌਕਾ ਵੀ ਉਹਨੂੰ ਨਾ ਮਿਲਿਆ। ਜਦੋਂ ਮਾਂ ਨੇ ਆਖਿਆ ਸੀ, "ਛੋਟਿਆ, ਪੁੱਤਰ ਪਾਣੀ ਦੇ", ਮੈਂ ਹਾਜ਼ਰ ਹੁੰਦਾ ਤਾਂ ਮਾਂ ਦੀ ਰੂਹ ਤ੍ਰਿਪਤ ਹੋ ਜਾਂਦੀ। ਮਰਨ ਪਿਛੋਂ ਉਹਨੂੰ ਇਉਂ ਭਟਕਣਾ ਨਾ ਪੈਂਦਾ। ਤੇਹ ਨਾਲ ਬੇਹਾਲ ਉਹ ਮੇਰੇ ਸੁਫਨਿਆਂ ਵਿਚ ਆ ਆ ਕੇ ਪਾਣੀ ਨਾ ਮੰਗਦੀ।

ਕਈ ਲੋਕ ਆਖਦੇ, ਜੇ ਕਦੀ ਸੁਫਨੇ ਵਿਚ ਤੇਰੇ ਹੱਥੋਂ ਮਾਂ ਦੇ ਮੂੰਹ ਵਿਚ ਪਾਣੀ ਪੈ ਜਾਵੇ, ਉਹਦੀ ਤੇਹ ਤ੍ਰਿਪਤ ਹੋ ਜਾਵੇ। ਭਟਕ ਰਹੀ ਉਹਦੀ ਆਤਮਾ ਦੀ ਗਤੀ ਹੋ ਜਾਵੇ ਤਾਂ ਉਹ ਤੇਰੇ ਸੁਫਨਿਆਂ ਵਿਚ ਆਉਣੋਂ ਹਟ ਜਾਵੇ। ਪਰ ਮੇਰਾ ਸੁਫਨਾ ਤਾਂ ਸੁੱਕੇ ਬੁਲ੍ਹਾਂ ਉਤੇ ਜੀਭ ਫੇਰਦੀ ਮਾਂ ਦੇ ਟੁਟਦੇ ਬੋਲਾਂ, "ਛੋਟਿਆ ਪੁੱਤਰ ਪਾਣੀ ਦੇ" ਨਾਲ ਹੀ ਟੁੱਟ ਜਾਂਦਾ। ਸੁਫਨੇ ਨੂੰ ਹੋਰ ਲੰਮਾ ਕਰ ਲੈਣਾ ਅਤੇ ਮਾਂ ਦੇ ਬੋਲਾਂ ਨਾਲ ਜਾਗਣ ਦੀ ਥਾਂ ਸੁੱਤਾ ਰਹਿ ਕੇ ਤਿਹਾਈ ਮਾਂ ਨੂੰ ਪਾਣੀ ਪਿਆ ਦੇਣਾ ਮੇਰੇ ਵੱਸ ਵਿਚ ਤਾਂ ਨਹੀਂ ਸੀ। ਮਾਂ ਦੇ ਪਾਣੀ ਮੰਗਣ ਨਾਲ ਹੀ ਨੀਂਦ ਟੁੱਟ ਜਾਂਦੀ ਅਤੇ ਸੁਫਨਾ ਮੁੱਕ ਜਾਂਦਾ। ਮਾਂ ਨੂੰ ਪਾਣੀ ਪਿਆਉਣ ਦਾ ਮੌਕਾ ਕਿਥੋਂ ਮਿਲਦਾ!

ਕਈ ਲੋਕ ਸਲਾਹ ਦਿੰਦੇ, ਤੂੰ ਪਹੋਏ ਜਾ ਕੇ ਮਾਂ ਦੀ ਗਤੀ ਕਰਵਾ ਆ। ਮੈਨੂੰ ਪਰ ਅਜਿਹਾ ਸਭ ਕੁਛ ਅੰਧਵਿਸ਼ਵਾਸ ਅਤੇ ਤਰਕਹੀਣ ਲਗਦਾ। ਮੌਤ ਮਗਰੋਂ ਕੋਈ ਆਤਮਾ ਸਰੀਰ ਵਿਚੋਂ ਉਡਾਰੀ ਨਹੀਂ ਲਾਉਂਦੀ ਜੋ ਅਤ੍ਰਿਪਤੀ ਦੀ ਹਾਲਤ ਵਿਚ ਭਟਕਦੀ ਰਹੇ ਅਤੇ ਤ੍ਰਿਪਤੀ ਦੀ ਸੂਰਤ ਵਿਚ ਸ਼ਾਂਤ ਹੋ ਜਾਵੇ। ਮੈਂ ਸਮਝਦਾ, ਆਖਰੀ ਸਮੇਂ ਮਾਂ ਦੇ ਮੂੰਹ ਵਿਚ ਪਾਣੀ ਨਾ ਪਾ ਸਕਣ ਦਾ ਪਛਤਾਵਾ ਸੁਫਨਾ ਬਣ ਕੇ ਪ੍ਰਗਟ ਹੁੰਦਾ ਹੈ। ਇਸ ਵਿਚ ਗਤੀ-ਬੇਗਤੀ ਕਿਥੋਂ ਆ ਗਈ। ਤਾਂ ਵੀ ਕਈ ਵਾਰ ਮੈਂ ਦੁਬਿਧਾ ਵਿਚ ਪੈ ਜਾਂਦਾ। ਮੇਰੇ ਸੁਫਨਿਆਂ ਵਿਚ ਹੀ ਸਹੀ, ਮਾਂ ਆਖਰ ਭਟਕ ਤਾਂ ਰਹੀ ਸੀ। ਜੇ ਭਲਾ ਕਿਸੇ ਹੀਲੇ ਉਹਦੀ ਭਟਕਣ ਮੁੱਕ ਸਕੇ! ਜੇ ਭਲਾ ਕਿਸੇ ਰੀਤ-ਰਸਮ ਦੇ ਮਨੋਵਿਗਿਆਨਕ ਪ੍ਰਭਾਵ ਸਦਕਾ ਮੈਨੂੰ ਇਹ ਸੁਫਨਾ ਆਉਣਾ ਬੰਦ ਹੋ ਜਾਵੇ!

ਪਰ ਮਾਂ ਦੀ ਗਤੀ ਦਾ ਉਹ ਜੋ ਢੰਗ ਦਸਦੇ, ਉਹ ਮੈਨੂੰ ਹਾਸੋ ਹੀਣਾ ਲਗਦਾ, ਉਸ ਉਤੇ ਵਿਸ਼ਵਾਸ ਕਰਨਾ ਤਾਂ ਦੂਰ ਦੀ ਗੱਲ। ਮੈਂ ਆਪਣੀ ਨਜ਼ਰ ਨੂੰ ਆਪ ਹੀ ਮੂਰਖ ਲੱਗਣਾ ਸੀ। ਘਰੋਂ ਸਫਰ ਦੀ ਪੂਰੀ ਤਿਆਰੀ ਕਰ ਕੇ ਮਾਂ ਦੇ ਸਿਵੇ ਕੋਲ ਆਖਣਾ ਹੋਵੇਗਾ, ਮਾਂ ਚੱਲ ਉਠ, ਆਪਾਂ ਪਹੋਏ ਚੱਲੀਏ। ਸਕੂਟਰ ਦੀ ਪਿਛਲੀ ਸੀਟ ਝਾੜ-ਪੂੰਝ ਕੇ ਕਹਿਣਾ ਹੋਵੇਗਾ, ਬੈਠ ਮਾਂ ਠੀਕ ਹੋ ਕੇ। ਟੱਬਰ ਨੇ ਆਪੋ ਆਪਣੇ ਰਿਸ਼ਤੇ ਅਨੁਸਾਰ ਸੰਬੋਧਨ ਕਰਦਿਆਂ ਉਹਨੂੰ ਪ੍ਰਲੋਕ ਵਾਲੇ ਟਿਕਾਣੇ ਪਹੁੰਚਣ ਲਈ ਵਿਦਾਅ ਕਰਨਾ ਹੋਵੇਗਾ। ਸਟੇਸ਼ਨ ਕੋਲ ਸਕੂਟਰ ਖੜ੍ਹਾ ਕਰ ਕੇ ਮਾਂ ਨੂੰ ਉਤਰਨ ਲਈ ਕਹਿਣਾ ਹੋਵੇਗਾ। ਪਲੇਟਫਾਰਮ ਉਤੇ ਉਹਨੂੰ ਕਿਸੇ ਅਜਿਹੀ ਨਿਵੇਕਲੀ ਥਾਂ ਬਿਠਾਉਣਾ ਹੋਵੇਗਾ ਜਿਸ ਨੂੰ ਖਾਲੀ ਸਮਝ ਕੇ ਕਿਸੇ ਹੋਰ ਦੇ ਆ ਬੈਠਣ ਦੀ ਸੰਭਾਵਨਾ ਨਾ ਹੋਵੇ। ਟਿਕਟਾਂ ਦੋ ਲੈਣੀਆਂ ਹੋਣਗੀਆਂ, ਇਕ ਆਪਣੀ ਅਤੇ ਦੂਜੀ ਮਾਂ ਦੀ। ਗੱਡੀ ਆਈ ਤੋਂ ਆਵਾਜ਼ ਦੇਣੀ ਹੋਵੇਗੀ, ਆ ਮਾਂ, ਚੜ੍ਹੀਏ, ਗੱਡੀ ਆ ਗਈ।

ਉਹ ਦਸਦੇ, ਗੱਡੀ ਵਿਚ ਸੀਟ ਜੇ ਖਾਲੀ ਨਾ ਵੀ ਹੋਵੇ, ਕੋਈ ਮੁਸ਼ਕਿਲ ਨਹੀਂ ਆਵੇਗੀ। ਜਦੋਂ ਕਹੇਂਗਾ, ਮੈਂ ਮਾਂ ਨੂੰ ਲੈ ਕੇ ਪਹੋਏ ਚੱਲਿਆਂ, ਕੋਈ ਨਾ ਕੋਈ ਝੱਟ ਖੜ੍ਹਾ ਹੋ ਜਾਵੇਗਾ। ਇਸ ਰੀਤ ਬਾਰੇ ਸਭ ਜਾਣਦੇ ਹਨ। ਲੋਕ ਗਤੀ ਲਈ ਜਾਣ ਵਾਲਿਆਂ ਵਾਸਤੇ ਸੀਟ ਵਿਹਲੀ ਕਰਨ ਨੂੰ ਪੁੰਨ ਸਮਝਦੇ ਹਨ। ਗੱਡੀ ਤੋਂ ਉਤਰ ਕੇ ਉਹਨੂੰ ਇਉਂ ਹੀ ਨਾਲ ਨਾਲ ਤੋਰਦਿਆਂ ਸਟੇਸ਼ਨ ਤੋਂ ਪਹੋਏ ਤੱਕ ਲਿਜਾਣਾ ਹੋਵੇਗਾ। ਉਥੇ ਪੰਡਿਤ ਆਪੇ ਪੂਜਾ ਪਾਠ ਕਰ ਦੇਣਗੇ। ਪੂਜਾ ਦੀ ਸਮਾਪਤੀ ਮਗਰੋਂ ਮਾਂ ਸਭੇ ਰਿਸ਼ਤੇ ਤੋੜ ਕੇ ਉਥੇ ਰਹਿ ਜਾਵੇਗੀ, ਤੂੰ ਇਕੱਲਾ ਪਿੰਡ ਆ ਜਾਵੀਂ।

ਪੰਡਿਤ ਗੋਪਾਲ ਦਾਸ ਨੂੰ ਪਤਾ ਲੱਗਿਆ ਤਾਂ ਉਹਨੇ ਕਿਹਾ, "ਜੇ ਤੂੰ ਮਾਂ ਦੀ ਪੱਕੀ ਗਤੀ ਕਰਵਾਉਣੀ ਹੈ ਤਾਂ ਥੋੜਾ ਚਿਰ ਹੋਰ ਠਹਿਰ ਜਾ। ਚੇਤਰ ਦੀ ਚੌਦਸ ਨੂੰ ਪਹੋਏ ਦੇ ਫਲਗੂ ਤੀਰਥ ਜਾਈਂ! ਬੜਾ ਮਹਾਤਮ ਹੈ ਫਲਗੂ ਤੀਰਥ ਦਾ। ਗਤੀ ਲਈ ਪੁਰਾਤਨ ਕਾਲ ਤੋਂ ਗਯਾ ਜੀ ਨੂੰ ਪਵਿਤਰ ਸਥਾਨ ਮੰਨਿਆ ਜਾਂਦਾ ਸੀ। ਉਥੋਂ ਦੇ ਹੀ ਸਨ ਫਲਗੂ ਜੀ ਰਿਸ਼ੀ। ਸੀਤਾ ਮਾਤਾ ਨੇ ਵੀ ਸ੍ਰੀ ਰਾਮ ਜੀ ਦੀ ਆਗਿਆ ਨਾਲ ਪਿਤਾ ਜਨਕ ਦੀ ਗਤੀ ਗਯਾ ਜੀ ਪਹੁੰਚ ਕੇ ਹੀ ਕਰਵਾਈ ਸੀ। ਫਲਗੂ ਰਿਸ਼ੀ ਪਹੋਏ ਵਿਆਹੇ ਹੋਏ ਸਨ। ਇਕ ਵਾਰ ਪਹੋਏ ਦੇ ਲੋਕਾਂ ਨੇ ਉਨ੍ਹਾਂ ਨੂੰ ਗਯਾ ਜੀ ਪਹੁੰਚਣ ਵਿਚ ਆਉਂਦੀਆਂ ਦੁਸ਼ਵਾਰੀਆਂ ਬਾਰੇ ਦੱਸਿਆ। ਲੰਮੇ-ਬਿਖੜੇ ਪੰਧ ਤੇ ਸ਼ੇਰ-ਬਘੇਰਿਆਂ ਵਾਲੇ ਜੰਗਲ-ਬੇਲੇ। ਫਲਗੂ ਰਿਸ਼ੀ ਕੁਛ ਪਲ ਧਿਆਨ ਵਿਚ ਗਏ ਤੇ ਫੇਰ ਅੱਖਾਂ ਖੋਲ੍ਹ ਕੇ ਬਚਨ ਕੀਤਾ, ਠੀਕ ਹੈ, ਮੈਂ ਹਰ ਵਾਰ ਚੇਤਰ ਦੀ ਚੌਦਸ ਨੂੰ ਪਹੋਏ ਆਪ ਆਇਆ ਕਰਾਂਗਾ ਤੇ ਇਥੋਂ ਦੀ ਗਤੀ ਦਾ ਗਯਾ ਜੀ ਜਿੰਨਾ ਹੀ ਮਹਾਤਮ ਹੋਵੇਗਾ। ਪਹੋਏ ਦਾ ਫਲਗੂ ਤੀਰਥ ਉਨ੍ਹਾਂ ਨਮਿਤ ਹੀ ਹੈ। ਵੈਸੇ ਤਾਂ ਉਥੇ ਕਰਵਾਈ ਗਤੀ ਸਾਰਾ ਸਾਲ ਹੀ ਸੰਪੂਰਨ ਮੰਨੀ ਜਾਂਦੀ ਹੈ, ਪਰ ਚੇਤਰ ਦੀ ਚੌਦਸ ਨੂੰ ਹੋਈ ਗਤੀ ਮਗਰੋਂ ਪ੍ਰਾਣੀ ਨੂੰ ਸਵਰਗ ਦੇ ਦੁਆਰ ਖੁੱਲ੍ਹੇ ਮਿਲਦੇ ਹਨ। ਤੂੰ ਚੇਤਰ ਦੀ ਚੌਦਸ ਨੂੰ ਹੀ ਜਾਈਂ!

ਚਿੱਤ ਵਿਚ ਆਇਆ, ਪੰਡਿਤ ਜੀ ਨੂੰ ਪੁੱਛਾਂ, ਸਵਰਗ ਦੇ ਦੁਆਰ ਤਾਂ ਉਨ੍ਹਾਂ ਲੋਕਾਂ ਨੂੰ ਵੀ ਖੁੱਲ੍ਹੇ ਮਿਲਦੇ ਦਸਦੇ ਹਨ, ਜੋ ਅੰਮ੍ਰਿਤ ਵੇਲੇ ਪੂਰੇ ਹੁੰਦੇ ਹਨ। ਮਾਂ ਦੀ ਜੀਵਨ-ਲੀਲ੍ਹਾ ਵੀ ਅੰਮ੍ਰਿਤ ਵੇਲੇ ਸਮਾਪਤ ਹੋਈ। ਤਾਂ ਫੇਰ ਉਹਨੂੰ ਸਵਰਗ ਦੇ ਦੁਆਰ ਖੁੱਲ੍ਹੇ ਕਿਉਂ ਨਾ ਮਿਲੇ? ਉਹਨੂੰ ਗਤੀ ਦੀ ਲੋੜ ਕਿਉਂ ਦੱਸੀ ਜਾਂਦੀ ਹੈ? ਪਰ ਮਾਂ ਨੂੰ ਲੈ ਕੇ ਮੈਂ ਕਿਸੇ ਬਹਿਸਬਾਜ਼ੀ ਵਿਚ ਪੈਣਾ ਨਹੀਂ ਸੀ ਚਾਹੁੰਦਾ। ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ।

ਚੇਤਰ ਦੀ ਚੌਦਸ ਅਜੇ ਦੂਰ ਸੀ। ਪਰ ਜਦੋਂ ਉਹ ਆਈ ਵੀ, ਪਤਾ ਨਹੀਂ ਪ੍ਰੇਸ਼ਾਨੀ ਦੇ ਬਾਵਜੂਦ ਆਪਣੇ ਮਨ ਨੂੰ ਉਥੇ ਜਾਣ ਲਈ ਮਨਾ ਵੀ ਸਕਾਂਗਾ ਕਿ ਨਹੀਂ।

ਇਕ ਦਿਨ ਅਚਾਨਕ ਨੇੜੇ ਦੇ ਕਸਬੇ ਵਿਚ ਝਗੜਾ ਹੋ ਗਿਆ। ਕੋਈ ਮੁਸਲਮਾਨ ਅੱਲ੍ਹਾ ਨੂੰ ਪਿਆਰਾ ਹੋ ਗਿਆ ਸੀ। ਉਹਨੂੰ ਪੁਰਾਣੇ ਕਬਰਿਸਤਾਨ ਵਿਚ ਦਫਨਾਉਣ ਦੀ ਤਿਆਰੀ ਹੋਣ ਲਗੀ ਤਾਂ ਗੈਰ-ਮੁਸਲਮਾਨਾਂ ਨੇ ਅੜਿੱਕਾ ਡਾਹ ਦਿਤਾ। ਉਨ੍ਹਾਂ ਦਾ ਕਹਿਣਾ ਸੀ, ਇਹ ਥਾਂ ਪੁਰਾਣੇ ਵੇਲਿਆਂ ਤੋਂ ਗਊਸ਼ਾਲਾ ਦੀ ਸੰਪੱਤੀ ਹੈ, ਜਿਸ ਨੂੰ ਕਬਰਾਂ ਲਈ ਹਥਿਆ ਲਿਆ ਗਿਆ। ਉਨ੍ਹਾਂ ਦਾ ਦੋ-ਟੁੱਕ ਫੁਰਮਾਨ ਸੀ, ਅੱਗੇ ਤੋਂ ਗਊ ਮਾਤਾ ਦੀ ਪਵਿਤਰ ਭੂਮੀ ਉਤੇ ਉਹ ਇਕ ਵੀ ਮੁਰਦਾ ਦਫਨਾਉਣ ਨਹੀਂ ਦੇਣਗੇ।

ਦੇਸ਼ ਵਿਚ ਧਰਮਾਂ ਵਿਚਕਾਰ ਪਾੜਾ ਵਧ ਰਿਹਾ ਸੀ। ਫਿਰਕੂ ਮਾਹੌਲ ਦੀ ਤਣਾ-ਤਣੀ ਸੰਘਣੀ ਹੁੰਦੀ ਜਾਂਦੀ ਸੀ। ਧਰਮਾਂ ਵਿਚਕਾਰ ਖਾਈ ਡੂੰਘੀ ਹੁੰਦੇ ਜਾਣ ਨਾਲ ਕਈ ਸ਼ਕਤੀਆਂ ਨੂੰ ਲਾਭ ਪੁਜਦਾ ਸੀ। 'ਧਾਰਮਿਕ ਸਦਭਾਵ' ਦੇ ਨਾਂ ਉਤੇ ਮੁਸਲਮਾਨਾਂ ਨੂੰ ਮੁਰਦਾ ਨੇੜਲੇ ਸ਼ਹਿਰ ਦੇ ਕਬਰਿਸਤਾਨ ਵਿਚ ਦਫਨਾਉਣ ਦੀ ਸਲਾਹ ਦਿੱਤੀ ਜਾ ਰਹੀ ਸੀ। ਕਰੋਧ ਵਿਚ ਆਏ ਮੁਸਲਮਾਨਾਂ ਨੇ ਆਪਣਾ ਹੱਕ ਜਤਾਉਣਾ ਚਾਹਿਆ ਪਰ ਛੇਤੀ ਹੀ ਹਾਲਾਤ ਨੇ ਕਰੋਧ ਨੂੰ ਬੇਵਸੀ ਵਿਚ ਬਦਲ ਦਿੱਤਾ। ਉਨ੍ਹਾਂ ਨੂੰ ਸਬਕ ਸਿਖਾਉਣ ਲਈ ਰਾਤ ਨੂੰ ਹਮਲਾ ਹੋਣ ਦੀਆਂ ਸਲਾਹਾਂ ਦੀ ਅਫਵਾਹ ਫੈਲੀ ਤਾਂ ਮੁਸਲਮਾਨ ਮੁਰਦਾ ਲੈ ਕੇ ਸ਼ਹਿਰ ਹੀ ਨਾ ਗਏ ਸਗੋਂ ਘਰਾਂ ਨੂੰ ਜਿੰਦੇ ਲਾ ਕੇ ਬੀਵੀਆਂ-ਬੱਚਿਆਂ ਨੂੰ ਵੀ ਨਾਲ ਹੀ ਲੈ ਗਏ। ਜਿਨ੍ਹਾਂ ਦਾ ਉਥੇ ਕੋਈ ਆਪਣਾ ਨਹੀਂ ਸੀ, ਉਨ੍ਹਾਂ ਨੇ ਸ਼ਹਿਰ ਦੀ ਮਸੀਤ ਵਿਚ ਪਨਾਹ ਲੈ ਲਈ।

ਕੈਮਰਾ ਮੋਢੇ ਪਾ ਕੇ ਮੈਂ ਸਕੂਟਰ ਤੋਰ ਲਿਆ। ਧਿਆਨ ਇਸ ਝਗੜੇ ਤੋਂ ਤੁਰਦਾ ਮਾਂ ਤੱਕ ਪੁੱਜ ਗਿਆ। ਉਹ ਜਦੋਂ ਕਿਸੇ ਦੰਗੇ-ਫਸਾਦ ਬਾਰੇ ਸੁਣਦੀ, ਸਦਾ ਇਹੋ ਆਖਦੀ, ਰੱਬ ਨੇ ਤਾਂ ਬੰਦੇ ਇਕੋ ਸਾਂਚੇ ਵਿਚ ਢਾਲੇ ਨੇ, ਇਹ ਆਪੇ ਹਿੰਦੂ, ਸਿੱਖ ਤੇ ਮੁਸਲਮਾਨ ਬਣ ਬੈਠੇ। ਉਹ ਪੜ੍ਹੀ-ਲਿਖੀ ਤਾਂ ਬਹੁਤੀ ਨਹੀਂ ਸੀ ਪਰ ਗੱਲਾਂ ਗਿਆਨੀਆਂ ਵਾਲੀਆਂ ਕਰਦੀ। ਆਖਦੀ, ਜਿਹੜਾ ਕੋਈ ਹੁਣ ਆਪਣੇ ਧਰਮ ਲਈ ਮਰਨ-ਮਾਰਨ ਨੂੰ ਤਿਆਰ ਫਿਰਦਾ ਹੈ, ਜੇ ਦੂਜੇ ਧਰਮ ਵਾਲੇ ਮਾਪਿਆਂ ਦੇ ਘਰ ਜੰਮ ਪੈਂਦਾ, ਉਹਦੇ ਲਈ ਮਰਦਾ-ਮਾਰਦਾ ਫਿਰਦਾ। ਉਹ ਹਉਕਾ ਲੈ ਕੇ ਨਿਬੇੜਾ ਕਰਦੀ, ਧਰਮ ਦਾ ਨਾਂ ਲੈ ਕੇ ਅਧਰਮ ਕਮਾਉਂਦੇ ਨੇ, ਪਾਪੀ ਕਿਸੇ ਥਾਂ ਦੇ!

ਮਾਂ ਦੇ ਮੂੰਹੋਂ ਅਜਿਹੀਆਂ ਗੱਲਾਂ ਸੁਣ ਕੇ ਹੈਰਾਨੀ ਹੁੰਦੀ। ਦੇਸ ਦੀ ਵੰਡ ਵੇਲੇ ਜੋ ਆਦਮ-ਦਾਹੀ ਭਾਂਬੜ ਬਲੇ ਸਨ, ਉਨ੍ਹਾਂ ਦਾ ਸੇਕ ਮਾਂ ਨੂੰ ਵੀ ਲੱਗਾ ਸੀ। ਨਾਨਾ-ਨਾਨੀ ਭਾਵੇਂ ਬੱਚਿਆਂ ਸਮੇਤ ਸਹੀ ਸਲਾਮਤ ਇਧਰ ਆ ਗਏ ਸਨ ਪਰ ਆਏ ਖਾਲੀ ਹੱਥ ਅਤੇ ਭਰੇ ਹੋਏ ਮਨ ਨਾਲ ਸਨ। ਆਪਣਿਆਂ ਦੀ ਦਰਦਨਾਕ ਮੌਤ ਵੀ ਦੇਖਣੀ-ਸੁਣਨੀ ਪਈ ਅਤੇ ਸਭ ਜ਼ਮੀਨ-ਜਾਇਦਾਦ ਵੀ ਉਧਰੇ ਛੱਡਣੀ ਪਈ। ਉਖੜੀਆਂ-ਕੱਟੀਆਂ ਜੜ੍ਹਾਂ 'ਪਰਾਏ ਦੇਸ' ਵਿਚ ਨਵੇਂ ਸਿਰਿਉਂ ਲਾਉਣੀਆਂ

*(ਅਗਲੇ ਸਫੇ 'ਤੇ ਜਾਰੀ)*

# ਚੌਕੀਦਾਰ ਚੌਕਸ ਨਹੀਂ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਗੱਲ ਮੋਦੀ ਵਲੋਂ ਆਪਣੇ ਆਪ ਨੂੰ ਦੇਸ਼ ਦਾ ਚੌਕੀਦਾਰ ਕਹੇ ਜਾਣ ਤੋਂ ਸ਼ੁਰੂ ਹੋਈ ਸੀ। ਭਾਰਤ ਵਿਚ ਅੱਜ ਕਲ੍ਹ ਚੋਣਾਂ ਦੇ ਦਿਨ ਹਨ ਤੇ ਹਰ ਪਾਸੇ ਚੌਕੀਦਾਰ ਦਾ ਹੀ ਬੋਲਬਾਲਾ ਹੈ। ਚਾਏਵਾਲਾ ਦੇ ਨਾਲ ਨਾਲ ਚੌਕੀਦਾਰ ਦੇ ਭਾਗ ਵੀ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਸਾਰ ਹੀ ਜਾਗ ਪਏ ਸਨ। ਵਿਚ ਜਿਹੇ ਪਕੌੜੇ ਬਣਾਉਣ ਵਾਲਿਆਂ ਦੀ ਵੀ ਗੁੱਡੀ ਉਚੀ ਹੋਈ ਸੀ। ਮੋਦੀ ਦੀ ਸਾਡੀਆਂ ਭਾਸ਼ਾਵਾਂ ਨੂੰ ਬਹੁਤ ਦੇਣ ਹੈ। ਇਸ ਨੇ ਸਾਡੀ ਭਾਸ਼ਾਈ ਸਮੱਗਰੀ ਨੂੰ ਅਜਿਹਾ ਹੁਲਾਰਾ ਦਿੱਤਾ ਹੈ ਕਿ ਇਸ ਨੂੰ ਜਮੀਨ ਤੋਂ ਉਠਾ ਕੇ ਅਸਮਾਨ ਦੀਆਂ ਬੁਲੰਦੀਆਂ ਤੱਕ ਪਹੁੰਚਾ ਦਿੱਤਾ ਹੈ।

ਖੈਰ, ਅਸੀਂ ਮੋਦੀ ਦੀ ਭਾਸ਼ਾਈ ਦੇਣ ਬਾਰੇ ਬਥੇਰਾ ਲਿਖ ਚੁਕੇ ਹਾਂ। ਚੌਕੀਦਾਰ ਦੀ ਗੱਲ ਤੋਰੀਏ। ਇਹ ਤਾਂ ਹੋਰ ਕੋਈ ਦੱਸ ਦੇਵੇਗਾ ਕਿ ਇਹ ਸ਼ਬਦ ਚੌਕੀ+ਦਾਰ ਤੋਂ ਬਣਿਆ ਹੈ। ਦਾਰ ਪਿਛੇਤਰ ਕਿਸੇ ਸ਼ਬਦ ਦੇ ਪਿਛੇ ਲੱਗ ਕੇ 'ਰੱਖਣ ਵਾਲਾ, ਮਾਲਕ, ਸਵਾਮੀ, ਧਾਰਕ' ਆਦਿ ਜਿਹੇ ਅਰਥ ਦਿੰਦਾ ਹੈ, ਜਿਵੇਂ ਪਹਿਰੇਦਾਰ ਪਹਿਰਾ ਦੇਣ ਵਾਲਾ, ਜਿਮੀਂਦਾਰ ਜਮੀਨ ਦਾ ਮਾਲਕ ਆਦਿ। ਸੋ, ਚੌਕੀਦਾਰ ਦਾ ਮਤਲਬ ਚੌਕੀ ਦਾ ਮਾਲਕ, ਕਰਤਾ ਧਰਤਾ ਆਦਿ ਹੈ। ਦੇਖਣ ਵਾਲੀ ਗੱਲ ਹੈ ਕਿ ਚੌਕੀ ਕੀ ਚੀਜ਼ ਹੈ। ਇਥੇ ਸਾਡੇ ਸਾਹਮਣੇ ਮੋਟੇ ਤੌਰ 'ਤੇ ਤਿੰਨ ਸਬੰਧਤ ਸ਼ਬਦ ਆਉਂਦੇ ਹਨ: ਚੌਕ, ਚੌਕਾ, ਚੌਕੀ ਅਤੇ ਇਨ੍ਹਾਂ ਤਿੰਨਾਂ ਸ਼ਬਦਾਂ ਵਿਚ 'ਚਾਰ' ਦਾ ਭਾਵ ਸਮਾਇਆ ਹੋਇਆ ਹੈ, ਜਿਸ ਦੀ ਵਿਆਖਿਆ ਬਾਅਦ ਵਿਚ ਕਰਾਂਗੇ। ਚੌਕ ਮੁਢਲੇ ਤੌਰ 'ਤੇ ਉਹ ਥਾਂ ਹੈ, ਜਿਥੇ ਚਾਰ ਰਾਹ ਮਿਲਦੇ ਹਨ। ਇਸ ਨੂੰ ਚੁਰਾਹਾ ਜਾਂ ਚੁਰਸਤਾ ਵੀ ਕਿਹਾ ਜਾਂਦਾ ਹੈ, ਪਰ ਚੁਰਾਹਾ/ਚੁਰਸਤਾ ਸ਼ਬਦਾਂ ਦਾ ਬਹੁਤਾ ਅਰਥ ਵਿਸਤਾਰ ਨਹੀਂ ਹੋਇਆ। ਜਿਥੇ ਚਾਰ ਰਾਹ ਮਿਲਦੇ ਹੋਣ, ਉਹ ਰੌਣਕ ਵਾਲਾ, ਖੁੱਲ੍ਹਾ ਡੁੱਲ੍ਹਾ ਥਾਂ ਹੈ, ਉਹ ਕਿਸੇ ਸ਼ਹਿਰ ਦਾ ਗਭ ਵੀ ਹੋ ਸਕਦਾ ਹੈ। ਇਥੇ ਹੱਟ ਬਾਜ਼ਾਰ ਹੁੰਦੇ ਹਨ, ਕਿਉਂਕਿ ਚੌਹਾਂ ਦਿਸ਼ਾਵਾਂ ਤੋਂ ਲੋਕ ਆਏ ਹੁੰਦੇ ਹਨ। ਹਾਸ਼ਮ ਸ਼ਾਹ ਦੀ ਸੱਸੀ ਵਿਚ ਸ਼ਹਿਰ ਭੰਬੋਰ ਦੇ ਚੌਕ ਦੇ ਦਰਸ਼ਨ ਕਰ ਲਵੋ,

ਨਹਿਰਾਂ ਹੌਜ਼, ਫੱਵਾਰੇ ਬਰਸਣ,
ਹਰ ਹਰ ਚੌਕ ਬਹਾਰਾਂ।
ਹਾਸ਼ਮ ਸ਼ੋਰ ਜਨਾਵਰ ਕਰਦੇ,
ਮੋਰ ਚਕੋਰ ਹਜ਼ਾਰਾਂ।

ਚੌਕ ਵਿਚ ਹੌਲੀ ਹੌਲੀ ਕੋਈ ਨਵਾਂ ਕਸਬਾ ਆਦਿ ਵੀ ਵਿਕਸਿਤ ਹੋ ਸਕਦਾ ਹੈ। ਆਵਾਜਾਈ ਸੁਰੱਖਿਅਤ ਬਣਾਉਣ ਲਈ ਚੌਕ ਦੇ ਗਭ ਨੂੰ ਗੋਲ ਕਰ ਲਿਆ ਜਾਂਦਾ ਹੈ, ਇਸ ਲਈ ਇਸ ਗੱਭ ਨੂੰ ਵੀ ਚੌਕ ਹੀ ਕਿਹਾ ਜਾਂਦਾ ਹੈ। ਕਈ ਸ਼ਹਿਰਾਂ ਵਿਚ ਅਜਿਹੇ ਚੌਕਾਂ ਦਾ ਨਾਂ ਹੀ ਗੋਲ ਚੌਕ ਹੈ। ਦਿੱਲੀ ਦਾ ਚਾਂਦਨੀ ਚੌਕ ਮੁਗਲਾਂ ਦੇ ਵੇਲੇ ਸਭ ਤੋਂ ਵਧ ਰੌਣਕੀਲਾ, ਖੁੱਲ੍ਹਾ ਤੇ ਦੁਕਾਨਾਂ ਨਾਲ ਭਰਿਆ ਹੁੰਦਾ ਸੀ। ਇਹ ਚੌਕ ਸ਼ਾਹ ਜਹਾਨ ਵੇਲੇ ਬਣਾਇਆ ਗਿਆ ਸੀ ਤੇ ਇਸ ਦਾ ਖਾਕਾ ਉਸ ਦੀ ਧੀ ਜਹਾਂਆਰਾ ਨੇ ਉਲੀਕਿਆ ਸੀ। ਉਸ ਵੇਲੇ ਚੰਦ ਦੀ ਰੋਸ਼ਨੀ ਪ੍ਰਤਿਬਿੰਬਤ ਕਰਨ ਲਈ ਇਸ ਦੇ ਵਿਚਕਾਰੋਂ ਨਹਿਰਾਂ ਲੰਘਾਈਆਂ ਗਈਆਂ ਸਨ। ਇਸ ਲਈ ਇਸ ਨੂੰ 'ਚਾਂਦਨੀ ਚੌਕ' ਕਿਹਾ ਜਾਂਦਾ ਹੈ। ਸਬੱਬ ਹੈ ਕਿ ਚਾਨਣੇ ਪੱਖ ਵਿਚ ਭਾਦੋਂ ਦੇ ਚੌਥੇ ਨੂੰ ਮਨਾਏ ਜਾਂਦੇ ਇਕ ਉਤਸਵ ਨੂੰ ਚੌਕ-ਚਾਂਦਨੀ ਕਿਹਾ ਜਾਂਦਾ ਹੈ। ਪਾਕਿਸਤਾਨ ਦੇ ਇੱਕ ਸ਼ਹਿਰ ਦਾ ਨਾਂ ਚੌਕ ਆਜ਼ਮ ਹੈ; ਪੰਜਾਬ ਵਿਚ ਮਹਿਤਾ ਚੌਕ ਇਤਿਹਾਸਕ ਮਹੱਤਤਾ ਧਾਰਨ ਕਰ ਚੁਕਾ ਹੈ। ਸ਼ਹਿਰ ਦੇ ਕੇਂਦਰੀ ਸਥਾਨ 'ਤੇ ਸਥਿਤ ਹੋਣ ਕਾਰਨ ਚੌਕ ਵੇਸਵਾਵਾਂ ਦਾ ਅੱਡਾ ਵੀ ਹੁੰਦਾ ਹੈ। ਇਸ ਲਈ ਵੇਸਵਾਗਿਰੀ ਦੇ ਧੰਦੇ ਨੂੰ 'ਚੌਕ ਵਿਚ ਬੈਠਣਾ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਚੌਕ ਵਿਚ ਸ਼ੱਰੇਆਮ ਦਾ ਭਾਵ ਵੀ ਆ ਗਿਆ, ਜਿਵੇਂ ਕੋਈ ਕਹੇਗਾ, 'ਮੈਂ ਚੌਕ 'ਚ ਖੜ੍ਹ ਕੇ ਤੇਰੇ ਪਰਦੇ ਫਾਸ਼ ਕਰਾਂਗਾ।' ਚੌਰਸ ਦੀ ਸ਼ਕਲ ਹੋਣ ਕਾਰਨ ਬਿਸਾਤੀ ਨੂੰ ਚੌਕ ਵੀ ਕਹਿ ਦਿੱਤਾ ਜਾਂਦਾ ਹੈ।



ਘਰ ਦੇ ਵਿਹੜੇ ਲਈ ਵੀ ਚੌਕ ਸ਼ਬਦ ਵਰਤਿਆ ਜਾਂਦਾ ਹੈ। ਦੇਵਤਿਆਂ ਆਦਿ ਦੀ ਪੂਜਾ ਲਈ ਕਿਸੇ ਮੰਗਲ ਅਵਸਰ ਤੇ ਘਰ ਆਦਿ ਵਿਚ ਚੋਕੋਰ ਸ਼ਕਲ ਦੇ ਭਰੇ ਰੰਗ ਬਰੰਗੇ ਖਾਨੇ ਨੂੰ ਵੀ ਚੌਕ ਕਿਹਾ ਜਾਂਦਾ ਹੈ। ਕਈ ਹਿੰਦੂਆਂ ਦੇ ਵਿਆਹਾਂ ਸਮੇਂ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਚੌਕ ਬਣਾਏ ਜਾਂਦੇ ਹਨ। ਲਾੜਾ ਲਾੜੀ ਇਸ ਦੁਆਲੇ ਬੈਠਦੇ ਹਨ। ਚੌਕ ਦਾ ਖਾਨਾ ਬਣਾਉਣ ਨੂੰ ਚੌਕ ਭਰਨਾ ਜਾਂ ਪੂਰਨਾ ਕਿਹਾ ਜਾਂਦਾ ਹੈ। ਸਿਰ ਦੇ ਇੱਕ ਗਹਿਣੇ ਦਾ ਨਾਂ ਚੌਕ ਹੈ, ਇਸ ਨੂੰ ਚੋਟੀ ਫੂੱਲ ਵੀ ਆਖਦੇ ਹਨ। ਚੌਕ ਸ਼ਬਦ ਫਾਰਸੀ ਵਿਚ ਵੀ ਗਿਆ ਤੇ ਉਥੋਂ ਅਰਬੀ ਵਿਚ ਸੂਕ ਵਜੋਂ ਦਾਖਲ ਹੋ ਕੇ ਮੁੜ ਇਸ ਰੂਪ ਵਿਚ ਫਾਰਸੀ ਵਿਚ ਆ ਗਿਆ। ਫਾਰਸੀ 'ਚਹਾਰ ਸੁੱਕ' ਸ਼ਬਦ-ਜੁੱਟ ਮਾਰਕਿਟ, ਬਾਜ਼ਾਰ, ਮੰਡੀ ਦਾ ਸੂਚਕ ਹੈ। ਇਸ ਸ਼ਬਦ ਵਿਚ ਚਾਰ ਦੇ ਭਾਵ ਦੀ ਦੂਹਰ ਪੈ ਗਈ ਹੈ! ਅੰਗਰੇਜ਼ੀ Carfax ਦਾ ਮੁਢਲਾ ਅਰਥ ਚੌਕ ਹੀ ਹੈ, ਪਰ ਅੱਜ ਇਸ ਨੂੰ ਕਿਸੇ ਖਰੀਦੀ ਜਾਂ ਵੇਚੀ ਜਾ ਰਹੀ ਕਾਰ ਦੇ ਇਤਿਹਾਸ ਵਜੋਂ ਜਾਣਿਆ ਜਾਂਦਾ ਹੈ। ਅੰਗਰੇਜ਼ੀ Square ਵੀ ਚੌਕ ਹੀ ਹੁੰਦਾ ਹੈ।

ਪੰਜਾਬੀ ਵਿਚ ਮੁੱਖ ਤੌਰ 'ਤੇ ਕੱਚੇ ਘਰਾਂ ਵਿਚ ਚੁਫੇਰਿਓਂ ਘੇਰੇ ਉਸ ਸਥਾਨ ਨੂੰ ਚੌਕਾ ਕਿਹਾ ਜਾਂਦਾ ਹੈ, ਜਿੱਥੇ ਰੋਟੀ-ਟੁੱਕ ਕੀਤਾ ਜਾਂਦਾ ਤੇ ਖਾਧਾ ਜਾਂਦਾ ਹੈ। ਘਰ ਦੀਆਂ ਸੁਆਣੀਆਂ ਇਸ ਨੂੰ ਲਿਪ ਪੋਚ ਕੇ ਤੇ ਸ਼ਿੰਗਾਰ ਕੇ ਰੱਖਦੀਆਂ ਹਨ। ਇਹ ਥਾਂ ਸੁੱਚਾ ਮੰਨਿਆ ਜਾਂਦਾ ਹੈ, 'ਮੈਲਾ ਚਉਕਾ ਮੈਲੈ ਥਾਇ' (ਗੁਰੂ ਅਮਰ ਦਾਸ); 'ਗੋਬਰੁ ਜੂਠਾ ਚਉਕਾ ਜੂਠਾ' (ਭਗਤ ਕਬੀਰ)। ਕਿਸੇ ਸਥਾਨ ਨੂੰ ਪੂਜਾ ਕਰਨ ਦੇ ਇਰਾਦੇ ਨਾਲ ਲਿੱਪ ਪੋਚ ਕੇ ਤੇ ਆਟੇ ਆਦਿ ਰੇਖਾਵਾਂ ਵਿਚ ਘੇਰੇ ਆਕਾਰ ਨੂੰ ਚੌਕਾ ਕਿਹਾ ਜਾਂਦਾ ਹੈ। ਗੁਰੂ ਨਾਨਕ ਨੇ ਪੁਜਾਰੀਆਂ ਦੇ ਅਜਿਹੇ ਪਖੰਡ ਦਾ ਪਰਦਾ ਫਾਸ਼ ਕੀਤਾ ਸੀ, 'ਦੇਕੈ ਚਉਕਾ ਕਢੀ ਕਾਰ॥ ਉਪਰ ਆਇ ਬੈਠੇ ਕੂੜਿਆਰ॥' ਅਤੇ 'ਚਉਕਾ ਦੇ ਕੈ ਸੁਚਾ ਹੋਇ॥ ਐਸਾ ਹਿੰਦੂ ਵੇਖਹੁ ਕੋਇ॥' ਉਂਜ ਕਿਸੇ ਵੀ ਚਾਰ ਚੀਜ਼ਾਂ ਦੇ ਸਮੂਹ ਨੂੰ ਵੀ ਚੌਕਾ ਕਿਹਾ ਜਾਂਦਾ ਹੈ, ਤਾਸ਼ ਦੇ ਚਾਰ ਬੂਟੀਆਂ ਵਾਲਾ ਪੱਤਾ ਵੀ ਤੇ ਕ੍ਰਿਕਟ ਵਿਚ ਇਕੱਠੇ ਲਏ ਚਾਰ ਰੰਨ ਵੀ ਚੌਕਾ ਕਹਾਉਂਦੇ ਹਨ।

ਬੈਠਣ ਲਈ ਅਤੇ ਭਾਂਡੇ ਆਦਿ ਟਿਕਾਉਣ ਲਈ ਵਰਤੇ ਜਾਂਦੇ ਲੱਕੜੀ ਦੇ ਢਾਂਚੇ ਅਤੇ ਪਟੜੇ ਨੂੰ ਚੌਂਕੀ ਆਖਿਆ ਜਾਂਦਾ ਹੈ। ਸਪੱਸ਼ਟ ਹੈ ਕਿ ਚਾਰ ਸਿਰਿਆਂ ਜਾਂ ਪਾਵਿਆਂ ਵਾਲੇ ਹੋਣ ਕਰਕੇ ਇਸ ਫਰਨੀਚਰ ਦੇ ਟੁਕੜੇ ਦਾ ਇਹ ਨਾਂ ਪਿਆ। ਚੌਂਕੀ ਦਾ ਇੱਕ ਅਰਥ ਪੜਾਅ ਜਾਂ ਠਹਿਰਨ ਦੀ ਥਾਂ ਜਾਂ ਅੱਡਾ, ਟਿਕਾਣਾ ਹੈ। ਜਾਪਦਾ ਹੈ, ਚੌਂਕੀ ਸ਼ਬਦ ਵਿਚ ਬੈਠਣ ਦੇ ਭਾਵ ਤੋਂ ਪੜਾਅ, ਠਹਿਰਾਅ ਦੇ ਭਾਵ ਜੁੜੇ। ਧਰਮ ਕਰਮ ਵਿਚ ਚੌਂਕੀਆਂ ਦਾ ਆਪਣਾ ਮਹੱਤਵ ਹੈ।

ਦੁਆਬੇ ਵਿਚ ਚੌਂਕੀਆਂ ਦਾ ਮੇਲਾ ਲੱਗਦਾ ਹੈ, ਜੋ ਪਾਕਿਸਤਾਨ ਤੋਂ ਚੱਲ ਕੇ ਪੰਜਾਬ ਵੱਲ ਆਉਂਦਾ ਹੈ ਤੇ ਹਰ ਰੋਜ਼ ਇਕ ਪਿੰਡ ਵਿਚ ਪੜਾਅ ਕਰਦਾ ਹੈ। ਬਾਬੇ ਮਾਲੜੀ ਵਾਲੇ ਦੇ ਸ਼ਰਧਾਲੂ ਚੌਂਕੀਆਂ ਭਰਨ ਆਉਂਦੇ ਹਨ। ਇੱਕ ਪ੍ਰਥਾ ਹੈ, ਜਿਸ ਅਨੁਸਾਰ ਦਰਬਾਰ ਸਾਹਿਬ ਵਿਚ ਚਾਰ ਵਾਰੀ ਚੌਂਕੀਆਂ ਦਾ ਅਨੁਸ਼ਠਾਨ ਸੰਪਨ ਕੀਤਾ ਜਾਂਦਾ ਹੈ। ਇਹ ਹਰਿਮੰਦਰ ਸਾਹਿਬ ਵਿਚ ਪ੍ਰਭਾਤ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਜਾਣ ਤੋਂ ਲੈ ਕੇ ਰਾਤ ਨੌਂ-ਦਸ ਵਜੇ ਤੱਕ ਨਿਭਾਈਆਂ ਜਾਂਦੀਆਂ ਹਨ। ਇਸ ਦੌਰਾਨ ਭਜਨ ਮੰਡਲੀਆਂ ਗੁਰੂ ਗ੍ਰੰਥ ਸਾਹਿਬ ਵਿਚੋਂ ਅਲੱਗ ਅਲੱਗ ਸ਼ਬਦਾਂ ਦਾ ਕੀਰਤਨ ਕਰਦੀਆਂ ਹਨ। ਦੱਸਿਆ ਜਾਂਦਾ ਹੈ ਕਿ ਇਹ ਵਿਧਾਨ ਖੁਦ ਗੁਰੂ ਅਰਜਨ ਦੇਵ ਨੇ ਸ਼ੁਰੂ ਕੀਤਾ ਸੀ। ਮਾਤਾ ਦੇ ਜਗਰਾਤੇ ਵੇਲੇ ਵੀ ਚੌਂਕੀਆਂ ਭਰੀਆਂ ਜਾਂਦੀਆਂ ਹਨ ਤੇ ਕੀਰਤਨ ਹੁੰਦਾ ਹੈ।

ਚੌਂਕੀ ਦਾ ਇੱਕ ਅਰਥ ਪਹਿਰਾ ਜਾਂ ਰਖਵਾਲੀ ਵੀ ਹੈ, ਜਿਵੇਂ ਗੁਰੂ ਸਾਹਿਬ ਦੇ ਇਨ੍ਹਾਂ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ, 'ਗੁਰ ਕਾ ਸਬਦੁ ਰਖਵਾਰੇ॥ ਚਉਕੀ ਚਉਗਿਰਦ ਹਮਾਰੇ॥' ਇਉਂ ਲਗਦਾ ਹੈ ਕਿ ਚੌਕ ਦੀ ਰਾਖੀ ਲਈ ਬਣਾਏ ਸਥਾਨ ਅਤੇ ਫਿਰ ਉਸ ਵਿਚ ਬਿਠਾਏ ਰਖਵਾਲਿਆਂ ਜਾਂ ਸਿਪਾਹੀਆਂ ਅਤੇ ਅੰਤ ਵਿਚ ਇਸ ਪੂਰੀ ਕਾਰਵਾਈ ਅਰਥਾਤ ਪਹਿਰੇਦਾਰੀ ਨੂੰ ਚੌਂਕੀ ਕਿਹਾ ਗਿਆ। ਇਸ ਚੌਕੀ ਦੇ ਅੱਗੇ ਫਾਰਸੀ ਪਿਛੇਤਰ 'ਦਾਰ' ਲੱਗ ਕੇ ਚੌਕੀਦਾਰ ਬਣਿਆ। ਇਹ ਸ਼ਬਦ ਮੁਗਲਾਂ ਦੇ ਜ਼ਮਾਨੇ, ਜਦੋਂ ਫਾਰਸੀ ਪ੍ਰਧਾਨ ਸੀ, ਘੜਿਆ ਗਿਆ। ਖਬਰਦਾਰੀ ਲਈ ਸਰਹੱਦ 'ਤੇ ਬਿਠਾਈ ਗਈ ਫੌਜ ਦੀ ਛੋਟੀ ਟੁਕੜੀ ਜਾਂ ਅਸਥਾਈ ਛੋਟੇ ਥਾਣੇ ਨੂੰ ਵੀ ਚੌਕੀ ਕਿਹਾ ਜਾਣ ਲੱਗਾ। ਫਿਰ ਪਿੰਡਾਂ, ਕਸਬਿਆਂ, ਸ਼ਹਿਰਾਂ ਅਤੇ ਹੋਰ ਵਿਅਕਤੀਗਤ ਘਰਾਂ ਜਾਇਦਾਦਾਂ ਦੀ ਰਾਖੀ ਕਰਨ ਵਾਲੇ ਪਹਿਰੇਦਾਰ ਨੂੰ ਚੌਕੀਦਾਰ ਕਿਹਾ ਜਾਣ ਲੱਗਾ।

ਇਥੇ ਧਿਆਨ ਦੇਣ ਵਾਲੀ ਗੱਲ ਹੈ ਕਿ ਕੁਝ ਸੂਤਰਾਂ ਅਨੁਸਾਰ ਚੌਕੀ ਸ਼ਬਦ ਚੌਕਸ ਨਾਲ ਸਬੰਧਤ ਹੈ ਅਤੇ ਚੌਕਸ ਸ਼ਬਦ ਨੂੰ ਚੌ+ਕੱਸ ਤੋਂ ਬਣਿਆ ਦੱਸਿਆ ਗਿਆ ਹੈ, ਜਿਸ ਦਾ ਭਾਵ ਹੈ, ਜੋ ਚਾਰੇ ਪਾਸੇ ਆਪਣੇ ਆਪ ਨੂੰ ਕੱਸ ਕੇ ਅਰਥਾਤ ਖਬਰਦਾਰ ਰੱਖਦਾ ਹੈ। ਪਰ ਚੌਕਸ/ਚੌਕਸੀ ਸ਼ਬਦ ਸੰਸਕ੍ਰਿਤ ਮੂਲ 'ਚਕਸ਼' ਨਾਲ ਸਬੰਧਤ ਹੈ, ਜਿਸ ਵਿਚ ਦੇਖਣ, ਧਿਆਨ ਦੇਣ ਦਾ ਭਾਵ ਹੈ। ਚੱਖਣਾ ਸ਼ਬਦ ਇਸੇ ਤੋਂ ਬਣਿਆ ਹੈ। 'ਮਹਾਨ ਕੋਸ਼' ਨੇ ਚੌਕੀ ਦਾ ਮੂਲ ਅਰਥ 'ਚਾਰ ਪਹਿਰੇਦਾਰਾਂ ਦੀ ਟੋਲੀ' ਦੱਸਿਆ ਹੈ, ਜੋ ਸਹੀ ਨਹੀਂ ਹੈ।



ਚੌਕ ਸ਼ਬਦ ਸੰਸਕ੍ਰਿਤ 'ਚਤੁਸ਼ਕੰ' ਤੋਂ ਵਿਉਤਪਤ ਹੋਇਆ ਹੈ, ਜਿਸ ਕਰਕੇ ਚੌਕ ਆਦਿ ਸ਼ਬਦ ਵਿਚ ਚੌਂਕ ਵਜੋਂ ਲਿਖੇ-ਬੋਲੇ ਜਾਣ ਦੀ ਅਨੁਨਾਸਿਕਤਾ ਸਮਝ ਪੈਂਦੀ ਹੈ। ਸੰਸਕ੍ਰਿਤ ਵਿਚ ਇਸ ਦੇ ਅਰਥ ਚਾਰ ਦਾ ਸਮੂਹ; (ਮਹਿਮਾਨਾਂ ਲਈ) ਚੌਕੋਰ ਵਿਹੜਾ; ਚੌਕ, ਚੁਰਾਹਾ: ਚਾਰ ਲੜੀਆਂ ਵਾਲਾ ਹਾਰ; ਚਾਰ ਪਾਸਿਆਂ ਵਾਲਾ ਛੱਪੜ; ਚੌਕੀ, ਪਟੜਾ: ਚਾਰ ਥੰਮੀਆਂ ਵਾਲਾ ਕਮਰਾ; ਮੱਛਰਦਾਨੀ ਆਦਿ ਹੈ। ਚਤੁਸ਼ਕੰ ਅੱਗੇ ਚਤੁਸ਼ ਤੋਂ ਬਣਿਆ, ਜਿਸ ਵਿਚ ਚਾਰ ਦਾ ਭਾਵ ਹੈ। ਇਸ ਦੇ ਹੋਰ ਪਿਛੇ ਚਤੁਰ ਸ਼ਬਦ ਹੈ, ਜਿਸ ਦਾ ਅਰਥ ਚਾਰ ਹੈ। ਸਾਡੀਆਂ ਭਾਸ਼ਾਵਾਂ ਵਿਚ ਇਸ ਤੋਂ ਬਣੇ ਬੇਸ਼ੁਮਾਰ ਸ਼ਬਦ ਹਨ। ਇਹ ਸ਼ਬਦ ਭਾਰੋਪੀ ਖਾਸੇ ਦਾ ਹੈ, ਇਸ ਬਾਰੇ ਹੋਰ ਚਰਚਾ ਹੁੰਦੀ ਰਹੇਗੀ। ਹਾਲ ਦੀ ਘੜੀ ਏਨਾ ਦੱਸਣਾ ਕਾਫੀ ਹੈ ਕਿ ਪੰਜਾਬੀ ਚਾਰ, ਫਾਰਸੀ ਚਹਾਰ ਅਤੇ ਅੰਗਰੇਜ਼ੀ ਫੋਰ ਇਸ ਦੇ ਸਕੇ ਹਨ।

###

# ਗਤੀ

*(ਪਿਛਲੇ ਸਫੇ ਦੀ ਬਾਕੀ)*

ਅਸੰਭਵ ਲਗਦੀਆਂ ਸਨ। ਇਹ ਸਭ ਏਨਾ ਦਿਲ-ਚੀਰਵਾਂ ਸੀ ਕਿ ਮਾਂ ਪਰਤਵੀਂ ਝਾਤ ਪਾਉਣ ਤੋਂ ਸੰਕੋਚ ਕਰਦੀ। ਜੇ ਕਦੀ ਉਸ ਸਮੇਂ ਵੱਲ ਪਰਤਣਾ ਪੈਂਦਾ, ਉਹ ਪੀੜ-ਪੀੜ ਹੋ ਜਾਂਦੀ ਅਤੇ ਸੁਣਨ ਵਾਲੇ ਦਾ ਹਿਰਦਾ ਕੰਬ ਜਾਂਦਾ।

ਤਾਂ ਵੀ ਮਾਂ ਦੀਆਂ ਗੱਲਾਂ ਵਿਚ ਨਫਰਤ ਦੀ ਕੋਈ ਭਾਹ ਨਾ ਦੇਖ ਕੇ ਹੈਰਾਨੀ ਹੁੰਦੀ। ਉਨ੍ਹਾਂ ਨੂੰ ਕਿਹੋ ਜਿਹੇ ਦਿਨਾਂ ਵਿਚੋਂ ਦੀ ਲੰਘਣਾ ਪਿਆ ਸੀ ਕਿ ਸਾਡਾ ਦਰਦ ਉਹ ਦਿਨ ਦਿਖਾਉਣ ਵਾਲਿਆਂ ਲਈ ਨਫਰਤ ਵਿਚ ਵਟਣ ਲਗਦਾ। ਮਾਂ ਆਖਦੀ, ਨਫਰਤ ਬੰਦੇ ਨੂੰ ਜਾਨਵਰ ਬਣਾ ਦਿੰਦੀ ਹੈ। ਉਹ ਸਮਝਾਉਂਦੀ, ਕਿਸੇ ਹੋਰ ਲਈ ਨਫਰਤ ਕਿਸੇ ਹੋਰ ਦੀ ਝੋਲੀ ਕਾਹਤੋਂ ਪਾਉਣੀ ਹੋਈ, ਸਾਨੂੰ ਬਚਾਉਣ ਵਾਲੇ ਵੀ ਤਾਂ ਮੁਸਲਮਾਨ ਹੀ ਸਨ, ਬੱਚਿਉ! ਉਹ ਸਾਡੇ ਮਨਾਂ ਨੂੰ ਇਹ ਆਖ ਕੇ ਸੰਤੁਲਿਤ ਕਰਨ ਦਾ ਯਤਨ ਕਰਦੀ, ਐਧਰ ਵਾਲਿਆਂ ਨੇ ਵੀ ਕੋਈ ਘੱਟ ਨਹੀਂ ਸੀ ਕੀਤੀ। ਮੈਂ ਚੁੱਪ ਰਹਿੰਦਾ। ਅਚੇਤ ਹੀ ਪਰ ਮਾਂ ਦੀਆਂ ਦੱਸੀਆਂ ਗੱਲਾਂ ਅੱਖੀਂ ਦੇਖੀਆਂ ਆਤੰਕੀ ਘਟਨਾਵਾਂ ਨਾਲ ਜੁੜਨ ਲਗਦੀਆਂ। ਪ੍ਰੇਸ਼ਾਨੀ ਵਧਣ ਲਗਦੀ ਤਾਂ ਮਾਂ ਦੀ ਸੂਝ ਅਤੇ ਸੋਚ ਹੀ ਠੰਢਾ ਛਿੜਕਣ ਦਾ ਕੰਮ ਕਰਦੀ।

ਨਾਲੋ-ਨਾਲ ਬਣੇ ਮੰਦਿਰ ਤੇ ਗੁਰਦੁਆਰੇ ਦੇ ਸਾਹਮਣੇ ਲੋਕ ਜੁੜੇ ਖਲੋਤੇ ਸਨ। ਮੇਰੇ ਚੇਤੇ ਵਿਚ ਉਹ ਅਣ-ਦੇਖੀਆਂ ਭੀੜਾਂ ਉਭਰੀਆਂ ਜੋ ਮਾਂ ਦੀਆਂ ਗੱਲਾਂ ਵਿਚ ਸੁਣੀਆਂ ਸਨ। ਸ਼ੁਭਚਿੰਤਕ ਮੁਸਲਮਾਨਾਂ ਦੇ ਘੇਰੇ ਵਿਚਕਾਰ ਘਰ ਤੋਂ ਹਿੰਦੂ-ਸਿੱਖ ਕੈਂਪ ਵੱਲ ਜਾਂਦਿਆਂ ਰਾਹ ਵਿਚ ਉਨ੍ਹਾਂ ਨੂੰ ਅਜਿਹੀਆਂ ਹੀ ਭੀੜਾਂ ਕੋਲੋਂ ਲੰਘਣਾ ਪਿਆ ਸੀ। ਭੀੜਾਂ ਵਿਚੋਂ ਲੋਕ ਇਨ੍ਹਾਂ ਦੇ ਰਾਖੇ ਮੁਸਲਮਾਨਾਂ ਨੂੰ ਕੌਮ ਦੇ ਗੱਦਾਰ ਆਖ ਕੇ ਚਿੜਾਉਂਦੇ ਸਨ ਅਤੇ ਦੁਸ਼ਮਣਾਂ ਦੇ ਰਖਵਾਲੇ ਹੋਣ ਦੇ ਮਿਹਣੇ ਮਾਰਦੇ ਸਨ।

ਮੁਸਲਮਾਨਾਂ ਵਾਲੇ ਪਾਸੇ ਸੁੰਨ ਵਰਤੀ ਪਈ ਸੀ। ਉਹ ਉਹੋ ਜਿਹਾ ਉਜਾੜਾ ਸੀ, ਜਿਹੋ ਜਿਹਾ ਮੁਹੱਲੇ ਵਿਚੋਂ ਨਿੱਕਲਣ ਸਮੇਂ ਮਾਂ ਸਮੇਤ ਸਾਰਿਆਂ ਨੇ ਨਜ਼ਰਾਂ ਪਿਛੇ ਮੋੜ ਕੇ ਦੇਖਿਆ ਸੀ।

ਸੁੰਨੇ ਮੁਸਲਮਾਨ-ਮੁਹੱਲੇ ਦੇ ਬਾਹਰ ਬੱਸ ਚਾਰ ਕੁ ਪੁਲਸੀਏ ਡਾਂਗਾਂ ਫੜੀ ਖਲੋਤੇ ਸਨ।

ਮੈਨੂੰ ਦੇਖ ਕੇ ਮੁਸਕਰਾਏ, "ਆ ਗਏ ਜਨਾਬ ਵੀ!"

"ਦੇਖੋ ਜੀ, ਸਾਡੇ ਅਖਬਾਰ ਨੂੰ ਤਾਂ ਜਾਣਦੇ ਹੀ ਹੋ, ਅਸੀਂ ਤਾਂ ਹਮੇਸ਼ਾ ਠੰਢਾ ਹੀ ਛਿੜਕਦੇ ਹਾਂ।"

ਮੈਂ ਵੀ ਮੁਸਕਰਾਉਣ ਦਾ ਯਤਨ ਕੀਤਾ, "ਆਪਣੀਆਂ ਅੱਖਾਂ ਨਾਲ ਦੇਖਾਂਗੇ ਤਾਂ ਲੋਕਾਂ ਨੂੰ ਦੱਸਾਂਗੇ ਕਿ ਕੋਈ ਵੱਡਾ ਝਗੜਾ ਨਹੀਂ। ਇਹ ਵੀ ਲਿਖਾਂਗੇ ਕਿ ਭਰਮ-ਭੁਲੇਖੇ ਕਾਰਨ ਸ਼ਹਿਰ ਚਲੇ ਗਏ ਮੁਸਲਮਾਨ ਭਰਾਵਾਂ ਨੂੰ ਮੋੜ ਲਿਆਉਣ ਦੀਆਂ ਸਲਾਹਾਂ ਹੋ ਰਹੀਆਂ ਨੇ ਤੇ ਉਨ੍ਹਾਂ ਦੇ ਘਰ-ਘਾਟ ਪੁਲਿਸ ਦੀ ਨਜ਼ਰ ਹੇਠ ਬਿਲਕੁਲ ਸੁਰਖਿਅਤ ਨੇ।" ਮੈਂ ਦਾਅ ਖੇਡਿਆ, "ਪੁਲਿਸ ਦਾ ਬੰਦੋਬਸਤ ਦਿਖਾਉਣ ਲਈ ਪਹਿਲਾਂ ਤੁਹਾਡੀ ਤਸਵੀਰ ਤਾਂ ਲੈ ਲਵਾਂ।"

ਉਹ ਡਾਂਗਾਂ ਅਗੇ ਕਰ ਕੇ ਸਾਵਧਾਨ ਖਲੋ ਗਏ।

ਮਾਹੌਲ ਠੀਕ ਬਣਿਆ ਦੇਖ ਕੇ ਮੈਂ ਪੁੱਛਣ ਨਾਲੋਂ ਬਹੁਤਾ ਜਿਵੇਂ ਉਨ੍ਹਾਂ ਨੂੰ ਦੱਸਿਆ ਹੋਵੇ, "ਸੁਰਖਿਅਤ ਮੁਸਲਮਾਨ ਘਰਾਂ ਦੀਆਂ ਕੁਛ ਤਸਵੀਰਾਂ ਵੀ ਲੈ ਆਵਾਂ।"

ਬੰਦ ਘਰਾਂ ਦੇ ਬੂਹਿਆਂ ਉਤੇ ਤਾਲੇ ਲਟਕ ਰਹੇ ਸਨ। ਗਲੀ ਦਾ ਮੋੜ ਮੁੜ ਕੇ ਦੇਖਿਆ, ਇਕ ਘਰ ਦਾ ਕੇਵਲ ਕੁੰਡਾ ਹੀ ਬੰਦ ਸੀ। ਸ਼ਾਇਦ ਭੱਜ-ਭਜਾਈ ਵਿਚ ਕਿਸੇ ਨੂੰ ਤਾਲਾ ਲੱਭਣ-ਲਾਉਣ ਦਾ ਸਮਾਂ ਨਹੀਂ ਸੀ ਮਿਲਿਆ। ਜਾਂ ਹੋ ਸਕਦਾ ਹੈ, ਦੂਰ-ਨੇੜੇ ਅਕਸਰ ਹੀ ਹੁੰਦੇ ਰਹਿੰਦੇ ਦੰਗਿਆਂ ਦੇ ਅਨੁਭਵ ਤੋਂ ਉਹਨੇ ਸੋਚਿਆ ਹੋਵੇ, ਲੁੱਟਣ ਵਾਲੇ ਆਏ ਤਾਂ ਤਾਲੇ ਨੇ ਕਿਹੜਾ ਉਨ੍ਹਾਂ ਦੇ ਹੱਥ ਫੜ ਲੈਣੇ ਨੇ।

ਮੈਂ ਬੂਹੇ ਕੋਲ ਰੁਕ ਗਿਆ। ਘਰ ਛਡਦਿਆਂ ਉਨ੍ਹਾਂ ਦੇ ਦਿਲ ਉਤੇ ਉਹੋ ਬੀਤੀ ਹੋਵੇਗੀ, ਜੋ ਮਾਂ ਦੇ ਪਰਿਵਾਰ ਦੇ ਦਿਲ ਉਤੇ ਘਰ ਛਡਦਿਆਂ ਬੀਤੀ ਸੀ। ਖੁੱਲ੍ਹੇ ਘਰ ਵਿਚ ਉਹ ਭਲਾ ਕੀ ਕੁਝ ਛੱਡ ਗਏ ਹੋਣਗੇ? ਮੈਂ ਇਧਰ-ਉਧਰ ਦੇਖਿਆ, ਕੋਈ ਨਹੀਂ ਸੀ ਦੇਖ ਰਿਹਾ। ਕੁੰਡਾ ਖੋਲ੍ਹ ਕੇ ਅੰਦਰ ਲੰਘਦਿਆਂ ਮੈਂ ਪਿਛੇ ਬੂਹਾ ਬੰਦ ਕਰ ਦਿੱਤਾ।

ਖੱਬੇ ਪਾਸੇ ਵਾਲੀ ਕੋਠੜੀ ਵਿਚੋਂ ਨਿਰਬਲ ਜਿਹੀ ਆਵਾਜ਼ ਆਈ, "ਆ ਗਿਆਂ ਬਸ਼ੀਰਿਆ, ਪੁੱਤਰ ਪਾਣੀ ਦੇ।"

ਮੰਜੀ ਉਤੇ ਇਕ ਬਿਰਧ ਮਾਈ ਪਈ ਸੀ। ਉਹਨੇ ਬਾਹਰਲੇ ਬੂਹੇ ਦੀ ਆਵਾਜ਼ ਅਤੇ ਮੇਰੀ ਪੈੜਚਾਲ ਸੁਣ ਲਈ ਸੀ।

ਮੇਰੇ ਮੂੰਹੋਂ ਆਪਣੇ-ਆਪ ਨਿੱਕਲਿਆ, "ਹਾਂ ਮਾਂ, ਮੈਂ ਆ ਗਿਆਂ!"

ਮਾਈ ਨੇ ਸੁੱਕੇ ਬੁੱਲ੍ਹਾਂ ਉਤੇ ਜੀਭ ਫੇਰਨ ਦਾ ਯਤਨ ਕੀਤਾ ਅਤੇ ਡੁਬਦੀ ਆਵਾਜ਼ ਵਿਚ ਬੋਲੀ, "ਪੁੱਤਰ ਪਾਣੀ ਦੇ।"

ਸਰ੍ਹਾਣੇ ਵੱਲ ਬੈਠਦਿਆਂ ਉਹਦਾ ਸਿਰ ਚੁੱਕ ਕੇ ਮੈਂ ਆਪਣੇ ਪੱਟ ਉਤੇ ਟਿਕਾ ਲਿਆ ਅਤੇ ਪਾਣੀ ਦਾ ਗਲਾਸ ਮੂੰਹ ਨੂੰ ਲਾ ਦਿੱਤਾ। ਪਾਣੀ ਅੰਦਰ ਲੰਘਣ ਦੀ ਥਾਂ ਸਾਰੇ ਦਾ ਸਾਰਾ ਖਾਖ ਵਿਚੋਂ ਬਾਹਰ ਡੁੱਲ੍ਹ ਗਿਆ। ਨਿਰਜਿੰਦ ਧੌਣ ਢਿੱਲੀ ਪੈ ਗਈ ਅਤੇ ਸਿਰ ਮੁੜ ਕੇ ਮੇਰੀ ਬੁੱਕਲ ਵਿਚ ਟਿਕ ਗਿਆ।

ਧੁਰ ਅੰਦਰੋਂ ਮੇਰੀ ਭੁੱਬ ਨਿਕਲੀ, "ਮਾਂ!"

ਮੇਰੇ ਹੰਝੂਆਂ ਦੀਆਂ ਧਾਰਾਂ ਉਹਦੇ ਬੁਲ੍ਹਾਂ ਉਤੇ ਚੋਣ ਲੱਗੀਆਂ।

ਉਸ ਪਿਛੋਂ ਮੈਨੂੰ ਕਦੀ ਤਿਹਾਈ ਮਾਂ ਦਾ ਸੁਫਨਾ ਨਹੀਂ ਆਇਆ!

## ਲਤੀਫਾ

### *ਮਿਕਸੀ*

ਇਕ ਪਤੀ ਨੂੰ ਆਪਣੀ ਪਤਨੀ ਦੇ ਚਾਲ-ਚਲਨ 'ਤੇ ਕੁਝ ਸ਼ੱਕ ਸੀ। ਇਸ ਲਈ ਉਹ ਆਪਣੇ ਦਫਤਰ ਜਾ ਕੇ ਦੋ-ਤਿੰਨ ਵਾਰ ਵੱਖ-ਵੱਖ ਸਮੇਂ 'ਤੇ ਫੋਨ ਕਰਕੇ ਪੁੱਛਦਾ, "ਭਾਗਵਾਨੇ ਘਰ ਹੀ ਏਂ?" ਅੱਗੋਂ ਪਤਨੀ ਆਖਦੀ, "ਹਾਂ ਜੀ।" ਪਤੀ ਆਖਦਾ, "ਚੰਗਾ ਮਿਕਸੀ ਚਲਾ ਤਾਂ ਕਿ ਮੈਂ ਮਿਕਸੀ ਦੀ ਆਵਾਜ਼ ਸੁਣ ਸਕਾਂ।" ਪਤਨੀ ਤੁਰੰਤ ਮਿਕਸੀ ਚਲਾ ਕੇ ਆਖਦੀ, "ਸੁਣ ਲਓ ਜੀ, ਮਿਕਸੀ ਦੀ ਆਵਾਜ਼।"

ਇਸੇ ਤਰ੍ਹਾਂ ਕਰਦਿਆਂ ਕਾਫੀ ਸਮਾਂ ਸੁੱਖ-ਸਵੀਲੀ ਲੰਘਦਾ ਗਿਆ। ਇਕ ਦਿਨ ਪਤੀ ਦੀ ਤਬੀਅਤ ਖਰਾਬ ਹੋ ਗਈ ਅਤੇ ਉਹ 12 ਕੁ ਵਜੇ ਹੀ ਘਰ ਆ ਗਿਆ ਤਾਂ ਵੇਖਿਆ ਕਿ ਪਤਨੀ ਘਰ ਨਹੀਂ ਹੈ। ਉਸ ਨੇ ਘਰ ਦੇ ਨੌਕਰ ਤੋਂ ਪੁੱਛਿਆ, "ਓ ਰਾਮੂੰ, ਤੇਰੀ ਬੀਬੀ ਜੀ ਕਹਾਂ ਹੈ?" ਰਾਮੂੰ ਨੇ ਕਿਹਾ, "ਵੁਹ ਤੋ ਰੋਜ਼ ਹੀ 11 ਕੁ ਵਜੇ ਮਿਕਸੀ ਲੇ ਕਰ ਕਹੀਂ ਚਲੀ ਜਾਤੀ ਹੈ ਔਰ ਸ਼ਾਮ ਕੋ 4 ਕੁ ਵਜੇ ਵਾਪਸ ਆਤੀ ਹੈ।"

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

ੴ ਸਤਿਗੁਰ ਪ੍ਰਸਾਦਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

# ਡਾ. ਮਨਬੀਰ ਸਿੰਘ ਅਤੇ ਪਰਿਵਾਰ ਵਲੋਂ

# ਖਾਲਸੇ ਦੇ ਸਾਜਨਾ ਪੁਰਬ ਅਤੇ ਵਿਸਾਖੀ ਦੀ

# ਲੱਖ ਲੱਖ ਵਧਾਈ ਹੋਵੇ






ਬੇਕਰਜ਼ਫੀਲਡ ਇਲਾਕੇ ਵਿਚ ਪਿਛਲੇ 30 ਸਾਲਾਂ ਤੋਂ ਤੁਹਾਡੀ ਸੇਵਾ 'ਚ ਅਸੀਂ ਸਾਰੇ ਹੀ ਫਿਜ਼ੀਕਲ ਇਗਜ਼ਾਮ ਕਰਦੇ ਹਾਂ ਜਿਵੇਂ ਖੇਡਾਂ, ਟਰੱਕ ਡਰਾਈਵਰਾਂ ਦਾ ਫਿਜ਼ੀਕਲ, ਇਮੀਗ੍ਰੇਸ਼ਨ ਵੀਜ਼ਾ ਆਦਿ।

**ਹਫਤੇ ਦੇ 6 ਦਿਨ ਤੁਹਾਡੀ ਸੇਵਾ ਵਿਚ**

***Dedicated to all the Medical, Immigration, Citizenship, Truck Drivers Physical and related needs at both the locations.***

ਸਾਡੀ ਪੈਰਾਲੀਗਲ ਟੀਮ ਨੋਟਰੀ ਪਬਲਿਕ ਵੀਜ਼ਾ, ਪਾਸਪੋਰਟ, ਸਿਟੀਜ਼ਨਸ਼ਿਪ ਦੀਆਂ ਲੋੜਾਂ ਪੂਰੀਆਂ ਕਰਦੀ ਹੈ।

**ਅਸੀਂ ਪੰਜਾਬੀ ਬੋਲਦੇ ਹਾਂ**

## Dr. Manbir Singh
**MD. FACP**

SINGH MEDICAL CLINIC



**Mc Farland Location**
733, 3rd Street, Mc Farland CA 93250
Tel : 661.792.3097
Fax : 661.792.3095

**Bakersfield Location**
3905 Hughes Ln, Suite E1, Bakersfield CA 93304
Tel : 661.827.1033
Fax : 661.827.1138




# ਖਾਲਸਾ ਸਾਜਨਾ ਦਿਵਸ ਦੀ ਸਮੂਹ ਸੰਗਤ ਨੂੰ
# ਕੋਟਾਨਿ-ਕੋਟਿ ਵਧਾਈ

1699 ਦੀ ਵਿਸਾਖੀ ਮੌਕੇ ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਜਾਤ-ਪਾਤ ਦਾ ਭਿੰਨ-ਭੇਦ ਹੀ ਨਹੀਂ ਮਿਟਾਇਆ, ਸਗੋਂ ਇਕ-ਇਕ ਸਿੰਘ ਨੂੰ ਸਵਾ-ਸਵਾ ਲੱਖ ਨਾਲ ਲੜਨ ਦਾ ਬੱਲ ਵੀ ਬਖਸ਼ਿਆ।

ਸਿੰਘ ਸਜੋ ਗੁਰੂ ਵਾਲੇ ਬਣੋ।

ਵਲੋਂ:

ਸੁਖਦੇਵ ਸਿੰਘ ਬੈਣੀਵਾਲ, ਸੈਨ ਹੋਜ਼ੇ, ਕੈਲੀਫੋਰਨੀਆ

ਫੋਨ: 408-421-9463

ੴ ਸਤਿਗੁਰ ਪ੍ਰਸਾਦਿ

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

# ਸਮੂਹ ਪੰਜਾਬੀ ਭਾਈਚਾਰੇ ਨੂੰ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

# ਲੱਖ-ਲੱਖ ਵਧਾਈ



ਸ. ਪ੍ਰੀਤਮ ਸਿੰਘ ਗਰੇਵਾਲ ਅਤੇ ਦੇਵ ਗਰੇਵਾਲ

ਵਲੋਂ

## ਪ੍ਰੀਤਮ ਸਿੰਘ ਗਰੇਵਾਲ
## ਦੇਵ ਗਰੇਵਾਲ
## ਤੇ ਸਮੂਹ ਪਰਿਵਾਰ

## Grewal Enterprises

**San Jose, CA**


**Ph:408-406-0703**

# A & I Transport Inc.


123 E Lee Rd Watsonville, CA Ph: 831-763-7805

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਖਾਲਸਾ ਜੀ ਦੇ ਸਾਜਨਾ ਦਿਹਾੜੇ ਅਤੇ ਵਿਸਾਖੀ ਦੀ


# ਲੱਖ ਲੱਖ ਵਧਾਈ ਹੋਵੇ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ: 831-763-7805**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

- ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
- 28 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**

